ਉਨੀਵਾਂ ਸਾਲ

# ਪਰਦੇਸ ਟਾਇਮਜ਼

ਮਾਂ ਬੋਲੀ ਨੂੰ ਸਮਰਪਿਤ

www.pardestimes.com

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 19 | No. 466 | February 7, 2025 | E-mail : info@pardestimes.com | Ph 510-938-7771

## ਮੈਕਸੀਕੋ ਟਰੰਪ ਅੱਗੇ ਝੁਕਿਆ

ਲਾਸ ਏਂਜਲਸ- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੈਕਸੀਕੋ 'ਤੇ ਲਗਾਏ ਗਏ ਟੈਰਿਫ ਨੂੰ ਇਕ ਮਹੀਨੇ ਲਈ ਰੋਕ ਦਿੱਤਾ ਹੈ। ਟਰੰਪ ਨੇ ਇਹ ਫੈਸਲਾ ਮੈਕਸੀਕੋ ਦੀ ਉੱਤਰੀ ਸਰਹੱਦ ਨੂੰ ਮਜ਼ਬੂਤ ਕਰਨ ਅਤੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਲਈ 10,000 ਗਾਰਡ ਤਾਇਨਾਤ ਕਰਨ ਦੇ ਭਰੋਸੇ ਤੋਂ ਬਾਅਦ ਲਿਆ ਹੈ। ਡੋਨਾਲਡ ਟਰੰਪ ਨੇ ਕਿਹਾ ਕਿ ਉਹ ਇਸ ਇਕ ਮਹੀਨੇ ਦੀ ਵਰਤੋਂ ਹੋਰ ਗੱਲਬਾਤ ਲਈ ਕਰਨਗੇ। ਡੋਨਾਲਡ ਟਰੰਪ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਵੀ ਗੱਲਬਾਤ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਨਾਲ ਦੁਬਾਰਾ ਗੱਲ ਕਰਨਗੇ। ਤੁਹਾਨੂੰ ਦੱਸ ਦੇਈਏ ਕਿ ਟਰੰਪ ਨੇ ਕੈਨੇਡਾ, ਮੈਕਸੀਕੋ ਅਤੇ ਚੀਨ 'ਤੇ ਟੈਰਿਫ ਲਗਾਉਣ ਦਾ ਐਲਾਨ



ਕੀਤਾ ਸੀ। ਨਾਲਡ ਟਰੰਪ ਨੇ ਸੰਕੇਤ ਦਿੱਤਾ ਹੈ ਕਿ 27 ਦੇਸ਼ਾਂ ਦੇ ਯੂਰਪੀ ਸੰਘ 'ਤੇ ਵੀ ਟੈਰਿਫ ਲਗਾਇਆ ਜਾ ਸਕਦਾ ਹੈ। ਹਾਲਾਂਕਿ, ਇਹ ਕਦੋਂ ਹੋਵੇਗਾ ਇਸ ਬਾਰੇ ਕੁਝ ਸਪੱਸ਼ਟ ਨਹੀਂ ਹੈ। ਟਰੰਪ ਨੇ ਕਿਹਾ ਸੀ, 'ਉਹ ਸਾਡੀਆਂ ਕਾਰਾਂ ਨਹੀਂ ਲੈਂਦੇ, ਸਾਡੇ ਖੇਤੀ ਉਤਪਾਦ ਨਹੀਂ ਲੈਂਦੇ। ਉਹ ਕੁਝ ਨਹੀਂ ਖਰੀਦਦੇ, ਪਰ ਅਸੀਂ ਉਨ੍ਹਾਂ ਤੋਂ ਸਭ ਕੁਝ ਲੈਂਦੇ ਹਾਂ। ਯੂਰਪੀਅਨ ਯੂਨੀਅਨ ਦੇ ਨੇਤਾਵਾਂ ਨੇ ਬੈਲਜੀਅਮ ਵਿੱਚ ਇੱਕ ਗੈਰ ਰਸਮੀ ਸੰਮੇਲਨ ਦੌਰਾਨ ਕਿਹਾ ਕਿ ਜੇਕਰ ਅਮਰੀਕਾ ਟੈਰਿਫ ਲਾਉਂਦਾ ਹੈ ਤਾਂ ਯੂਰਪ ਲੜਨ ਲਈ ਤਿਆਰ ਹੈ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਕਿਹਾ ਕਿ ਜੇਕਰ ਯੂਰਪੀ ਸੰਘ ਦੇ ਵਪਾਰਕ ਹਿੱਤਾਂ 'ਤੇ ਹਮਲਾ ਹੁੰਦਾ ਹੈ ਤਾਂ ਇਸ ਦਾ ਪ੍ਰਤੀਕਰਮ ਦੇਖਣ ਨੂੰ ਮਿਲੇਗਾ।

**ਦੇਸ਼ ਨਿਕਾਲਾ ਮੁਹਿੰਮ ਖ਼ਿਲਾਫ਼ ਰੋਸ ਦਿਖਾਵੇ**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਪਰਵਾਸੀਆਂ ਦੀ ਵੱਡੇ ਪੱਧਰ ’ਤੇ ਦੇਸ਼ ਨਿਕਾਲਾ ਮੁਹਿੰਮ ਦੇ ਵਿਰੋਧ ’ਚ ਐਤਵਾਰ ਨੂੰ ਦੱਖਣੀ ਕੈਲੀਫੋਰਨੀਆ ’ਚ ਹਜ਼ਾਰਾਂ ਲੋਕਾਂ ਨੇ ਰੋਸ ਮਾਰਚ ਕੀਤਾ। ਲਾਸ ਏਂਜਲਸ ’ਚ ਪ੍ਰਦਰਸ਼ਨਕਾਰੀਆਂ ਨੇ ਕਰੀਬ ਪੰਜ ਘੰਟੇ ਤੱਕ ਅਹਿਮ ਮਾਰਗ ਨੂੰ ਜਾਮ ਰੱਖਿਆ। ਪ੍ਰਦਰਸ਼ਨਕਾਰੀ ਸਵੇਰੇ ਹੀ ਲਾਸ ਏਂਜਲਸ ਦੀ ਇਤਿਹਾਸਕ ਓਲਵੇਰਾ ਸਟਰੀਟ ’ਤੇ ਇਕੱਠੇ ਹੋਏ ਅਤੇ ਸਿਟੀ ਹਾਲ ਵੱਲ ਮਾਰਚ ਸ਼ੁਰੂ ਕੀਤਾ। ਉਨ੍ਹਾਂ ਹੱਥਾਂ ’ਚ ‘ਕੋਈ ਵੀ ਗ਼ੈਰ-ਕਾਨੂੰਨੀ ਨਹੀਂ’ ਵਰਗੇ ਬੈਨਰ ਫੜੇ ਹੋਏ ਸਨ ਅਤੇ ਉਹ ਇਮੀਗਰੇਸ਼ਨ ਸੁਧਾਰਾਂ ਨੂੰ ਲੈ ਕੇ ਨਾਅਰੇਬਾਜ਼ੀ ਕਰ ਰਹੇ ਸਨ। ਪ੍ਰਦਰਸ਼ਨਕਾਰੀਆਂ ਨੇ ਹੱਥਾਂ ’ਚ ਮੈਕਸਿਕੋ ਅਤੇ ਅਮਰੀਕ ਦੇ ਝੰਡੇ ਵੀ ਫੜੇ ਹੋਏ ਸਨ। ਇਕ ਬੈਨਰ ’ਤੇ ‘ਇਮੀਗਰੈਂਟਸ ਮੇਕ ਅਮਰੀਕਾ ਗਰੇਟ’ ਲਿਖਿਆ ਹੋਇਆ ਸੀ। ਦੁਪਹਿਰ ਤੱਕ ਪ੍ਰਦਰਸ਼ਨਕਾਰੀਆਂ ਨੇ ਯੂਐੱਸ 101 ਦੀਆਂ ਸਾਰੀਆਂ ਲੇਨਾਂ ਨੂੰ ਜਾਮ ਕਰ ਦਿੱਤਾ ਜਿਸ ਨਾਲ ਦੋਵੇਂ ਪਾਸਿਆਂ ’ਤੇ ਆਵਾਜਾਈ ਠੱਪ ਹੋ ਗਈ।

# ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਕਾਰਨ ਅਮਰੀਕਾ ਵਿਚ ਬੇਚੈਨੀ

## ਕੈਨੇਡਾ-ਅਮਰੀਕਾ 'ਚ ਵਪਾਰਕ ਜੰਗ ਦੀ ਸ਼ੁਰੂਆਤ, ਟਰੰਪ ਵੱਲੋਂ ਪਰਵਾਸੀ ਹਿਰਾਸਤ ਕਾਨੂੰਨ ’ਤੇ ਦਸਤਖ਼ਤ

ਵਾਸ਼ਿੰਗਟਨ- ਅਮਰੀਕਾ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਫੜੋ-ਫੜੀ ਦੀਆਂ ਕਨਸੋਆਂ ਦੇ ਕਾਰਨ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਹੈ। ਜ਼ਿਆਦਾਤਰ ਗੈਰ-ਕਾਨੂੰਨੀ ਰਹਿ ਰਹੇ ਪ੍ਰਵਾਸੀ ਆਪੋ-ਆਪਣੇ ਕੰਮ ਧੰਦੇ ਛੱਡ ਕੇ ਲੁਕਦੇ ਫਿਰ ਰਹੇ ਹਨ। ਕੁਝ ਦਿਨ ਪਹਿਲਾਂ ਧਾਰਮਿਕ ਸਥਾਨਾਂ ਵਿਚ ਵੀ ਰਹਿ ਰਹੇ ਲੋਕਾਂ ਦੀ ਜਾਂਚ ਆਰੰਭ ਹੋਣ ਦੀਆਂ ਖਬਰਾਂ ਵਿਚਕਾਰ ਮੰਦਰਾਂ, ਗੁਰਦੁਆਰਿਆਂ ਦੇ ਪ੍ਰਬੰਧਕ ਵੀ ਚੌਕੰਨੇ ਹੋ ਗਏ ਹਨ।



ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੈਨੇਡਾ ਦੇ ਵੱਖ-ਵੱਖ ਪਦਾਰਥਾਂ 'ਤੇ 25 ਫੀਸਦੀ ਟੈਰਿਫ ਲਗਾਉਣ ਦੇ ਫੈਸਲੇ ਤੋਂ ਕੁਝ ਘੰਟਿਆਂ ਬਾਅਦ ਹੀ ਕੈਨੇਡਾ ਵੱਲੋਂ ਜਵਾਬੀ ਕਾਰਵਾਈ ਕਰਦਿਆਂ ਅਮਰੀਕਾ ਦੇ 30 ਬਿਲੀਅਨ ਦੇ ਨਿਰਯਾਤ 'ਤੇ 25 ਫੀਸਦੀ ਟੈਰਿਫ ਲਗਾ ਦਿੱਤਾ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਆਪਣੇ ਦੇਸ਼ ਵਾਸੀਆਂ ਨਾਂਅ ਇੱਕ ਸੰਬੋਧਨ ਪੱਤਰ 'ਚ ਕਿਹਾ ਹੈ ਕਿ ਕੈਨੇਡਾ ਅਜਿਹਾ ਨਹੀਂ ਸੀ ਚਾਹੁੰਦਾ ਕਿ ਉਹ ਆਪਣੇ ਨੇੜਲੇ ਸਾਥੀ ਅਤੇ ਮਿੱਤਰ ਦੇਸ਼ ਖਿਲਾਫ਼ ਅਜਿਹਾ ਕਰੇ ਪਰ ਹੁਣ ਮੌਜੂਦਾ ਹਾਲਾਤ 'ਚ ਅਸੀਂ ਕੈਨੇਡੀਅਨ ਦੇ ਹਿੱਤਾਂ ਲਈ ਰੱਖਿਆ ਕਰਨ ਤੋਂ ਪਿੱਛੇ ਕਰਨ ਤੋਂ ਨਹੀਂ ਹਟ ਸਕਦੇ। ਟਰੂਡੋ ਨੇ ਕਿਹਾ ਹੈ ਕਿ ਸਾਡੇ ਵੱਲੋਂ ਜਵਾਬੀ ਕਾਰਵਾਈ 'ਚ ਲਗਾਏ ਜਾਣ ਵਾਲੇ ਟੈਰਿਫ 'ਚ ਮੁੱਖ ਰੂਪ 'ਅਮਰੀਕਾ ਦੇ ਬੀਅਰ, ਸ਼ਰਾਬ, ਫਲ ਅਤੇ ਫਲਾਂ ਦਾ ਜੂਸ , ਸਬਜੀਆਂ, ਪਰਫਿਊਮ, ਕੱਪੜੇ, ਜੁੱਤੀਆਂ, ਘਰੇਲੂ ਸਮਾਨ, ਫਰਨੀਚਰ, ਲੱਕੜ, ਪਲਾਸਟਿਕ ਅਤੇ ਹੋਰ ਸਮਾਨ ਸ਼ਾਮਿਲ ਹੈ।

ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਗ਼ੈਰਕਾਨੂੰਨੀ ਪਰਵਾਸੀਆਂ ਦੀ ਸੁਣਵਾਈ ਤੋਂ ਪਹਿਲਾਂ ਹਿਰਾਸਤ ਦੀ ਆਗਿਆ ਦੇਣ ਵਾਲੇ ਕਾਨੂੰਨ (ਲੇਕਨ ਰਾਇਲੀ ਐਕਟ) ’ਤੇ ਦਸਤਖ਼ਤ ਕਰ ਦਿੱਤੇ ਹਨ। ਇਹ ਕਾਨੂੰਨ ਚੋਰੀ ਜਾਂ ਹੋਰ ਅਪਰਾਧਾਂ ’ਚ ਸ਼ਾਮਲ ਗ਼ੈਰਕਾਨੂੰਨੀ ਪਰਵਾਸੀਆਂ ਨੂੰ ਸੁਣਵਾਈ ਤੋਂ ਪਹਿਲਾਂ ਹਿਰਾਸਤ ’ਚ ਰੱਖਣ ਦੀ ਆਗਿਆ ਦਿੰਦਾ ਹੈ। ਟਰੰਪ ਨੇ 20 ਜਨਵਰੀ ਨੂੰ ਕਾਰਜਭਾਰ ਸੰਭਾਲਣ ਮਗਰੋਂ ਪਹਿਲਾਂ ਬਿੱਲ ਵਜੋਂ ਇਸ ’ਤੇ ਦਸਤਖ਼ਤ ਕੀਤੇ ਸਨ। ਟਰੰਪ ਨੇ ਬੁੱਧਵਾਰ ਨੂੰ ਲੇਕਨ ਰਾਇਲੀ ਇੰਮੀਗ੍ਰੇਸ਼ਨ ਐਕਟ ’ਤੇ ਦਸਤਖ਼ਤ ਕਰਦਿਆਂ ਕਿਹਾ, ‘‘ਇਸ ਕਾਨੂੰਨ ਜਿਸ ’ਤੇ ਮੈਂ ਦਸਤਖ਼ਤ ਕਰ ਰਿਹਾ ਹਾਂ, ਤਹਿਤ ਗ੍ਰਹਿ ਸੁਰੱਖਿਆ ਵਿਭਾਗ ਨੂੰ ਉਨ੍ਹਾਂ ਸਾਰੇ ਗ਼ੈਰਕਾਨੂੰਨੀ ਪਰਵਾਸੀਆਂ ਨੂੰ ਹਿਰਾਸਤ ’ਚ ਲੈਣ ਦਾ ਅਧਿਕਾਰ ਹੋਵੇਗਾ ਜਿਹੜੇ ਚੋਰੀ, ਸੰਨ੍ਹ ਲਾਉਣ, ਡਕੈਤੀ, ਪੁਲੀਸ ਅਧਿਕਾਰੀ ’ਤੇ ਹਮਲਾ, ਹੱਤਿਆ ਜਾਂ ਗੰਭੀਰ ਸੱਟ ਨਾਲ ਸਬੰਧਤ ਅਪਰਾਧਾਂ ਲਈ ਗ੍ਰਿਫ਼ਤਾਰ ਕੀਤੇ ਗਏ ਹਨ।’’ ਇਹ ਕਾਨੂੰਨ ਜੌਰਜੀਆ ਦੀ 22 ਵਰ੍ਹਿਆਂ ਦੀ ਨਰਸਿੰਗ ਦੀ ਵਿਦਿਆਰਥਣ ਲੇਕਨ ਰਾਇਲੀ ਦੇ ਨਾਮ ’ਤੇ ਰੱਖਿਆ ਗਿਆ ਹੈ, ਜਿਸ ਦੀ ਇੱਕ ਗ਼ੈਰਕਾਨੂੰਨੀ ਪਰਵਾਸੀ ਨੇ ਹੱਤਿਆ ਕਰ ਦਿੱਤੀ ਸੀ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ, ਮੈਕਸੀਕੋ ਦੇ ਪਦਾਰਥਾਂ 'ਤੇ 25 ਫੀਸਦ ਟੈਰਿਫ ਅਤੇ ਚੀਨ 'ਤੇ 10 ਫੀਸਦੀ ਲੇਵੀ ਲਗਾਉਣ ਦਾ ਫੈਸਲਾ ਕੀਤਾ ਹੈ ਜਿਸ ਸੰਬੰਧੀ ਉਹਨਾਂ ਨੇ ਆਰਡੀਨੈਂਸ ਵੀ ਜਾਰੀ ਕਰ ਦਿੱਤਾ ਹੈ ਜੋ ਮੰਗਲਵਾਰ ਨੂੰ ਲਾਗੂ ਹੋ ਜਾਣਾ ਹੈ। ਗਵਾਂਢੀ ਮੁਲਕ ਦੀ ਇਸ ਕਾਰਵਾਈ ਖਿਲਾਫ਼ ਕੈਨੇਡਾ ਦੇ ਨਟਾਰੀ , ਬ੍ਰਿਟਿਸ਼ ਕੋਲੰਬੀਆ ਅਤੇ ਹੋਰ ਕੈਨੇਡੀਅਨ ਆਗੂਆਂ ਦੇ ਤਿੱਖੇ ਪ੍ਰਤੀਕਰਮ ਆਏ ਹਨ। ਮਾਹਿਰਾਂ ਅਨੁਸਾਰ ਇਸ ਜੰਗ ਹਾਲੇ ਕੁਝ ਸਮੇਂ ਲਈ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ।

## ਕੈਨੇਡਾ ਦੇ ਅਗਲੇ ਪ੍ਰਧਾਨ ਮੰਤਰੀ ਲਈ ਰੂਬੀ ਢਾਲਾ ਦੀ ਮੁਹਿਮ ਜ਼ੋਰ ਫੜਨ ਲੱਗੀ

ਵੈਨਕੂਵਰ- 9 ਮਾਰਚ ਨੂੰ ਪਾਰਟੀ ਆਗੂ ਦੀ ਹੋਣ ਵਾਲੀ ਚੋਣ ਅਤੇ ਜੇਤੂ ਵਲੋਂ ਅਗਲੀਆਂ ਚੋਣਾਂ ਤੱਕ ਘੱਟਗਿਣਤੀ ਸਰਕਾਰ ਦਾ ਪ੍ਰਧਾਨ ਮੰਤਰੀ ਬਣਨ ਦੀ ਦੌੜ ਵਿੱਚ ਸ਼ਾਮਲ 6 ਲੋਕਾਂ ਵਲੋਂ ਚੋਣ ਮੁਹਿੰਮ ਵਿੱਚ ਤੇਜ਼ੀ ਲਿਆਂਦੀ ਜਾ ਰਹੀ ਹੈ। ਇਸ ਦੌੜ ’ਚ ਸ਼ਾਮਲ ਪੰਜਾਬੀ ਮੂਲ ਦੀ ਇਕਲੌਤੀ ਉਮੀਦਵਾਰ ਰੂਬੀ ਢਾਲਾ ਵਲੋਂ ਵੀ ਆਪਣੇ ਢੰਗ ਨਾਲ ਵੋਟਰਾਂ ਨੂੰ ਪ੍ਰਭਾਵਤ ਕੀਤਾ ਜਾ ਰਿਹਾ ਹੈ, ਜੋ ਲੋਕਾਂ ਦੀ ਪਸੰਦ ਵੀ ਬਣ ਰਿਹਾ ਹੈ। ਉਹ ਵਾਅਦਾ ਕਰ ਰਹੀ ਹੈ ਕਿ ਜੇ ਉਸ ਨੂੰ ਲੀਡਰ ਬਣ ਕੇ ਦੇਸ਼ ਦੀ ਸਰਕਾਰ ਦੀ ਵਾਗਡੋਰ ਸੰਭਾਲਣ ਦਾ ਮੌਕਾ ਮਿਲਦਾ ਹੈ, ਤਾਂ ਗੈਰਕਨੂੰਨੀ ਵਿਅਕਤੀਆਂ ਦਾ ਦੇਸ਼ ਨਿਕਾਲਾ ਉਸਦੀਆਂ ਤਜਰੀਹਾਂ ਵਿੱਚ ਸ਼ਾਮਲ ਹੋਵੇਗਾ। ਉਹ ਕਹਿੰਦੀ ਹੈ ਕਿ ਬੇਸ਼ੱਕ ਉਹ ਵੀ ਪਰਵਾਸੀ (ਇੰਮੀਗਰੈਂਟ) ਮਾਪਿਆਂ ਦੀ ਧੀ ਹੈ, ਪਰ ਨਾ ਤਾਂ ਉਹ ਗੈਰਕਨੂੰਨੀ ਢੰਗ ਨਾਲ ਕੈਨੇਡਾ ਆਏ ਤੇ ਨਾ ਹੀ ਕਦੇ ਕਿਸੇ ਗੈਰਕਨੂੰਨੀ ਗਤੀਵਿਧੀ ‘ਚ ਸ਼ਾਮਲ ਹੋਏ। ਉਹ ਆਪਣੇ ਪ੍ਰਚਾਰ ਦਾ ਬਹੁਤਾ ਸਮਾਂ ਸੋਸ਼ਲ ਮੀਡੀਆ ਪਲੈਟਫਾਰਮਾਂ ਉੱਤੇ ਲਾ ਕੇ ਭਾਵਪੂਰਤ ਅਪੀਲਾਂ ਕਰਦੀ ਹੈ।



ਗੈਰਕਨੂੰਨੀ ਢੰਗ ਨਾਲ ਰਹਿੰਦੇ ਲੋਕਾਂ ਦੇ ਨਿਕਾਲੇ ਬਾਰੇ ਉਹ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਫ਼ੈਸਲਿਆਂ ਦੀ ਪ੍ਰਸੰਸਾ ਕਰਦੀ ਹੈ ਕਿ ਉਹ ਵੀ ਕੈਨੇਡਾ ਨੂੰ ਗੈਰਕਨੂੰਨੀ ਲੋਕਾਂ ਦਾ ਅੱਡਾ ਨਹੀਂ ਬਣਨ ਦੇਵੇਗੀ ਤੇ ਨਾ ਹੀ ਆਪਣੀ ਸਰਕਾਰ ਉੱਤੇ ਟਰੂਡੋ ਪ੍ਰਸਾਸ਼ਨ ਵਾਲਾ ਪਰਛਾਵਾਂ ਪੈਣ ਦੇਵੇਗੀ।

ਉਹ ਲੀਡਰ ਦੀ ਦੌੜ ’ਚ ਸ਼ਾਮਲ ਅਤੇ ਕਾਗਜ਼ ਭਰਨ ਤੋਂ ਬਾਅਦ ਪੜਤਾਲ ਦੌਰਾਨ ਪਾਰਟੀ ਵਲੋਂ ਨਕਾਰੇ ਗਏ ਭਾਰਤੀ ਮੂਲ ਦੇ ਸੰਸਦ ਮੈਂਬਰ ਚੰਦਰ ਆਰੀਆ ਦੇ ਹਮਾਇਤੀਆਂ ਨੂੰ ਅਪੀਲ ਕਰਨੋਂ ਨਹੀਂ ਉੱਕਦੀ ਕਿ ਉਹ ਸਾਰੇ ਹੁਣ ਉਸ ਦਾ ਸਾਥ ਦੇਣ। ਰੂਬੀ ਢਾਲਾ (51) ਨੇ ਲਗਾਤਾਰ ਤਿੰਨ ਵਾਰ (2004 ਤੋਂ 2011 ਤੱਕ) ਬਰੈਂਪਟਨ ਦੇ ਸਪਰਿੰਗ ਡੇਲ ਸੰਸਦੀ ਹਲਕੇ ਤੋਂ ਚੋਣ ਜਿੱਤੀ ਸੀ।

MST INS SERV INC
Long Haul
A Rated Market
Licensed



Washington/CA/Indiana/Texas/nevada/New Jersey ਦੇ ਲਈ Insurance ਜੋ ਬਹੁਤ ਵਧੀਆ ਰੇਟ ’ਤੇ ਕਰਵਾ ਸਕਦੇ ਹੋ।

ਹਰ ਤਰ੍ਹਾਂ ਦੇ ਟਰੱਕਾਂ ਦੇ ਕੰਮ ਕਰਨ ਵਾਲਿਆਂ ਲਈ
ਲੋਕਲ/ 48 ਸਟੇਟਾਂ/ ਸੈਂਡ/ ਗਰੇਵੱਲ/ ਕੰਟੇਨਰ

Mandeep Thiara
Owner/Broker-Agent
Lic #600363

Tel (209) 407-4236
Fax (209) 666-1428
Cell (209) 666-0032
info@mstinsurance.net

3941 Holly Drive Suite #1 Tracy, CA 95304

Turning 65 Years Old?



If you've got questions, I've got answers!

Becoming eligible for Medicare at age 65 can be overwhelming and confusing, but it doesn't have to be! I can help explain all of your available options. Call me today!

Let's talk about it!

Gurcharan Singh Mann
Licensed Insurance Agent
CA License No. 0C70672

(510) 487-1000 TTY:711
MANN@GGIABA.COM

By calling this number you agree to speak with a licensed insurance agent about Medicare Products. We do not offer every plan available in your area. Any information we provide is limited to those plans we do offer in your area. Please contact Medicare.gov or 1-800-Medicare to get information on all of your options. This is an advertisement. Not affiliated with any government agency including Medicare.

Joshi Law Firm
Attorneys at Law ਅਟਾਰਨੀ ਐਟ ਲਾਅ

www.joshilawfirm.com info@joshilawfirm.com

ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ

ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ

ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ



TANVIR JOSHI
SBN: 302226

(559) 312-0083 (O) (888) 630-1230 (F)

516 W. SHAW AVE STE 200 FRESNO, CA 93704



Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

# ਡੋਨਾਲਡ ਟਰੰਪ ਦੇ ਤਾਬੜਤੋੜ ਫ਼ੈਸਲਿਆਂ ਤੋਂ ਦੁਨੀਆ ਹੈਰਾਨ-ਪਰੇਸ਼ਾਨ

ਅਮਰੀਕਾ ਦੇ ਰਾਸ਼ਟਰਪਤੀ ਵਜੋਂ ਦੂਜੀ ਵਾਰ ਸਹੁੰ ਚੁੱਕਣ ਵਾਲੇ ਡੋਨਾਲਡ ਟਰੰਪ ਵੱਲੋਂ ਜਿਵੇਂ ਤਾਬੜਤੋੜ ਫ਼ੈਸਲੇ ਲਏ ਜਾ ਰਹੇ ਹਨ, ਉਸ ਤੋਂ ਨਾ ਸਿਰਫ਼ ਪੂਰੀ ਦੁਨੀਆ ਹੈਰਾਨ ਹੈ ਬਲਕਿ ਅਮਰੀਕਾ ਵਿਚ ਰਹਿਣ ਵਾਲੇ ਵੱਖ-ਵੱਖ ਭਾਈਚਾਰਿਆਂ ਦੇ ਲੋਕ ਵੀ ਹੈਰਾਨ ਤੇ ਪਰੇਸ਼ਾਨ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਆਪਣੀ ਸੁਰੱਖਿਆ ਨੂੰ ਲੈ ਕੇ ਵੀ ਚਿੰਤਤ ਹੋਣ ਲੱਗੇ ਹਨ।

ਅਹੁਦਾ ਸੰਭਾਲਦਿਆਂ ਹੀ ਜਿਵੇਂ ਉਨ੍ਹਾਂ ਨੇ ਆਪਣੀਆਂ ਸ਼ਕਤੀਆਂ ਦਾ ਇਸਤੇਮਾਲ ਕਰਦੇ ਹੋਏ ਯੂਐੱਸ ਕੈਪੀਟਲ (ਅਮਰੀਕੀ ਸੰਸਦ) 'ਤੇ 6 ਜਨਵਰੀ 2021 ਦੇ ਹਮਲੇ ਵਿਚ ਦੋਸ਼ੀ ਠਹਿਰਾਏ ਗਏ ਜਾਂ ਮੁਲਜ਼ਮ ਲਗਪਗ 1,500 ਲੋਕਾਂ ਨੂੰ ਆਮ ਮਾਫ਼ੀ ਦੇਣ ਦੇ ਹੁਕਮ 'ਤੇ ਦਸਤਖ਼ਤ ਕੀਤੇ ਹਨ, ਉਸ ਨੂੰ ਲੈ ਕੇ ਨਾ ਸਿਰਫ਼ ਡੈਮੋਕ੍ਰੈਟਿਕ ਪਾਰਟੀ ਦੇ ਆਗੂਆਂ ਨੇ ਨਿਖੇਧੀ ਕੀਤੀ ਹੈ ਬਲਕਿ ਆਮ ਲੋਕ ਵੀ ਇਸ ਨੂੰ ਆਪਹੁਦਰਾ ਫ਼ੈਸਲਾ ਕਰਾਰ ਦੇ ਰਹੇ ਹਨ।



ਇਸ ਦੇ ਨਾਲ ਹੀ ਟਰੰਪ ਨੇ ਅਮਰੀਕਾ ਵਿਚ ਜਨਮਸਿੱਧ ਨਾਗਰਿਕਤਾ ਸਮਾਪਤ ਕਰਨ ਲਈ ਕਾਰਜਕਾਰੀ ਹੁਕਮ ਜ਼ਰੀਏ ਫੈਡਰਲ ਏਜੰਸੀਆਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਅਮਰੀਕਾ ਵਿਚ ਪੈਦਾ ਹੋਏ ਉਨ੍ਹਾਂ ਬੱਚਿਆਂ ਨੂੰ ਅਮਰੀਕੀ ਨਾਗਰਿਕਤਾ ਦੇਣ ਤੋਂ ਇਨਕਾਰ ਕਰਨ ਜਿਨ੍ਹਾਂ ਦੇ ਮਾਤਾ-ਪਿਤਾ ਨਾਜਾਇਜ਼ ਤੌਰ 'ਤੇ ਜਾਂ ਅਸਥਾਈ ਵੀਜ਼ੇ 'ਤੇ ਦੇਸ਼ ਵਿਚ ਹਨ। ਉਨ੍ਹਾਂ ਦੇ ਇਸ ਫ਼ੈਸਲੇ ਦਾ ਪਰਵਾਸੀ ਭਾਰਤੀਆਂ 'ਤੇ ਸਿੱਧਾ-ਸਿੱਧਾ ਅਸਰ ਹੋਵੇਗਾ।

ਅਮਰੀਕਾ 'ਚ ਲਗਾਤਾਰ ਭਾਰਤੀ ਭਾਈਚਾਰਾ ਵਧ ਰਿਹਾ ਹੈ। ਅਮਰੀਕਾ ਦੀ ਕੁੱਲ ਆਬਾਦੀ 'ਚ 1.5 ਫ਼ੀਸਦੀ ਪਰਵਾਸੀ ਭਾਰਤੀ ਹਨ ਤੇ ਇਹ ਅਮਰੀਕਾ ਦੇ ਟੈਕਸ ਸੰਗ੍ਰਹਿ 'ਚ 300 ਅਰਬ ਡਾਲਰ ਦਾ ਯੋਗਦਾਨ ਦਿੰਦੇ ਹਨ। ਲੰਘੇ ਸਾਲਾਂ 'ਚ ਉੱਥੇ ਰਹਿਣ ਵਾਲੇ 48 ਲੱਖ ਤੋਂ ਵੱਧ ਭਾਰਤੀ ਅਮਰੀਕੀ ਭਾਈਚਾਰੇ ਦੇ ਕਈ ਬੱਚਿਆਂ ਨੂੰ ਇਸ ਕਾਨੂੰਨ ਦੇ ਆਧਾਰ 'ਤੇ ਨਾਗਰਿਕਤਾ ਮਿਲੀ ਹੈ ਪਰ ਹੁਣ ਟਰੰਪ ਦੇ ਹੁਕਮ ਤੋਂ ਬਾਅਦ ਅਜਿਹਾ ਨਹੀਂ ਹੋ ਸਕੇਗਾ। ਇਸ ਫ਼ੈਸਲੇ ਖ਼ਿਲਾਫ਼ ਵੀ ਨਾਗਰਿਕ ਆਜ਼ਾਦੀਆਂ ਦੀਆਂ ਜਥੇਬੰਦੀਆਂ ਤੇ ਇਮੀਗ੍ਰੇਸ਼ਨ ਸਮੂਹਾਂ ਨੇ ਅਦਾਲਤਾਂ ਦਾ ਰੁਖ਼ ਕਰ ਲਿਆ ਹੈ।

ਇਸ ਤੋਂ ਇਲਾਵਾ ਟਰੰਪ ਨੇ ਜਿਹੜੇ ਹੋਰ ਅਹਿਮ ਫ਼ੈਸਲੇ ਲਏ ਹਨ, ਉਨ੍ਹਾਂ ਵਿਚ ਉਨ੍ਹਾਂ ਆਪਣੇ ਦੇਸ਼ ਨੂੰ ਪੈਰਿਸ ਪੌਣ-ਪਾਣੀ ਸੰਧੀ ਤੋਂ ਵੱਖ ਕਰ ਲਿਆ ਹੈ ਤੇ ਅਮਰੀਕਾ ਹੁਣ ਵਿਸ਼ਵ ਸਿਹਤ ਸੰਗਠਨ (ਡਬਲਯੂਐੱਚਓ) ਦਾ ਮੈਂਬਰ ਵੀ ਨਹੀਂ ਰਹੇਗਾ। ਫੈਡਰਲ ਕਰਮਚਾਰੀਆਂ ਨੂੰ ਦਫ਼ਤਰ ਪਰਤਣ ਦੇ ਹੁਕਮ ਦਿੱਤੇ ਗਏ ਹਨ। ਪਹਿਲਾਂ ਉਨ੍ਹਾਂ ਨੂੰ ਕੋਵਿਡ ਦੌਰਾਨ ਘਰ ਤੋਂ ਕੰਮ ਕਰਨ ਦੀ ਛੋਟ ਦਿੱਤੀ ਗਈ ਸੀ।

ਅਮਰੀਕਾ-ਮੈਕਸੀਕੋ ਸਰਹੱਦ 'ਤੇ ਰਾਸ਼ਟਰੀ ਐਮਰਜੈਂਸੀ ਦਾ ਐਲਾਨ ਕੀਤਾ ਹੈ ਤੇ ਉੱਥੇ ਫ਼ੌਜ ਭੇਜੀ ਜਾਵੇਗੀ। ਸਿਰਫ਼ ਦੋ ਲਿੰਗਾਂ ਪੁਰਸ਼ ਤੇ ਔਰਤਾਂ ਨੂੰ ਮਾਨਤਾ ਮਿਲੇਗੀ, ਐੱਲਜੀਬੀਟੀਕਿਊ ਸਮਾਨਤਾ ਨੂੰ ਉਤਸ਼ਾਹਤ ਕਰਨ ਵਾਲੇ ਵੱਖ-ਵੱਖ ਕਾਰਜਕਾਰੀ ਹੁਕਮ ਰੱਦ ਹੋਣਗੇ। 'ਰਾਸ਼ਟਰੀ ਊਰਜਾ ਐਮਰਜੈਂਸੀ' ਐਲਾਨੀ ਹੈ ਜਿਸ ਦਾ ਉਦੇਸ਼ ਮੁਲਕ ਵਿਚ ਡ੍ਰਿਲਿੰਗ ਕਾਰਜਾਂ ਨੂੰ ਉਤਸ਼ਾਹਤ ਕਰਨਾ ਹੈ। ਟਿਕਟਾਕ 'ਤੇ ਪਾਬੰਦੀ ਲਾਉਣ ਵਾਲੇ ਕਾਨੂੰਨ ਨੂੰ ਲਾਗੂ ਕਰਨ 'ਤੇ 75 ਦਿਨਾਂ ਦੀ ਰੋਕ ਲਾਉਣ ਦਾ ਹੁਕਮ ਦਿੱਤਾ ਹੈ। ਡਰੱਗ ਤਸਕਰ ਅੱਤਵਾਦੀ ਐਲਾਨੇ ਜਾਣਗੇ, ਫਲਸਤੀਨੀਆਂ ਖ਼ਿਲਾਫ਼ ਦੁਰਵਿਵਹਾਰ ਦੇ ਮੁਲਜ਼ਮ ਇਜ਼ਰਾਇਲੀਆਂ ਖ਼ਿਲਾਫ਼ ਪਾਬੰਦੀਆਂ ਰੱਦ। ਦਰਅਸਲ, ਡੋਨਾਲਡ ਟਰੰਪ ਆਪਣੀਆਂ ਆਪ-ਹੁਦਰੀਆਂ ਲਈ ਜਾਣੇ ਜਾਂਦੇ ਰਹੇ ਹਨ। ਹਾਲਾਂਕਿ ਬਹੁ-ਗਿਣਤੀ ਨੂੰ ਇਸ ਗੱਲ ਦਾ ਪਹਿਲਾਂ ਹੀ ਅਹਿਸਾਸ ਸੀ ਕਿ ਉਹ ਅਜਿਹੇ ਫ਼ੈਸਲੇ ਲੈਣਗੇ ਪਰ ਇੰਨੀ ਛੇਤੀ ਸਾਰਾ ਕੁਝ ਕਰਨਗੇ, ਕਿਸੇ ਨੂੰ ਵੀ ਇਹ ਉਮੀਦ ਨਹੀਂ ਸੀ।

# ਸਮਾਜਿਕ-ਆਰਥਿਕ ਵਿਕਾਸ ਅਤੇ ਪਰਿਵਾਰ ਦਾ ਆਕਾਰ



ਕੰਵਲਜੀਤ ਕੌਰ ਗਿੱਲ

ਆਰਥਿਕ ਵਿਕਾਸ ਅਤੇ ਵਸੋਂ ਦਾ ਵਾਧਾ ਲਮੇਂ ਸਮੇਂ ਤੋਂ ਬਹਿਸ ਦਾ ਵਿਸ਼ਾ ਰਿਹਾ ਹੈ। ਜਨ ਸੰਖਿਅਕ ਵਿਗਿਆਨੀਆਂ ਦੀ ਧਾਰਨਾ ਹੈ ਕਿ ਜਦੋਂ ਵਿਕਾਸ ਨਾਲ ਲੋੜੀਂਦੇ ਤੇ ਮੁੱਢਲੇ ਸੰਰਚਨਾਤਮਕ ਢਾਂਚੇ ਵਿੱਚ ਸੁਧਾਰ ਹੁੰਦੇ ਹਨ ਤਾਂ ਸਿਹਤ ਸੇਵਾਵਾਂ, ਸਿੱਖਿਆ, ਰੁਜ਼ਗਾਰ ਦੇ ਮੌਕੇ ਆਮ ਜੀਵਨ ਪੱਧਰ ਦੇ ਮਿਆਰ ਨੂੰ ਉੱਚਾ ਚੁੱਕਦੇ ਹਨ। ਜਿਉਂ-ਜਿਉਂ ਆਰਥਿਕ ਵਿਕਾਸ ਹੁੰਦਾ ਹੈ, ਇਸ ਦਾ ਸਕਾਰਾਤਮਕ ਪ੍ਰਭਾਵ ਸਮੁੱਚੇ ਸਮਾਜ ਅਤੇ ਸਮਾਜਿਕ ਕਦਰਾਂ-ਕੀਮਤਾਂ ਦੇ ਰੂਪ ਵਿੱਚ ਸਪਸ਼ਟ ਦਿਖਾਈ ਦਿੰਦਾ ਹੈ। ਵਸੋਂ ਦੇ ਵਾਧੇ ਨੂੰ ਪ੍ਰਭਾਵਿਤ ਕਰਦੇ ਮੁੱਖ ਕਾਰਕ ਜਨਮ ਦਰ, ਮੌਤ ਦਰ, ਕੁੱਲ ਜਨਣ ਸਮਰੱਥਾ ਆਦਿ ਘਟਣ ਲਗਦੇ ਹਨ ਅਤੇ ਅੰਤ ਵਿੱਚ ਕੁਦਰਤੀ ਨਿਊਨਤਮ ਪੱਧਰ 'ਤੇ ਆ ਜਾਂਦੇ ਹਨ। ਇਸ ਨੂੰ ਵਸੋਂ ਦੇ ਵਾਧੇ ਦਾ ਅੰਤਿਮ ਪੜਾਅ ਕਿਹਾ ਜਾਂਦਾ ਹੈ। ਇਸ ਪੜਾਅ 'ਤੇ ਵਸੋਂ ਦੇ ਵਾਧੇ ਦੀ ਦਰ ਘਟਣੀ ਸ਼ੁਰੂ ਹੋ ਜਾਂਦੀ ਹੈ। ਜੁਲਾਈ 2024 ਤੋਂ ਬਾਅਦ ਭਾਰਤ ਭਾਵੇਂ ਦੁਨੀਆ ਵਿੱਚ ਸਭ ਤੋਂ ਵਧੇਰੇ ਵਸੋਂ (142 ਕਰੋੜ) ਵਾਲਾ ਦੇਸ਼ ਬਣ ਗਿਆ ਪਰ ਅੰਕੜੇ ਇਹ ਵੀ ਦੱਸਦੇ ਹਨ ਕਿ 1991-2001 ਦੇ ਦਹਾਕੇ ਦੌਰਾਨ ਵਸੋਂ ਦੇ ਵਾਧੇ ਦੀ ਦਰ ਵਿੱਚ ਗਿਰਾਵਟ ਦਰਜ ਕੀਤੀ ਗਈ ਸੀ। ਇਸ ਤੋਂ ਬਾਅਦ ਭਾਰਤ ਚਿੰਤਾਜਨਕ ਸਥਿਤੀ ਵੱਲ ਧੱਕ ਰਹੇ ਹਨ। ਸ਼ਹਿਰੀ ਇਲਾਕਿਆਂ ਵਿੱਚ ਜਨਣ ਸਮਰੱਥਾ 1.6 ਹੈ; ਭਾਵ, ਪ੍ਰਤੀ ਜੋੜਾ ਦੋ ਬੱਚਿਆਂ ਤੋਂ ਘੱਟ ਬੱਚੇ ਪੈਦਾ ਕਰ ਰਿਹਾ ਹੈ। ਇਹ ਅੰਕੜੇ ਸਮੁੱਚੇ ਭਾਰਤ ਦੀ ਵਸੋਂ ਦੇ ਹਨ; ਕਿਸੇ ਖਾਸ ਧਰਮ, ਜਾਤ, ਨਸਲ ਜਾਂ ਭਾਈਚਾਰੇ ਦੇ ਨਹੀਂ। ਨਾ ਹੀ ਇਨ੍ਹਾਂ ਦਾ ਸਬੰਧ ਸਿੱਧੇ ਤੌਰ 'ਤੇ ਕਿਸੇ ਸਿਆਸੀ ਪਾਰਟੀ ਨਾਲ ਹੈ। ਪਰਿਵਾਰ ਦਾ ਆਕਾਰ, ਸਿੱਖਿਆ ਪੱਧਰ/ਮਿਆਰ, ਸਿਹਤ ਸਹੂਲਤਾਂ, ਰੁਜ਼ਗਾਰ ਦੇ ਮੌਕੇ ਅਤੇ ਸ਼ਹਿਰੀਕਰਨ ਤੋਂ ਇਲਾਵਾ ਆਮਦਨ ਪੱਧਰ ਉੱਪਰ ਵਧੇਰੇ ਨਿਰਭਰ ਕਰਦਾ ਹੈ। ਇਸ ਲਈ ਸਮਾਜ ਭਲਾਈ ਵਾਸਤੇ ਪ੍ਰੋਗਰਾਮ ਜਾਂ ਨੀਤੀਆਂ ਘੜਨ ਵੇਲੇ ਵਿਅਕਤੀਆਂ ਦੀ ਗਿਣਤੀ ਕਰਨ ਦੇ ਪੈਮਾਨੇ ਧਰਮ ਨਿਰਪੱਖ ਅਤੇ ਰਾਜਨੀਤੀ ਤੋਂ ਦੂਰ ਰੱਖਣ ਦੀ ਜ਼ਰੂਰਤ ਹੈ। ਸਮਾਜ ਜਾਂ ਕਿਸੇ ਇਲਾਕੇ ਵਿੱਚ ਕਿੰਨੇ ਵਿਅਕਤੀ ਹਿੰਦੂ, ਮੁਸਲਮਾਨ, ਸਿੱਖ, ਇਸਾਈ, ਬੋਧੀ ਜਾਂ ਕਿਸੇ ਹੋਰ ਧਰਮ ਦੇ ਹਨ, ਦੀ ਥਾਂ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਉਥੇ ਕਿੰਨੇ ਵਿਅਕਤੀ ਅਤਿ ਅਮੀਰ ਹਨ, ਵਧੇਰੇ ਅਮੀਰ ਹਨ ਜਾਂ ਅਮੀਰ ਹਨ, ਉੱਪਰਲੇ ਮੱਧ ਵਰਗ ਦੀ ਆਮਦਨ, ਮਧ ਵਰਗ ਦੀ ਆਮਦਨ ਜਾਂ ਹੇਠਲੇ ਮਧ ਵਰਗ ਦੀ ਆਮਦਨ ਦੀ ਸ਼੍ਰੇਣੀ ਦੇਖਣਾ ਸਹੀ ਨਹੀਂ ਲੱਗਦਾ। ਨੈਸ਼ਨਲ ਫੈਮਿਲੀ ਹੈਲਥ ਸਰਵੇ (2019-22) ਦੇ ਤਾਜ਼ਾ ਅੰਕੜਿਆਂ ਅਨੁਸਾਰ, ਭਾਰਤ ਦੀ ਕੁੱਲ ਵਸੋਂ ਵਿੱਚ 79.8% ਹਿੰਦੂ, 14.2% ਮੁਸਲਮਾਨ, 2.3% ਇਸਾਈ, 1.7%ਸਿੱਖ ਅਤੇ ਬਾਕੀ ਬੋਧੀ, ਜੈਨੀ ਜਾਂ ਹੋਰ ਧਰਮਾਂ ਦੇ ਲੋਕ ਹਨ। 1951 ਵਿੱਚ ਕੁੱਲ ਵਸੋਂ ਵਿੱਚ ਹਿੰਦੂ ਧਰਮ ਨਾਲ ਸਬੰਧਿਤ ਲੋਕ 84.1% ਅਤੇ ਮੁਸਲਮਾਨ 14.2% ਸਨ; ਭਾਵ, ਦੋਵੇਂ ਮੁੱਖ ਧਰਮਾਂ ਦੇ ਲੋਕਾਂ ਦੇ ਵਾਧੇ ਦੀ ਦਰ ਵਿੱਚ 1951 ਤੋਂ 2011 ਦੌਰਾਨ ਗਿਰਾਵਟ ਆਈ ਹੈ। ਕੁੱਲ ਜਨਣ ਸਮਰੱਥਾ ਦਰ ਹਿੰਦੂਆਂ ਵਿੱਚ 3.3 ਤੋਂ ਘਟ ਕੇ 2.1 ਹੋ ਗਈ ਹੈ ਤੇ ਮੁਸਲਮਾਨਾਂ ਵਿੱਚ 4.4 ਤੋਂ ਘਟ ਕੇ 2.6 ਹੋ ਗਈ ਹੈ। ਇਸ ਤੋਂ ਭਾਵ ਹੈ ਕਿ ਦੋਵੇਂ ਧਰਮਾਂ ਵਿਚਾਲੇ

**ਭਾਰਤ ਦੀ ਕੁੱਲ ਵਸੋਂ ਵਿੱਚ 79.8% ਹਿੰਦੂ, 14.2% ਮੁਸਲਮਾਨ, 2.3% ਇਸਾਈ, 1.7%ਸਿੱਖ ਅਤੇ ਬਾਕੀ ਬੋਧੀ, ਜੈਨੀ ਜਾਂ ਹੋਰ ਧਰਮਾਂ ਦੇ ਲੋਕ ਹਨ। 1951 ਵਿੱਚ ਕੁੱਲ ਵਸੋਂ ਵਿੱਚ ਹਿੰਦੂ ਧਰਮ ਨਾਲ ਸਬੰਧਿਤ ਲੋਕ 84.1% ਅਤੇ ਮੁਸਲਮਾਨ 14.2% ਸਨ; ਭਾਵ, ਦੋਵੇਂ ਮੁੱਖ ਧਰਮਾਂ ਦੇ ਲੋਕਾਂ ਦੇ ਵਾਧੇ ਦੀ ਦਰ ਵਿੱਚ 1951 ਤੋਂ 2011 ਦੌਰਾਨ ਗਿਰਾਵਟ ਆਈ ਹੈ। ਕੁੱਲ ਜਨਣ ਸਮਰੱਥਾ ਦਰ ਹਿੰਦੂਆਂ ਵਿੱਚ 3.3 ਤੋਂ ਘਟ ਕੇ 2.1 ਹੋ ਗਈ ਹੈ ਤੇ ਮੁਸਲਮਾਨਾਂ ਵਿੱਚ 4.4 ਤੋਂ ਘਟ ਕੇ 2.6 ਹੋ ਗਈ ਹੈ।**



ਪਰਿਵਾਰ ਦੇ ਆਕਾਰ ਵਿੱਚ ਅੰਤਰ 0.5 ਦਾ ਹੈ, ਜਾਂ ਇਉਂ ਕਹਿ ਲਓ, ਹਿੰਦੂ ਧਰਮ 'ਚ 2 ਜਾਂ 3 ਬੱਚੇ ਅਤੇ ਮੁਸਲਮਾਨਾਂ ਦੇ ਕਈ ਪਰਿਵਾਰਾਂ 'ਚ ਔਸਤਨ 3 ਬੱਚੇ ਹਨ। ਇਸੇ ਸਰਵੇਖਣ ਵਿੱਚ ਦਰਜ ਹੈ ਕਿ ਇੱਕ ਤੋਂ ਵੱਧ ਪਤਨੀਆਂ ਦਾ ਰੁਝਾਨ ਮੁਸਲਮਾਨਾਂ ਵਿੱਚ ਹੀ ਨਹੀਂ, ਹਿੰ-ਦੂਆਂ ਵਿੱਚ ਵੀ ਹੈ। 1.3% ਹਿੰਦੂ ਅਤੇ 1.9% ਮੁਸਲਮਾਨ ਪਰਿਵਾਰਾਂ ਵਿੱਚ ਇੱਕ ਤੋਂ ਵੱਧ ਪਤਨੀਆਂ ਹਨ।

ਇੰਸਟੀਚਿਊਟ ਆਫ ਪਾਪੂਲੇਸ਼ਨ ਸਟੱਡੀਜ਼ ਮੁੰਬਈ ਦੀ 2009 ਤੋਂ 2024 ਤੱਕ ਦੇ 15 ਸਾਲਾਂ ਦੀ ਖੋਜ ਰਿਪੋਰਟ ਅਨੁਸਾਰ, ਲਗਭਗ ਇੱਕ ਕਰੋੜ ਹਿੰਦੂ ਪਰਿਵਾਰਾਂ ਵਿੱਚ ਇੱਕ ਤੋਂ ਵੱਧ ਪਤਨੀਆਂ ਸਨ; ਮੁਸਲਮਾਨਾਂ ਵਿੱਚ ਇਹੋ ਜਿਹੇ ਪਰਿਵਾਰਾਂ ਦੀ ਗਿਣਤੀ 12 ਲੱਖ ਦੇ ਲਗਭਗ ਸੀ। ਭਾਰਤ ਦੇ 35 ਰਾਜਾਂ ਵਿੱਚੋਂ 28 ਰਾਜਾਂ ਵਿੱਚ ਹਿੰਦੂਆਂ ਦੀ ਵਸੋਂ ਜ਼ਿਆਦਾ ਹੈ। ਇਸ ਪ੍ਰਕਾਰ ਕਿਸੇ ਵੀ ਹਾਲਤ ਵਿੱਚ 2047 ਤੱਕ ਮੁਸਲਮਾਨਾਂ ਦੀ ਗਿਣਤੀ ਹਿੰਦੂਆਂ ਦੀ ਵਸੋਂ ਦੇ ਨੇੜੇ-ਤੇੜੇ ਵੀ ਨਹੀਂ ਪਹੁੰਚ ਸਕਦੀ ਅਤੇ ਨਾ ਹੀ ਉਹ ਸੱਭਿਆਚਾਰ ਜਾਂ ਰੀਤੀ ਰਿਵਾਜ ਉੱਪਰ ਕਾਬਜ਼ ਹੋਣ ਦੀ ਸਥਿਤੀ ਵਿੱਚ ਹੋ ਸਕਣਗੇ। ਇਸ ਵਾਸਤੇ ਇੱਕ ਪਾਸੜ ਜਾਂ ਭਾਵਨਾਤਮਕ ਮਾਨਸਿਕਤਾ ਦੇ ਪ੍ਰਭਾਵ ਅਧੀਨ ਸਿਆਸੀ ਜਾਂ ਧਾਰਮਿਕ ਸਭਾਵਾਂ ਵਿੱਚ ਲੋਕਾਂ ਨੂੰ ਬਹੁਤੇ ਬੱਚੇ ਪੈਦਾ ਕਰਨ ਦੀ ਅਪੀਲ ਕਰਨਾ ਗ਼ੈਰ-ਪ੍ਰਸੰਗਕ ਤੇ ਜਮਹੂਰੀਅਤ ਦੇ ਖਿਲਾਫ ਹੈ। ਇਹ ਬਿਆਨਬਾਜ਼ੀ ਸਪਸ਼ਟ ਰੂਪ ਵਿੱਚ ਔਰਤਾਂ ਦੇ ਸ਼ਕਤੀਕਰਨ ਉੱਪਰ ਵੀ ਗਲਤ ਪ੍ਰਭਾਵ ਪਾਉਂਦੀ ਹੈ। ਬੱਚੇ ਨੂੰ ਪੈਦਾ ਕਰਨ ਅਤੇ ਉਸ ਦੇ ਪਾਲਣ-ਪੋਸ਼ਣ ਦੌਰਾਨ ਔਰਤ ਰੁਜ਼ਗਾਰ ਦੇ ਪੱਖ ਤੋਂ ਤਿੰਨ-ਚਾਰ ਸਾਲ ਮਰਦ ਤੋਂ ਪੱਛੜ ਜਾਂਦੀ ਹੈ। ਉਸ ਦੀ ਆਮਦਨ ਵੀ ਪ੍ਰਭਾਵਿਤ ਹੁੰਦੀ ਹੈ ਅਤੇ ਉਹ ਆਰਥਿਕ ਤੌਰ 'ਤੇ ਵੀ ਪਿੱਛੇ ਰਹਿ ਜਾਂਦੀ ਹੈ।

ਵਿੱਚ ਵਸੋਂ ਦਾ ਵਾਧਾ ਘਟਦੀ ਹੋਈ ਦਰ ਨਾਲ ਹੀ ਹੋ ਰਿਹਾ ਹੈ।

ਵਸੋਂ ਦੇ ਵਾਧੇ ਅਤੇ ਪਰਿਵਾਰ ਦੇ ਆਕਾਰ ਦਾ ਸਿੱਧਾ ਸਬੰਧ ਹੈ। ਆਜ਼ਾਦੀ ਤੋਂ ਬਾਅਦ 1961-1981 ਦੇ ਸਮੇਂ ਦੌਰਾਨ ਵਸੋਂ ਦਾ ਵਾਧਾ ਵਿਸਫੋਟਕ ਸੀ। ਇਸ ਨੂੰ ਕੰਟਰੋਲ ਕਰਨ ਵਾਸਤੇ ਜਿਹੜੀਆਂ ਨੀਤੀਆਂ ਬਣਾਈਆਂ, ਉਹ ਕੇਰਲਾ ਤੇ ਪੰਜਾਬ ਦੇ ਸਮਾਜਿਕ ਆਰਥਿਕ ਵਿਕਾਸ ਮਾਡਲ ਤੋਂ ਪ੍ਰਭਾਵਿਤ ਸਨ। ਕੇਰਲਾ ਵਿੱਚ ਸਿੱਖਿਆ, ਖਾਸਕਰ ਔਰਤਾਂ ਦੀ ਵਧ ਰਹੀ ਸਾਖਰਤਾ ਦਰ ਅਤੇ ਸਿਹਤ ਸਹੂਲਤਾਂ ਕਾਰਨ ਉੱਥੇ ਪਰਿਵਾਰ ਦੇ ਆਕਾਰ ਛੋਟੇ ਬਣ ਗਏ। ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਪੱਖ ਤੋਂ ਨੰਬਰ ਇੱਕ ਹੋਣ ਕਾਰਨ ਸਭ ਤੋਂ ਵੱਧ ਵਿਕਸਤ ਰਾਜਾਂ ਦੀ ਸ਼੍ਰੇਣੀ ਵਿੱਚ ਸੀ। ਇਥੇ ਵੀ ਪਰਿਵਾਰਾਂ ਦੇ ਆਕਾਰ ਛੋਟੇ ਹੋਣੇ ਸ਼ੁਰੂ ਹੋ ਗਏ। ਇਨ੍ਹਾਂ ਮਾਡਲਾਂ ਨੂੰ ਧਿਆਨ ਵਿੱਚ ਰੱਖਦਿਆਂ 1976 ਵਿੱਚ ਭਾਰਤ ਦੀ ਵਸੋਂ ਨੀਤੀ ਬਣਾਈ ਗਈ ਜਿਸ ਵਿੱਚ ਪਰਿਵਾਰ ਨਿਯੋਜਨ ਉੱਪਰ ਜ਼ੋਰ ਦਿੰਦਿਆਂ ਪ੍ਰਤੀ ਪਰਿਵਾਰ ਦੋ-ਤਿੰਨ ਬੱਚਿਆਂ ਦੀ ਅਪੀਲ ਕੀਤੀ ਗਈ। 2002 ਦੀ ਵਸੋਂ ਨੀਤੀ ਵਿੱਚ ਕੁਝ ਹੋਰ ਸੁਧਾਰਾਂ ਦੇ ਨਾਲ-ਨਾਲ ਪ੍ਰਤੀ ਪਰਿਵਾਰ 'ਹਮ ਦੋ, ਹਮਾਰੇ ਦੋ' ਦਾ ਨਾਅਰਾ ਦਿੱਤਾ ਗਿਆ। ਲਗਾਤਾਰ ਸਮਾਜਿਕ ਆਰਥਿਕ ਵਿਕਾਸ ਅਤੇ ਵਸੋਂ ਨਾਲ ਸਬੰਧਿਤ ਨੀਤੀਆਂ ਸਦਕਾ ਮੌਜੂਦਾ ਪਰਿਵਾਰ ਦਾ ਔਸਤਨ ਆਕਾਰ ਚਾਰ-ਪੰਜ ਜੀਆਂ ਦਾ ਹੈ। ਸਾਂਝੇ ਪਰਿਵਾਰ ਹੁਣ ਵਿਰਲੇ ਹੀ ਮਿਲਦੇ ਹਨ ਜਿੱਥੇ ਪਰਿਵਾਰ ਵਿੱਚ ਬਜ਼ੁਰਗ ਮਾਪੇ ਵੀ ਨਾਲ ਰਹਿੰਦੇ ਹੋਣ। ਆਧੁਨਿਕ ਤਕਨੀਕ ਜ਼ਿੰਦਗੀ ਦੇ ਹਰ ਖੇਤਰ ਨੂੰ ਇਸ ਹੱਦ ਤੱਕ ਪ੍ਰਭਾਵਿਤ ਕਰ ਰਹੀ ਹੈ ਕਿ ਸਮਾਜਿਕ ਕਦਰਾਂ-ਕੀਮਤਾਂ, ਰਿਸ਼ਤੇ-ਨਾਤੇ, ਪਰਿਵਾਰਕ ਸਬੰਧ ਸਭ ਉਥਲ-ਪੁਥਲ ਹੋ ਰਹੇ ਹਨ। ਨਿੱਜਵਾਦ ਅਤੇ ਵਿਅਕਤੀਵਾਦ ਆਮ ਜੀਵਨ ਸ਼ੈਲੀ ਉੱਪਰ ਭਾਰੂ ਹੋ ਰਿਹਾ ਹੈ। ਇਸ ਵਰਤਾਰੇ ਦੌਰਾਨ ਕੁਝ ਸਿਆਸੀ ਧਿਰਾਂ ਅਤੇ ਧਾਰਮਿਕ ਸ਼ਖ਼ਸੀਅਤਾਂ ਦੇ ਸਮੇਂ-ਸਮੇਂ ਬਿਆਨ ਦੇਣੇ ਕਿ ਖਾਸ ਭਾਈਚਾਰੇ ਵਿੱਚ ਬੱਚੇ ਜ਼ਿਆਦਾ ਹਨ, ਉਹ ਤੁਹਾਡੇ ਹਰ ਪ੍ਰਕਾਰ ਦੇ ਵਿਤੀ ਤੇ ਕੁਦਰਤੀ ਸਾਧਨਾਂ ਅਤੇ ਸੱਭਿਆਚਾਰ ਉੱਪਰ ਭਾਰੂ ਹੋ ਜਾਣਗੇ; ਇਸ ਵਾਸਤੇ ਤੁਸੀਂ ਵੀ ਵਧੇਰੇ ਬੱਚੇ ਪੈਦਾ ਕਰੋ; ਇਹ ਸਮਾਜਿਕ-ਆਰਥਿਕ ਵਿਕਾਸ ਅਤੇ ਪਰਿਵਾਰ ਦੇ ਆਕਾਰ ਦੇ ਸਿਧਾਂਤ ਤੋਂ ਹਟ ਕੇ ਹੈ। ਪਰਿਵਾਰ ਦੇ ਆਕਾਰ ਦੇ ਸਿਧਾਂਤ ਅਤੇ ਇਸ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਇਹੋ ਜਿਹੀ ਬਿਆਨਬਾਜ਼ੀ ਨੂੰ ਨਕਾਰਦੇ ਹਨ।

ਨੈਸ਼ਨਲ ਫੈਮਿਲੀ ਹੈਲਥ ਸਰਵੇ-5 ਅਨੁਸਾਰ, ਕੁੱਲ ਜਨਣ ਸਮਰੱਥਾ ਪੇਂਡੂ ਤੇ ਸ਼ਹਿਰੀ, 1992-93 ਦੌਰਾਨ 3.4 ਸੀ ਜੋ 2019-22 ਦੌਰਾਨ 2.0 ਹੋ ਗਈ; ਭਾਵ, ਪ੍ਰਤੀ ਪਰਿਵਾਰ 2-3 ਬੱਚੇ ਪੈਦਾ ਹੋ ਰਹੇ ਸਨ। ਸ਼ਹਿਰੀਕਰਨ ਅਤੇ ਆਧੁਨਿਕਤਾ ਇਸ ਰੁਝਾਨ ਨੂੰ ਅਤਿ ਦੇ ਹਨ। ਇਸ ਤੋਂ ਬਾਅਦ ਕਿੰਨੇ ਗਰੀਬ, ਬਹੁਤ ਗਰੀਬ ਅਤੇ ਅਤਿ ਦੇ ਗਰੀਬ ਹਨ; ਭਾਵ, ਧਰਮ ਦੀ ਸਿਆਸਤ ਦੀ ਥਾਂ ਜੇ ਆਮਦਨ ਪੱਧਰ ਨੂੰ ਪੈਮਾਨਾ ਬਣਾਇਆ ਜਾਵੇ ਤਾਂ ਅਸੀਂ ਆਟਾ-ਦਾਲ ਸਕੀਮ, ਸ਼ਗਨ ਸਕੀਮ, ਮੁਫਤ ਬਿਜਲੀ, ਪਾਣੀ ਜਾਂ ਸਿੱਖਿਆ, ਸਿਹਤ ਸਹੂਲਤਾਂ ਪ੍ਰਾਪਤ ਕਰਨ ਵਾਲੇ ਲਾਭਪਾਤਰੀਆਂ ਦੀ ਸਹੀ ਸ਼ਨਾਖ਼ਤ ਕਰ ਸਕਦੇ ਹਾਂ।

ਵਿਕਾਸ ਦੇ ਨਾਲ-ਨਾਲ ਸਮਾਜਿਕ ਅਤੇ ਸਭਿਆਚਾਰਕ ਤਬਦੀਲੀਆਂ ਵੀ ਤੇਜ਼ੀ ਨਾਲ ਵਾਪਰਦੀਆਂ ਹਨ। ਇਨ੍ਹਾਂ ਨਾਲ ਪਰਿਵਾਰ ਦੇ ਆਕਾਰ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਵੀ ਬਦਲਦੇ ਰਹਿੰਦੇ ਹਨ। ਮਰਦ ਔਰਤ ਵਿਚਾਲੇ ਸਾਖਰਤਾ ਦਰ ਦਾ ਪਾੜਾ ਘਟ ਰਿਹਾ ਹੈ। ਔਰਤ ਰੁਜ਼ਗਾਰ ਦੇ ਹਰ ਖਿੱਤੇ ਵਿੱਚ ਮਰਦ ਦੇ ਬਰਾਬਰ ਕੰਮ ਕਰਨ ਲੱਗੀ ਹੈ। ਘਰ ਤੋਂ ਬਾਹਰਲੇ ਕੰਮਾਂ ਵਿੱਚ ਬਰਾਬਰ ਦੀ ਕਾਰਜ ਕੁਸ਼ਲਤਾ ਅਤੇ ਕਾਰਗੁਜ਼ਾਰੀ ਸਿੱਧ ਕਰਨ ਵਾਸਤੇ ਭਾਵੇਂ ਉਸ ਨੂੰ ਅਨੇਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਫਿਰ ਵੀ ਉਹ ਪਰਿਵਾਰਕ ਜ਼ਿੰਮੇਵਾਰੀਆਂ ਅਤੇ ਕੰਮਕਾਜੀ ਡਿਊਟੀ ਵਿੱਚ ਤਾਲਮੇਲ ਰੱਖਣ ਵਾਸਤੇ ਯਤਨਸ਼ੀਲ ਰਹਿੰਦੀ ਹੈ। ਛੋਟਾ ਪਰਿਵਾਰ ਕੰਮਕਾਜੀ ਔਰਤ ਦੀ ਚੋਣ ਹੀ ਨਹੀਂ, ਜ਼ਰੂਰਤ ਵੀ ਹੈ। ਵਸੋਂ ਦੇ ਵਾਧੇ ਦੀ ਦਰ ਵਿੱਚ ਗਿਰਾਵਟ ਦੇ ਨਾਲ-ਨਾਲ ਇਸ ਦੀ ਬਣਤਰ ਅਤੇ ਉਮਰ ਵਰਗ ਵਿੱਚ ਵੀ ਤਬਦੀਲੀ ਆ ਰਹੀ ਹੈ। ਜਨਮ ਦਰ ਵਿੱਚ ਕਮੀ ਆਉਣ ਨਾਲ ਭਾਰਤ ਵਿੱਚ ਨੌਜਵਾਨ ਉਮਰ ਵਰਗ ਦੀ ਗਿਣਤੀ ਵਧੀ ਹੈ, ਨਾਲ ਹੀ 60 ਸਾਲ ਤੋਂ ਉੱਪਰ ਦੇ ਵਡੇਰੀ ਉਮਰ ਦੇ ਵਿਅਕਤੀਆਂ ਦੇ ਅਨੁਪਾਤ ਵਿੱਚ ਵੀ ਵਾਧਾ ਹੋਇਆ ਹੈ। ਅਨੁਮਾਨ ਹਨ ਕਿ ਆਉਂਦੇ ਦਹਾਕਿਆਂ ਦੌਰਾਨ ਵਸੋਂ ਨਾਲ ਸਬੰਧਿਤ ਸਮਾਜਿਕ ਵਰਤਾਰਿਆਂ ਵਿੱਚ ਹੋਰ ਤਬਦੀਲੀਆਂ ਹੋਣਗੀਆਂ। ਇਕ ਪਾਸੇ ਸਾਖਰਤਾ ਦਰ ਵਿੱਚ ਵਾਧਾ, ਘਟ ਰਿਹਾ ਲਿੰਗ ਅਨੁਪਾਤ, ਵਧ ਰਹੀ ਬੇਰੁਜ਼ਗਾਰੀ ਅਤੇ ਸ਼ਹਿਰੀਕਰਨ; ਦੂਜੇ ਪਾਸੇ ਵਧ ਰਿਹਾ ਨਿੱਜਵਾਦ, ਵਿਅਕਤੀਵਾਦ ਆਦਿ ਸਮਾਜਿਕ ਸਬੰਧਾਂ ਤੇ ਪਰਿਵਾਰਕ ਰਿਸ਼ਤਿਆਂ ਨੂੰ ਨਵੇਂ ਢੰਗ ਨਾਲ ਪ੍ਰਭਾਵਿਤ ਕਰ ਰਹੇ ਹਨ। ਨੌਜਵਾਨ ਪੀੜ੍ਹੀ ਆਪਣੇ ਕਰੀਅਰ ਬਾਰੇ ਫ਼ਿਕਰਮੰਦ ਹੈ, ਵਿਆਹ ਢੁਕਵੀਂ ਉਮਰ ਤੋਂ ਵਧੇਰੇ ਦੇਰੀ ਨਾਲ ਹੋ ਰਹੇ ਹਨ। ਕੁਝ ਲੋਕ ਵਿਆਹ ਨੂੰ ਨਕਾਰਦੇ ਹੋਏ ਇਕੱਠੇ ਰਹਿਣ (ਲਿਵ ਇਨ ਸਬੰਧ) ਨੂੰ ਤਰਜੀਹ ਦੇਣ ਲੱਗੇ ਹਨ। ਬਹੁਤੇ ਨੌਜਵਾਨ ਜੋੜੇ ਪਰਿਵਾਰ ਦੀ ਨੈਤਿਕ ਜ਼ਿੰਮੇਵਾਰੀ ਦਾ ਬੋਝ ਚੁੱਕਣ ਤੋਂ ਝਿਜਕਦੇ, ਬਿਨਾਂ ਬੱਚਿਆਂ ਦੇ ਪਰਿਵਾਰ ਨੂੰ ਹੀ ਸਹੀ ਠਹਿਰਾਉਣ ਲੱਗੇ ਹਨ। ਇਹ ਸਾਰਾ ਰੁਝਾਨ ਭਾਰਤੀ ਸਮਾਜਿਕ ਸੰਸਕ੍ਰਿਤੀ ਤੋਂ ਉਲਟ ਪਾਸੇ ਜਾ ਰਿਹਾ ਹੈ। ਅਜਿਹੇ ਆਧੁਨਿਕ ਵਰਤਾਰੇ ਵਿੱਚ ਪਰਿਵਾਰ ਦੇ ਆਕਾਰ ਨੂੰ ਧਰਮ, ਜਾਤ ਜਾਂ ਕਿਸੇ ਖਾਸ ਭਾਈਚਾਰੇ ਨਾਲ ਜੋੜ ਕੇ

ਸੋ, ਕਿਸੇ ਵੀ ਸਮਾਜਿਕ-ਆਰਥਿਕ ਸਮੱਸਿਆ ਦਾ ਹੱਲ ਧਰਮ ਵਿੱਚੋਂ ਲੱਭਣਾ ਨਾਜਾਇਜ਼ ਹੀ ਨਹੀਂ, ਗੈਰ-ਪ੍ਰਸੰਗਕ ਵੀ ਹੈ। ਵਸੋਂ ਦੇ ਵਾਧੇ ਦਾ ਸਬੰਧ ਪਰਿਵਾਰ ਦੇ ਆਕਾਰ ਨਾਲ ਹੈ। ਪਰਿਵਾਰ ਦਾ ਆਕਾਰ ਸਿਹਤ ਸੇਵਾਵਾਂ ਦੀ ਉਪਲਬਧਤਾ, ਸਾਖਰਤਾ ਦਰ, ਆਮਦਨ ਪੱਧਰ, ਰੁਜ਼ਗਾਰ, ਸ਼ਹਿਰੀਕਰਨ ਆਦਿ ਤੋਂ ਪ੍ਰਭਾਵਿਤ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਇਨ੍ਹਾਂ ਮੁਢਲੀਆਂ ਸੰਰਚਨਾਤਮਕ ਸਹੂਲਤਾਂ ਅਤੇ ਸੇਵਾਵਾਂ ਦੇ ਮੁੱਢਲੇ ਅਧਿਕਾਰਾਂ ਪ੍ਰਤੀ ਹਰ ਨਾਗਰਿਕ ਦੀ ਪਹੁੰਚ ਨੂੰ ਯਕੀਨੀ ਬਣਾਇਆ ਜਾਵੇ। ਸੰਵਿਧਾਨਕ ਤੌਰ 'ਤੇ ਭਾਰਤ ਧਰਮ ਨਿਰਪੱਖ ਦੇਸ਼ ਹੈ। ਇਸ ਦੀ ਸਿਆਸੀ ਮਰਿਆਦਾ ਅਤੇ ਸਭਿਆਚਾਰ ਨੂੰ ਕਾਇਮ ਰੱਖਣਾ ਸਮੇਂ ਦੀਆਂ ਸਰਕਾਰਾਂ ਦੀ ਨੈਤਿਕ ਜ਼ਿੰਮੇਵਾਰੀ ਹੈ। ਇਹੀ ਦੇਸ਼ ਦੇ ਨਾਗਰਿਕਾਂ ਦੇ ਹਿੱਤ 'ਚ ਹੈ। ਵਸੋਂ ਦੇ ਬਦਲਦੇ ਰੁਝਾਨ ਅਤੇ ਪਰਿਵਾਰ ਦੇ ਆਕਾਰ ਨੂੰ ਇਸ ਪ੍ਰਸੰਗ 'ਚ ਦੇਖਣ ਦੀ ਲੋੜ ਹੈ।

# ਗੁਰੂ ਘਰ ਫਰੀਮਾਂਟ ਦੀ ਪ੍ਰਬੰਧਕੀ ਕਮੇਟੀ 'ਚ ਐਤਕੀ ਨੌਜਵਾਨਾਂ ਨੂੰ ਤਰਜੀਹ



ਫਰੀਮਾਂਟ- ਸਿੱਖ ਸੰਗਤ ਬੇ-ਏਰੀਆ ਵੱਲੋਂ ਅੱਜ ਆਪਣੇ 5 ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਜੋ ਗੁਰੂ ਘਰ ਫਰੀਮਾਂਟ ਦੀ ਅਗਲੀ ਪ੍ਰਬੰਧਕ ਕਮੇਟੀ ਦੀ ਸੇਵਾ ਸੰਭਾਲਣ ਲਈ 9 ਮਾਰਚ ਨੂੰ ਹੋ ਰਹੀਆਂ ਵੋਟਾਂ 'ਚ ਸੰਗਤ ਸਾਹਮਣੇ ਪੇਸ਼ ਹੋ ਰਹੇ ਹਨ, ਜਿਹਨਾਂ 'ਚ

(1) **ਭਾਈ ਹਰਪ੍ਰੀਤ ਸਿੰਘ**, ਜਿਹਨਾਂ ਨੇ ਇਲੈਕਟ੍ਰੀਕਲ ਤੇ ਕਮਿਊਨੀਕਲ ਡਿਵੈਲਪਮੈਂਟ ਓਪਰੇਸ਼ਨ 'ਚ ਡਿਗਰੀ ਕੀਤੀ ਹੋਈ ਹੈ ਤੇ CISCO (ਸਿਸਕੋ) 'ਚ ਇੰਜੀਨੀਅਰ ਦੇ ਤੌਰ 'ਤੇ ਕੰਮ ਕਰਦੇ ਹਨ।

ਰੀਅਲ ਅਸਟੇਟ 'ਚ ਵੀ 12 ਸਾਲ ਤੋਂ ਕੰਮ ਕਰਦੇ ਆ ਰਹੇ ਹਨ। ਸੇਵਾਦਾਰ ਸੁਭਾਅ ਦੇ ਨੌਜਵਾਨ, ਜੋ ਹਰ ਵੇਲੇ ਸਭ ਦੇ ਕੰਮ ਆਉਂਦੇ ਰਹਿੰਦੇ ਹਨ ਤੇ ਗੁਰੂ ਘਰ ਸੇਵਾ ਕਰਦੇ ਰਹਿੰਦੇ ਹਨ।

ਉਹਨਾਂ ਦਾ ਕਹਿਣਾ ਹੈ ਕਿ ਗੁਰੂ ਘਰਾਂ 'ਚ ਹਰ ਕੰਮ ਤੌਰ-ਤਰੀਕੇ ਨਾਲ ਹੋਵੇ ਤੇ ਵੱਖਰੇ-ਵੱਖਰੇ ਪ੍ਰਾਜੈਕਟਾਂ ਤੇ ਕੰਮ ਹੋਣਾ ਚਾਹੀਦਾ ਹੈ। ਸਾਰੀ ਸੰਗਤ ਨੂੰ ਨਾਲ ਲੈ ਕੇ ਸਾਰੇ ਕੰਮ ਕਰਿਆ ਕਰਾਂਗੇ।

(2) **ਭਾਈ ਕਰਨਪ੍ਰੀਤ ਸਿੰਘ** ਜੋ ਕਿ ਮਕੈਨੀਕਲ ਇੰਜੀਨੀਅਰ ਹਨ, ਜਿਹਨਾਂ ਅਸਟ੍ਰੇਲੀਆ ਤੋਂ ਡਿਗਰੀ ਕੀਤੀ ਹੋਈ ਹੈ, ਪਿਛਲੇ 6 ਸਾਲਾਂ ਤੋਂ ਬੇ-ਏਰੀਆ 'ਚ ਟਰਾਂਸਪੋਰਟੇਸ਼ਨ ਦੇ ਕੰਮ 'ਚ ਹਨ, ਤੇ ਉਹਨਾਂ ਅਨੁਸਾਰ ਨੌਜਵਾਨ ਪੱਛਮੀ ਦੇਸ਼ਾਂ ਦੀ ਸੋਚ ਵੱਲ ਜਾ ਰਹੇ ਹਨ, ਉਹਨਾਂ ਨੂੰ ਵੱਧ-ਚੜ੍ਹ ਕੇ ਪ੍ਰੇਰ ਕੇ ਗੁਰੂ ਘਰਾਂ ਨਾਲ ਜੋੜਨ ਦਾ ਕੰਮ ਕਰਨਾ ਹੋਵੇਗਾ ਤਾਂ ਕਿ ਨੌਜਵਾਨ ਸਿੱਖੀ ਸਰੂਪ 'ਚ ਆ ਕੇ ਇਹਨਾਂ ਦੇਸ਼ਾਂ ਦੇ ਚੰਗੇ ਕੰਮਾਂ 'ਚ ਹਿੱਸਾ ਲੈ ਸਕਣ ਤੇ ਗੁਰੂ ਘਰਾਂ 'ਚ ਵੱਧ ਤੋਂ ਵੱਧ ਉਹਨਾਂ ਨੂੰ ਲਿਆਂਦਾ ਜਾਵੇ ਤਾਂ ਕਿ ਸਿੱਖੀ ਦੇ ਸਿਧਾਂਤ ਨੂੰ ਫੈਲਾਇਆ ਜਾ ਸਕੇ ਕਿਉਂਕਿ ਨੌਜਵਾਨ ਅੰਗਰੇਜ਼ੀ ਅਤੇ ਪੰਜਾਬੀ ਵਿਚ ਆਪਣੀ ਗੱਲ-ਸੋਚ ਜਲਦੀ ਹੀ ਦੂਜੀਆਂ ਕੌਮਾਂ ਨੂੰ ਨਾਲ-ਨਾਲ ਚੰਗੀ ਤਰ੍ਹਾਂ ਸਮਝਾ ਸਕਦੇ ਹਨ।

(3) **ਭਾਈ ਅਕਾਲਜੋਤ ਸਿੰਘ** ਅਮਰੀਕਨ ਜੰਮਪਲ ਗੁਰਸਿੱਖ ਨੌਜਵਾਨ, ਜੋ ਸਾਫਟਵੇਅਰ ਇੰਜੀਨੀਅਰ ਦੇ ਤੌਰ 'ਤੇ 8 ਸਾਲ ਤੋਂ ਕੰਮ ਕਰ ਰਿਹਾ ਹੈ, ਜਿਹਨਾਂ ਨੂੰ ਪੜ੍ਹਾਈ ਦੇ ਨਾਲ ਸਿੱਖੀ ਸੋਚ ਵੀ ਘਰੋਂ ਮਾਤਾ-ਪਿਤਾ ਤੋਂ ਹੀ ਗੁੜ੍ਹਤੀ 'ਚ ਮਿਲੀ। ਇਸੇ ਸੋਚ ਨੂੰ ਅੱਗੇ ਗੁਰੂ ਘਰਾਂ 'ਚ ਹੋ ਰਹੀਆਂ ਲੜਾਈਆਂ ਤੋਂ ਹਟ ਕੇ ਜਾਂ ਗੁਰੂ ਘਰਾਂ 'ਚ ਸਿੱਖੀ ਦਾ ਪ੍ਰਚਾਰ ਨਾ ਹੋਣ ਦੇ ਕਾਰਨ ਇਸ ਵਾਰ ਨਵੀਂ ਸੋਚ ਲੈ ਕੇ ਗੁਰੂ ਘਰ 'ਚ ਬਾਣੀ ਤੇ ਬਾਣੇ ਨਾਲ ਜੋੜਨ ਵਾਸਤੇ ਕੰਮ ਕਰਨ ਦੇ ਇਰਾਦੇ ਨਾਲ ਐਤਕੀ ਗੁਰੂ ਘਰ ਦੀ ਸੇਵਾ ਲਈ ਅੱਗੇ ਆਏ ਹਨ, ਨਾਲ ਨਾਲ ਸਿੱਖ ਨੌਜਵਾਨਾਂ ਲਈ ਸਿੱਖੀ ਬਾਣੇ 'ਚ ਮਿਸਾਲ ਪੈਦਾ ਕਰਨ ਲਈ ਤੇ ਸੇਵਾ ਲਈ ਗੁਰੂ ਘਰਾਂ 'ਚ ਆ ਕੇ ਸਾਥ ਦੇਣ।

ਖੇਡਾਂ, ਲੰਗਰ, ਦੀਵਾਨ ਵਿਚ ਸਿੱਖੀ ਤੇ ਸਿੱਖਾਂ ਨੂੰ ਪ੍ਰਭਾਵ ਵਧਾ ਕੇ ਹੀ ਅੱਗੇ ਵੱਧ ਸਕਦੇ ਹਾਂ। ਗੁਰੂ ਘਰਾਂ, ਖਾਲਸਾ ਸਕੂਲ ਨੂੰ ਚੰਗੇਰਾ ਬਣਾਉਣਾ ਤਾਂ ਕਿ ਸਾਡਾ ਭਵਿੱਖ ਚੰਗਾ ਹੋਵੇ ਤੇ ਗੁਰੂ ਘਰ ਵਿਚੋਂ ਵੈਰ-ਵਿਰੋਧ ਦੀ ਭਾਵਨਾ ਕੱਢ ਕੇ ਸਿੱਖੀ 'ਚ ਵਿਸ਼ਵਾਸ ਪੈਦਾ ਕਰਨ ਲਈ ਕੰਮ ਕਰਨ 'ਚ ਵਿਸ਼ਵਾਸ ਰੱਖਾਂਗੇ।

(4) **ਭਾਈ ਕੁਲਜੀਤ ਸਿੰਘ** ਲੰਮੇ ਸਮੇਂ ਤੋਂ ਉਹ ਬੇ-ਏਰੀਆ 'ਚ ਰਹਿ ਰਹੇ ਹਨ ਤੇ ਬਿਜਨਸ ਕਰ ਰਹੇ ਹਨ। ਉਹਨਾਂ ਦਾ ਆਪਣਾ ਬਿਜ਼ਨਸ ਹੈ, ਜਿਸ ਨਾਲ ਉਹ ਜ਼ਿੰਦਗੀ ਦਾ ਗੁਜ਼ਾਰਾ ਕਰ ਰਹੇ ਹਨ। ਗੁਰੂ ਘਰ ਬਾਰੇ ਹਮੇਸ਼ਾ ਸੋਚਦੇ ਹਨ ਤੇ ਸੰਗਤ ਲਈ ਕੁਝ ਚੰਗਾ ਕਰਨ ਲਈ ਤੱਤਪਰ ਰਹਿੰਦੇ ਹਨ। ਉਹ ਪਹਿਲਾਂ ਵੀ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਕੰਮ ਕਰ ਚੁੱਕੇ ਹਨ ਤੇ ਐਤਕੀ ਫਿਰ ਤੋਂ ਉਮੀਦਵਾਰ ਬਣੇ ਤੇ ਗੁਰੂ ਘਰ ਦੇ ਸੁਚੱਜੇ ਪ੍ਰਬੰਧ ਲਈ ਉਹ ਵਚਨਬੱਧ ਹਨ ਤੇ ਸੰਗਤ ਦੇ ਲਈ ਗੁਰੂ ਘਰ ਦੇ ਪ੍ਰਬੰਧ ਨੂੰ ਠੀਕ ਕਰਨ ਲਈ ਕੰਮ ਕਰਨ ਦਾ ਇਰਾਦਾ ਰੱਖਦੇ ਹਨ।

(5) **ਭਾਈ ਗੁਰਦਾਵਰ ਸਿੰਘ ਜੀ** ਇਹ ਗੁਰਸਿੱਖੀ ਜੀਵਨ ਬਤੀਤ ਕਰਦੇ ਹੋਏ ਗੁਰੂ ਘਰ ਦੇ ਪ੍ਰਬੰਧ ਨੂੰ ਹੋਰ ਚੰਗੇਰਾ ਬਣਾਉਣ ਲਈ ਕੰਮ ਕਰਨ ਲਈ ਵਚਨਬੱਧ ਹਨ। ਪੇਸ਼ੇ ਵਜੋਂ ਇਹ ਇੰਸ਼ੋਰੈਂਸ ਬਰੋਕਰ ਹਨ ਤੇ 2007 ਤੋਂ ਲੋਕਾਂ ਵਾਸਤੇ ਕੰਮ ਕਰ ਰਹੇ ਹਨ ਤੇ ਪਹਿਲਾਂ ਇਹ ਟੋਲ ਪਲਾਜਾ ਤੋਂ ਸੁਪਰਵਾਈਜ਼ਰ ਵਜੋਂ ਰਿਟਾਇਰਡ ਹੋਏ ਹਨ ਤੇ ਬੇ-ਏਰੀਆ 'ਚ ਹੀ ਰਹਿੰਦੇ ਹਨ ਤੇ ਇਥੇ ਫਰੀਮਾਂਟ ਗੁਰੂ ਘਰ ਦੀ ਸੇਵਾ ਕਰਨ ਲਈ ਹਮੇਸ਼ਾ ਤੱਤਪਰ ਰਹਿੰਦੇ ਹਨ। ਕਮਿਊਨਿਟੀ ਦੀ ਸੇਵਾ ਹਮੇਸ਼ਾ ਅਗਾਂਹ ਹੋ ਕੇ ਕੰਮ ਕਰਦੇ ਹਨ, ਹਰ ਸਾਲ ਸਿੱਖ ਸਪੋਰਟਸ 'ਚ ਵੀ ਆਪਣਾ ਯੋਗਦਾਨ ਪਾਉਂਦੇ ਹਨ ਜੋ ਸਾਲ 'ਚ ਦੋ ਵਾਰ ਵੱਖ-ਵੱਖ ਖੇਡਾਂ ਲਈ ਕਰਵਾਏ ਜਾਂਦੇ ਮੁਕਾਬਲਿਆਂ 'ਚ ਮਦਦ ਕਰਦੇ ਹਨ।

ਸਿੱਖ ਸੰਗਤ (ਬੇ-ਏਰੀਆ ਵੱਲੋਂ) ਪੰਜ ਗੁਰਸਿੱਖ ਉਮੀਦਵਾਰਾਂ ਵੱਲੋਂ ਆਪਣੀਆਂ ਅਰਜ਼ੀਆਂ ਫਰਵਰੀ 2, 2025 ਨੂੰ ਸ਼ਾਮੀ 4 ਵਜੇ ਤੋਂ ਬਾਅਦ ਦਫਤਰ ਵਿਚ ਦੇ ਦਿੱਤੀਆਂ ਗਈਆਂ ਹਨ ਤੇ ਅਰਜ਼ੀਆਂ ਦੇਣ ਦੀ ਤਾਰੀਖ ਸ਼ੁੱਕਰਵਾਰ ਫਰਵਰੀ 7, 2025 ਸ਼ਾਮੀ ਪੰਜ ਵਜੇ ਤੱਕ ਹੈ ਤੇ ਅਰਜ਼ੀਆਂ ਵਾਪਸ ਲੈਣ ਦੀ ਤਾਰੀਖ 9 ਫਰਵਰੀ ਤੱਕ ਹੈ।

ਵੋਟਾਂ 9 ਮਾਰਚ 2025 ਨੂੰ ਪੈਣਗੀਆਂ।

ਸਿੱਖ ਸੰਗਤ ਵੱਲੋਂ ਐਤਕੀ ਵੋਟਾਂ ਪਾ ਕੇ ਸਾਥ ਦੇਣ ਦੀ ਬੇਨਤੀ ਕੀਤੀ ਗਈ ਹੈ।

ਉਮੀਦਵਾਰਾਂ ਤੇ ਉਹਨਾਂ ਦੇ ਵਿੱਢੇ ਕੰਮਾਂ ਦੀ ਤਰਤੀਬ ਅਖਬਾਰ ਦੇ ਆਖਰੀ ਪੰਨੇ ਤੇ ਪੜ੍ਹ ਸਕਦੇ ਹੋ।

**ਵੱਲੋਂ- ਪਰਦੇਸ ਟਾਇਮਜ਼**

SINGHWORLD travel
Lycamobile
Call the world for less
ria Money Transfer
AIRPORT DROP OFF AND PICKUP AVAILBLE
Money Transfer @ Special Rates
India and Pakistan!!!
Cell Phone Activation & Recharge Services
ਏਅਰਪੋਰਟ ਤੇ ਜਾਣ-ਆਉਣ ਲਈ ਗੱਡੀ ਦਾ ਵੀ ਪ੍ਰਬੰਧ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
SINGH WORLD TRAVEL
PH. 530-443-4865
Email: Info@singhworldtravel.com
1248 Franklin Ave. #A
Yuba City CA, 95991



Eden's Liquor &
NEW YORK PIZZA
Phone:- 510-582-3333
1086 A ST, Hayward
HOME OF THE 30" SUPER KING KONG PIZZA
ADD Fries to any deal for $2.99

Slice Deal
1 Topping Slice
1 Bag of Chips
1 Can of Soda
$8.99 *
Upgrade to 2 Toppings for a $1 more

Everyday Special
1 Large 14" Toppings Pizza
$21.99 *
FREE 2LT SODA

Best Deal
1X-Large 18" 1 Topping Pizza
$22.99 *
FREE 2LT SODA

King Kong Deal
1 King Kong 2 Toppings PIZZA
$37.99 *
FREE 2LT SODA

* Minimum Delivery $30.00
* Price subject to change without notice
* Taxes applied on all prices and deals
Sun - Thu 11AM - 10PM
Fri - Sat 11AM - 11PM
EdensLiquorandPizza.com

# ਸੰਪਾਦਕੀ

## ਪੰਜਾਬੀਆਂ ਨੂੰ ਜੁਗਾੜੂ ਪ੍ਰਵਿਰਤੀ ਦੀ ਮਾਰ

ਪੰਜਾਬ ਵਿਚ ਇਕ ਗੱਲ ਤਾਂ ਆਮ ਪਾਈ ਜਾਂਦੀ ਹੈ, ਜਿਵੇਂ ਕਿ ਕਹਾਵਤ ਹੈ 'ਤਾਏ ਦੀ ਧੀ ਚੱਲੀ, ਮੈਂ ਕਿਉਂ ਰਹਿ ਗਈ ਕੱਲੀ'। ਭਾਵ ਜੇਕਰ ਗੁਆਂਢੀ ਜਾਂ ਆਪਣੇ ਹੀ ਸਕੇ-ਸਬੰਧੀ, ਰਿਸ਼ਤੇਦਾਰ ਦਾ ਬੱਚਾ ਵਿਦੇਸ਼ ਚਲਾ ਗਿਆ, ਕੋਈ ਕਾਮਯਾਬੀ ਹਾਸਲ ਕਰ ਗਿਆ ਤਾਂ ਫਿਰ ਬਾਕੀਆਂ ਨੂੰ ਚਿੰਤਾ ਹੋ ਜਾਂਦੀ ਹੈ ਕਿ ਇਹ ਤਾਂ ਕਾਮਯਾਬ ਹੋਇਆ, ਹੁਣ ਸਾਡਾ ਕੀ ਬਣੂ ਜਾਂ ਸਾਡੇ ਵਾਲੇ ਦਾ ਕੀ ਬਣੂ। ਪੰਜਾਬੀਆਂ ਦੀ ਇਸ ਪ੍ਰਵਿਰਤੀ ਨੇ ਪੰਜਾਬ ਵਾਸੀਆਂ ਨੂੰ ਤਰੱਕੀ ਕਰਨ, ਅੱਗੇ ਵਧਣ ਲਈ ਵੀ ਪ੍ਰੇਰਿਤ ਕੀਤਾ ਹੈ ਪਰ ਅੱਜਕਲ੍ਹ ਇਹ ਕਹਾਵਤ ਵਿਦੇਸ਼ ਜਾਣ ਦੇ ਚਾਹਵਾਨਾਂ ਤੇ ਬਹੁਤ ਭਾਰੂ ਅਤੇ ਮਾਰੂ ਸਿੱਧ ਹੋ ਰਹੀ ਹੈ। ਹਾਲਾਤ ਇਹ ਹਨ ਕਿ ਲੋਕੀ ਗਲਤ ਦਸਤਾਵੇਜ਼ ਤੱਕ ਤਿਆਰ ਕਰਵਾ ਕੇ ਵਿਦੇਸ਼ ਜਾ ਰਹੇ ਹਨ ਅਤੇ ਜਦੋਂ ਕਿਤੇ ਜਾਂਚ ਹੋ ਜਾਂਦੀ ਹੈ ਤਾਂ ਫਿਰ ਘੁੰਡੀ ਅੜ ਜਾਂਦੀ ਹੈ। ਕੈਨੇਡਾ ਵਿਚ ਗਏ ਬਹੁਤ ਸਾਰੇ ਵਿਦਿਆਰਥੀ ਅਜਿਹੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਚੁੱਕੇ ਹਨ, ਜੋ ਵਿਦੇਸ਼ ਤਾਂ ਪਹੁੰਚ ਗਏ ਪਰ ਜਦੋਂ ਜਾਂਚ ਹੋਈ ਤਾਂ ਉਹਨਾਂ ਦੇ ਦਸਤਾਵੇਜ਼ਾਂ ਵਿਚ ਕਮੀ ਪਾਈ ਗਈ। ਅੱਜਕਲ੍ਹ ਆਸਟ੍ਰੇਲੀਆ ਦੇ ਏਅਰਪੋਰਟਾਂ ਤੋਂ ਵੀ ਲੋਕਾਂ ਨੂੰ ਮੋੜਿਆ ਜਾ ਰਿਹਾ ਹੈ, ਜਿਹਨਾਂ ਦੇ ਦਸਤਾਵੇਜ਼ਾਂ ਵਿਚ ਕਮੀ ਪਾਈ ਜਾ ਰਹੀ ਹੈ। ਇਹ ਤਾਂ ਉਹ ਹਨ ਜਿਹੜੇ ਦਸਤਾਵੇਜ਼ ਤਾਂ ਜਾਅਲੀ ਬਣਵਾ ਲੈਂਦੇ ਹਨ ਪਰ ਜ਼ਿਆਦਾਤਰ ਤਾਂ ਅਜਿਹੇ ਹਨ, ਜਿਹੜੇ ਸਹੀ ਤਰੀਕੇ ਨਾਲ ਵਿਦੇਸ਼ ਜਾ ਹੀ ਨਹੀਂ ਸਕਦੇ। ਉਹ ਬਣਦੇ ਹਨ ਸ਼ਿਕਾਰ ਏਜੰਟਾਂ ਦੇ ਝਾਂਸਿਆਂ ਦਾ ਅਤੇ ਮੋਟੀਆਂ ਰਕਮਾਂ ਲੁਟਾ ਕੇ ਡੰਕੀਆਂ ਲਗਾ ਕੇ ਵਿਦੇਸ਼ ਪਹੁੰਚਦੇ ਹਨ। ਉਹਨਾਂ ਵਿਚੋਂ ਕਈ ਕਿਸਮਤ ਵਾਲੇ ਹਨ ਅਤੇ ਕਈ ਬਦਕਿਸਮਤ। ਕਿਸਮਤ ਵਾਲੇ ਉਹ ਮੰਨੇ ਜਾ ਸਕਦੇ ਹਨ, ਜਿਹੜੇ ਏਜੰਸੀਆਂ ਦੇ ਢਹੇ ਨਹੀਂ ਚੜ੍ਹੇ ਅਤੇ ਬਚ-ਬਚਾਅ ਕੇ ਇੰਨਾ ਕੁ ਜੁਗਾੜ ਕਰ ਲਿਆ ਕਿ ਵਿਦੇਸ਼ ਵਿਚ ਰਹਿ ਸਕਣ। ਬਦਕਿਸਮਤ ਉਹ ਹਨ, ਜਿਹੜੇ ਪਕੜ ਲਏ ਅਤੇ ਨਜਾਇਜ਼ ਪ੍ਰਵਾਸੀਆਂ ਦੀ ਸ਼੍ਰੇਣੀ ਵਿਚ ਆ ਗਏ, ਉਹਨਾਂ ਤੇ ਵਾਪਸ ਭੇਜਣ ਦੀ ਤਲਵਾਰ ਅੱਜਕਲ੍ਹ ਅਮਰੀਕਾ ਵਿਚ ਸਭ ਤੋਂ ਜ਼ਿਆਦਾ ਚੱਲ ਰਹੀ ਹੈ। ਸਿਰਫ ਅਮਰੀਕਾ ਨਹੀਂ ਕੈਨੇਡਾ ਅਤੇ ਆਸਟ੍ਰੇਲੀਆ ਸਮੇਤ ਯੂਰਪ ਦੇ ਕੁਝ ਮੁਲਕ ਵੀ ਇਸੇ ਨੀਤੀ ਤੇ ਕੰਮ ਕਰ ਰਹੇ ਹਨ, ਜੋ ਨਜਾਇਜ਼ ਆ ਵੜੇ ਲੋਕਾਂ ਨੂੰ ਕੱਢਣ ਲਈ ਯੋਜਨਾਵਾਂ ਬਣਾ ਰਹੇ ਹਨ। ਹਾਲਾਂਕਿ ਇਸ ਜੁਗਾੜੂ ਪ੍ਰਵਿਰਤੀ ਦਾ ਸ਼ਿਕਾਰ ਇਕੱਲੇ ਪੰਜਾਬੀ ਨਹੀਂ ਬਲਕਿ ਕਈ ਅਫਰੀਕਨ ਮੁਲਕਾਂ ਤੋਂ ਵੀ ਲੋਕੀ ਜੁਗਾੜ ਲਗਾ ਕੇ ਪੱਛਮੀ ਮੁਲਕਾਂ ਵਿਚ ਆ ਵੜਦੇ ਹਨ। ਜਿੱਥੋਂ ਤੱਕ ਭਾਰਤ ਦਾ ਸਬੰਧ ਹੈ, ਭਾਰਤ ਵਿਚ ਪੰਜਾਬ ਅਤੇ ਗੁਜਰਾਤ ਇਸ ਮਾਮਲੇ ਵਿਚ ਸਭ ਤੋਂ ਅੱਗੇ ਹਨ ਅਤੇ ਇਹ ਹਵਾ ਹੁਣ ਹਰਿਆਣਾ, ਹਿਮਾਚਲ, ਉਤਰ ਪ੍ਰਦੇਸ਼ ਵਿਚ ਵੀ ਵੜਦੀ ਜਾ ਰਹੀ ਹੈ। ਸਾਡੀ ਤਾਂ ਸਭ ਨੂੰ ਇਹੀ ਸਲਾਹ ਹੈ ਕਿ ਜੁਗਾੜੂ ਪ੍ਰਵਿਰਤੀ ਦਾ ਤਿਆਗ ਕਰੋ, ਜੋ ਸਹੀ ਤਰੀਕੇ ਨਾਲ ਵਿਦੇਸ਼ ਆ ਸਕਦੇ ਹਨ, ਆਉਣ ਪਰ ਆਪਣੇ ਮਾਪਿਆਂ ਦੀ ਸਖਤ ਮਿਹਨਤ ਦੀ ਕਮਾਈ ਨੂੰ ਉਜਾੜ ਕੇ ਵਿਦੇਸ਼ ਜਾਣ ਦੀ ਪ੍ਰਵਿਰਤੀ ਦਾ ਤਿਆਗ ਕਰਨ ਕਿਉਂਕਿ ਮੋਟੀਆਂ ਕਮਾਈਆਂ ਸਿਰਫ ਵਿਦੇਸ਼ਾਂ ਵਿਚ ਹੀ ਨਹੀਂ, ਮੁਲਕ ਵਿਚ ਵੀ ਹੋ ਸਕਦੀਆਂ ਹਨ, ਜੇਕਰ ਸਹੀ ਤਰੀਕੇ ਨਾਲ ਸਿੱਖਿਆ ਅਤੇ ਤਜਰਬਾ ਹਾਸਲ ਕਰਕੇ ਕੰਮ ਕੀਤਾ ਜਾਵੇ।

**-ਬਲਬੀਰ ਸਿੰਘ ਐਮ ਏ**


Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245


The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਟਰੰਪ ਦੀ ਆਮਦ ਦੇ ਦੁਨੀਆਂ ਭਰ 'ਤੇ ਪੈਣ ਵਾਲੇ ਪ੍ਰਭਾਵ

**ਮਨਦੀਪ**

ਵੀਹ ਜਨਵਰੀ ਨੂੰ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਕੁਰਸੀ ਸੰਭਾਲ ਰਹੇ ਹਨ। 'ਅਮਰੀਕਾ ਫਸਟ' ਅਤੇ 'ਅਮਰੀਕਾ ਨੂੰ ਮੁੜ ਮਹਾਨ ਬਣਾਉਣ' ਦੇ ਕੌਮੀ ਸ਼ਾਵਨਵਾਦੀ ਪ੍ਰਚਾਰ ਤਹਿਤ ਉਹਨੇ ਆਵਾਸ (ਇਮੀਗ੍ਰੇਸ਼ਨ) ਨੀਤੀਆਂ ਸਖਤ ਕਰਨ, ਅਮਰੀਕੀ ਵਪਾਰ ਤੇ ਉਤਪਾਦਨ ਦੇ ਹੁਲਾਰੇ ਲਈ ਟੈਰਿਫ ਲਾਉਣ (ਖਾਸਕਰ ਚੀਨ ਉੱਪਰ), ਕੌਮੀ ਸੁਰੱਖਿਆ ਲਈ ਫੌਜੀ ਖਰਚ ਵਧਾਉਣ, ਵਾਤਾਵਰਨ ਸਮਝੌਤਿਆਂ ਦੀ ਪ੍ਰਵਾਹ ਨਾ ਕਰਦਿਆਂ ਤੇਲ ਤੇ ਕੋਲੇ ਦੇ ਉਤਪਾਦਨ ਨੂੰ ਵਧਾਉਣ, ਨੌਕਰਸ਼ਾਹੀ ਸੀਮਤ ਕਰਨ, ਸੋਸ਼ਲ ਮੀਡੀਆ 'ਤੇ ਕੰਟਰੋਲ ਲਈ ਸੈਂਸਰਸ਼ਿਪ ਦਾ ਸਮਰਥਨ ਕਰਨ, ਲਾਤੀਨੀ ਅਮਰੀਕੀ ਨਸ਼ਾ ਮਾਫੀਆ ਨੂੰ ਅਤਿਵਾਦੀ ਐਲਾਨਣ ਆਦਿ ਦੇ ਵਾਅਦੇ ਕੀਤੇ ਹਨ। ਕੁਰਸੀ 'ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਹੀ ਉਹਨੇ ਕੈਨੇਡਾ ਨੂੰ ਅਮਰੀਕਾ ਦੀ 51ਵੀਂ ਸਟੇਟ ਕਹਿਣ ਦੀਆਂ ਗੈਰ-ਸੰਜੀਦਾ ਟਿੱਪਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਤੋਂ ਇਲਾਵਾ ਕੈਨੇਡੀਅਨ ਵਪਾਰ ਉੱਤੇ 25% ਅਤੇ ਚੀਨੀ ਦਰਾਮਦਾਂ ਉੱਤੇ 100% ਟੈਰਿਫ ਲਗਾਉਣ, ਬ੍ਰਿਕਸ ਮੁਦਰਾ ਬਣਾਉਣ ਦੀ ਸੂਰਤ ਵਿੱਚ ਬ੍ਰਿਕਸ ਮੁਲਕਾਂ ਉੱਤੇ 100% ਟੈਰਿਫ ਤੇ ਆਰਥਿਕ ਰੋਕਾਂ ਲਾਉਣ ਦੀ ਧਮਕੀ ਦੇਣ, ਨਾਟੋ ਮੁਲਕਾਂ ਨੂੰ ਫੌਜੀ ਖਰਚ ਵਧਾਉਣ, ਪਨਾਮਾ ਨਹਿਰ 'ਤੇ ਮੁੜ ਕਬਜ਼ਾ ਕਰਨ, ਗਰੀਨਲੈਂਡ ਟਾਪੂ ਨੂੰ ਅਮਰੀਕਾ ਵਿੱਚ ਸ਼ਾਮਲ ਕਰਨ ਅਤੇ ਗੈਰ-ਕਾਨੂੰਨੀ ਪਰਵਾਸੀਆਂ ਦੇ ਵੱਡੀ ਪੱਧਰ'ਤੇ ਦੇਸ਼-ਨਿਕਾਲੇ ਦੇ ਬਿਆਨਾਂ ਨਾਲ ਗਲੋਬਲ ਆਰਥਿਕਤਾ ਅਤੇ ਸਿਆਸਤ ਵਿੱਚ ਸਹਿਮ ਤੇ ਨਵੇਂ ਕਿਆਸ ਪੈਦਾ ਹੋ ਰਹੇ ਹਨ। ਟਰੰਪ ਦੇ ਇਨ੍ਹਾਂ ਬਿਆਨਾਂ ਪਿੱਛੇ ਅਮਰੀਕੀ ਸਾਮਰਾਜ ਦੀ ਨੀਤੀ ਅਤੇ ਇਸ ਦੇ ਵਿਸ਼ਵਵਿਆਪੀ ਪ੍ਰਭਾਵ ਬੁੱਝਣੇ ਜ਼ਰੂਰੀ ਹਨ।

ਅਮਰੀਕਾ ਅੰਦਰ ਬਾਇਡਨ ਪ੍ਰਸ਼ਾਸਨ ਤੋਂ ਟਰੰਪ ਪ੍ਰਸ਼ਾਸਨ ਵੱਲ ਤਬਦੀਲੀ ਖਾਸ ਇਤਿਹਾਸਕ ਸਮੇਂ ਹੋ ਰਹੀ ਹੈ। ਇਹ ਉਹ ਅਹਿਮ ਦੌਰ ਹੈ ਜਦੋਂ ਸਾਮਰਾਜੀ ਅਮਰੀਕੀ ਮਹਾਂ ਸ਼ਕਤੀ ਸੰਸਾਰ ਮੰਚ 'ਤੇ ਆਪਣੇ ਬਰਾਬਰ ਨਵੀਆਂ ਉੱਭਰ ਰਹੀਆਂ ਚੁਣੌਤੀਆਂ ਸੰਗ ਭਿੜਦੀ ਨਿਵਾਣ ਵੱਲ ਜਾ ਰਹੀ ਹੈ। ਅਮਰੀਕਾ ਸਿਰ ਵਿਦੇਸ਼ੀ ਕਰਜ਼ ਵਧ ਰਿਹਾ ਹੈ ਅਤੇ ਸਮਾਜ ਵਿੱਚ ਅਮੀਰੀ-ਗਰੀਬੀ ਦਾ ਪਾੜਾ ਡੂੰਘਾ ਹੋ ਰਿਹਾ ਹੈ।

ਵਿਸ਼ਵ ਮੰਡੀ ਵਿੱਚ ਪੁਰਾਣੇ ਸ਼ਰੀਕ ਮੁੜ ਸਿਰ ਚੁੱਕ ਰਹੇ ਹਨ। ਆਰਥਿਕ ਮੰਦਹਾਲੀ ਨਾਲ ਜੂਝ ਰਹੇ ਅਮਰੀਕਾ ਸਾਹਮਣੇ ਇਸ ਸਮੇਂ ਸਭ ਤੋਂ ਵੱਡੀ ਚੁਣੌਤੀ ਆਰਥਿਕ ਤੇ ਫੌਜੀ ਤੌਰ 'ਤੇ ਉਭਰ ਰਿਹਾ ਚੀਨੀ ਸਾਮਰਾਜ ਹੈ ਜਿਸ ਦਾ ਪ੍ਰਭਾਵ ਵਿਸ਼ਵ ਮੰਡੀ ਵਿੱਚ ਲਗਾਤਾਰ ਵਧ-ਫੁੱਲ ਰਿਹਾ ਹੈ। ਦੂਜੀ ਚੁਣੌਤੀ ਰੂਸੀ ਸਾਮਰਾਜ ਹੈ ਜੋ ਆਮ ਤੌਰ 'ਤੇ ਵਿਸ਼ਵ ਹਥਿਆਰ ਮੰਡੀ, ਖਾਸ ਤੌਰ 'ਤੇ ਜੰਗੀ ਪ੍ਰਭਾਵ ਵਾਲੇ ਮੱਧ-ਪੂਰਬੀ ਖਿੱਤੇ ਵਿੱਚ ਫੌਜੀ ਸਾਜ਼ੋ-ਸਮਾਨ ਦੀ ਮੰਡੀ ਵਾਸਤੇ ਅਮਰੀਕੀ 'ਫੌਜੀ ਉਦਯੋਗਕ ਕੰਪਲੈਕਸ' ਲਈ ਅਤੇ ਯੂਰੋਪੀਅਨ-ਏਸ਼ਿਆਈ ਖਿੱਤੇ ਦੀ ਊਰਜਾ ਮੰਡੀ ਲਈ ਚੁਣੌਤੀ ਬਣਿਆ ਹੋਇਆ ਹੈ। ਰੂਸ ਕੋਲ ਤੇਲ, ਗੈਸ, ਅਨਾਜ ਅਤੇ ਹੋਰ ਕੱਚੇ ਮਾਲ ਦੇ ਵਿਸ਼ਾਲ ਭੰਡਾਰ ਹਨ; ਸ਼ਕਤੀਸ਼ਾਲੀ ਫੌਜੀ ਅਤੇ ਪਰਮਾਣੂ ਹਥਿਆਰਾਂ ਕਰ ਕੇ ਇਸ ਦੀ ਵਿਸ਼ਵਵਿਆਪੀ ਪਹੁੰਚ ਅਮਰੀਕੀ ਸਾਮਰਾਜ ਨੂੰ ਟੱਕਰ ਦਿੰਦੀ ਹੈ। ਸੰਸਾਰ ਮੰਡੀ ਵਿੱਚ ਰੂਸ ਤੇ ਚੀਨ, ਅਮਰੀਕਾ ਦੇ ਗਲੋਬਲ ਹਿੱਤਾਂ ਨੂੰ ਚੁਣੌਤੀ ਦੇਣ ਵਾਲੇ ਦੋ ਵੱਡੇ ਆਰਥਿਕ ਤੇ ਫੌਜੀ ਕੇਂਦਰ ਹਨ। ਦੂਜੇ ਪਾਸੇ, ਸੰਸਾਰ ਭਰ ਵਿੱਚ ਕਮਿਊਨਿਸਟ ਲਹਿਰ ਕਮਜ਼ੋਰ ਹਾਲਾਤ ਵਿੱਚ ਗੁਜ਼ਰ ਰਹੀ ਹੈ ਅਤੇ ਸੋਵੀਅਤ ਯੂਨੀਅਨ ਵਾਂਗ ਸੰਸਾਰ 'ਚ ਇਸ ਦਾ ਮਜ਼ਬੂਤ ਵਿਚਾਰਧਾਰਕ-ਸਿਆਸੀ ਕੇਂਦਰ ਵੀ ਵਜੂਦ ਵਿੱਚ ਨਹੀਂ ਹੈ।

ਚਾਰ ਸਾਲਾਂ 'ਚ ਬੈਂਕਰਾਂ, ਵਾਲ ਸਟ੍ਰੀਟ ਦੇ ਕਾਰਪੋਰੇਟਰਾਂ ਤੇ ਅਮਰੀਕਾ ਵਿਚਲੀ ਯਹੂਦੀ ਲੌਬੀ ਨੇ ਬਾਇਡਨ ਪ੍ਰਸ਼ਾਸਨ ਰਾਹੀਂ ਆਪਣਾ ਸਾਮਰਾਜੀ ਵਿਸਤਾਰਵਾਦੀ ਏਜੰਡਾ ਅੱਗੇ ਵਧਾਉਣ ਦਾ ਯਤਨ ਕੀਤਾ ਸੀ ਜਿਸ ਨੇ ਕੁਝ ਪ੍ਰਾਪਤੀਆਂ ਦੇ ਬਾਵਜੂਦ ਅਮਰੀਕੀ ਸਾਮਰਾਜ ਲਈ ਨਵੀਆਂ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ। ਅਮਰੀਕਾ ਨੇ ਪਹਿਲਾਂ ਹੀ ਇਰਾਕ, ਇਰਾਨ, ਲਿਬੀਆ, ਉੱਤਰੀ ਕੋਰੀਆ, ਰੂਸ, ਕਿਊਬਾ, ਵੈਨੇਜ਼ੁਏਲਾ ਆਦਿ ਉੱਤੇ ਆਰਥਿਕ ਰੋਕਾਂ ਲਾਈਆਂ ਹੋਈਆਂ ਹਨ; ਨਾਲ ਹੀ ਇਹ ਇਜ਼ਰਾਈਲ-ਫ਼ਲਸਤੀਨ ਤੇ ਰੂਸ-ਯੂਕਰੇਨ ਜੰਗਾਂ ਵਿੱਚ ਅਸਿੱਧਾ ਉਲਝਿਆ ਹੋਇਆ ਹੈ। ਇਨ੍ਹਾਂ ਜੰਗਾਂ ਨੇ ਜਿੱਥੇ ਸੰਸਾਰ ਭਰ ਵਿੱਚ ਮਹਿੰਗਾਈ ਵਧਾਈ ਹੈ ਉੱਥੇ ਇਸ ਨਾਲ ਅਮਰੀਕਾ ਦੇ ਲੋਕਾਂ ਵਿੱਚ ਮਹਿੰਗਾਈ ਪ੍ਰਤੀ ਉਦਾਸੀਨਤਾ ਅਤੇ ਗੁੱਸੇ ਨੂੰ ਜ਼ਰਬਾਂ ਦਿੱਤੀਆਂ ਹਨ। ਬਾਇਡਨ ਪ੍ਰਸ਼ਾਸਨ ਦੀਆਂ ਨਲਾਇਕੀਆਂ ਕਰ ਕੇ ਰੂਸ-ਯੂਕਰੇਨ ਜੰਗ ਕਾਰਨ ਇੱਕ ਤਾਂ ਅਮਰੀਕਾ ਦੇ ਮੁੱਖ ਵਿਰੋਧੀ ਚੀਨ ਨੂੰ ਜੰਗੀ ਬੋਝ ਤੋਂ ਪਾਸੇ ਰਹਿ ਕੇ ਸੰਸਾਰ ਵਪਾਰ ਮੰਡੀ 'ਚ ਪੈਰ ਪਸਾਰਨ ਦਾ ਮੌਕਾ ਮਿਲ ਗਿਆ; ਦੂਜਾ, ਰੂਸ ਦੇ ਅਮਰੀਕਾ ਵਿਰੋਧੀ ਮੁਲਕਾਂ ਨਾਲ ਬੇਰੋਕ ਵਪਾਰਕ ਸਬੰਧ ਸਥਾਪਤ ਹੋ ਗਏ। ਤੀਜਾ, ਅਮਰੀਕੀ ਭਾਈਵਾਲ ਯੂਰੋਪੀਅਨ ਦੇਸ਼ਾਂ ਅੰਦਰ ਮਹਿੰਗਾਈ ਦੀ ਗਰਜ਼ ਉੱਠਣ ਨਾਲ ਵੱਡੀਆਂ ਆਰਥਿਕ-ਸਮਾਜਿਕ ਸਮੱਸਿਆਵਾਂ ਪੈਦਾ ਹੋ ਗਈਆਂ। ਚੌਥਾ, ਰੂਸ ਦਾ ਯੂਕਰੇਨ ਜੰਗ ਵਿੱਚ ਅਮਰੀਕਾ ਤੇ ਉਸ ਦੇ ਨਾਟੋ ਭਾਈਵਾਲਾਂ ਸਾਹਮਣੇ ਲੰਮਾ ਸਮਾਂ ਡਟੇ ਰਹਿਣਾ ਰੂਸ ਦੇ ਗੁਆਂਢੀ ਯੂਰੋਪੀਅਨ ਮੁਲਕਾਂ ਅੰਦਰ ਅਮਰੀਕੀ ਸਾਮਰਾਜ ਦੀਆਂ ਸੀਮਤਾਈਆਂ ਅਤੇ ਰੂਸੀ ਤਾਕਤ ਦਾ ਗ਼ਲਤ ਅੰਦਾਜ਼ਾ ਨਵੀਂ ਚਿੰਤਾ ਪੈਦਾ ਕਰ ਰਿਹਾ ਹੈ।

'ਅਮਰੀਕਾ ਫਸਟ' ਅਤੇ 'ਅਮਰੀਕਾ ਨੂੰ ਮੁੜ ਮਹਾਨ ਬਣਾਉਣ' ਦੇ ਟਰੰਪ ਦੇ ਨਾਅਰਿਆਂ ਦਾ ਸੰਕੇਤ ਉਸ ਦੌਰ ਵੱਲ ਹੈ ਜਦੋਂ ਦੂਜੀ ਸੰਸਾਰ ਜੰਗ ਤੋਂ ਲੈ ਕੇ 1990 ਦੀਆਂ ਨਵ-ਉਦਾਰਵਾਦੀ ਨੀਤੀਆਂ ਤੱਕ ਅਮਰੀਕੀ ਆਰਥਿਕਤਾ ਦਾ ਸੁਨਹਿਰੀ ਕਾਲ ਰਿਹਾ। ਇਸ ਦੌਰ ਅੰਦਰ ਅਮਰੀਕੀ ਕਾਮਿਆਂ ਦੀ ਔਸਤ ਤਨਖਾਹ ਵਿੱਚ ਦੁੱਗਣਾ ਵਾਧਾ ਹੋਇਆ ਸੀ ਜਿਸ ਨਾਲ ਅਮਰੀਕੀ ਖੁਸ਼ਹਾਲ ਹੋਏ ਸਨ ਪਰ 1990ਵਿਆਂ ਤੋਂ ਬਾਅਦ ਖੁਸ਼ਹਾਲੀ ਦਾ ਇਹ ਦੌਰ ਗਿਰਾਵਟ ਵੱਲ ਜਾ ਰਿਹਾ ਹੈ। ਟਰੰਪ ਇਸ ਦਾ ਦੋਸ਼ ਭ੍ਰਿਸ਼ਟ ਸਿਆਸੀ ਪ੍ਰਬੰਧ ਸਿਰ ਮੜ੍ਹਦਿਆਂ ਲੋਕਾਂ ਦੇ ਨੀਵੇਂ ਹੋ ਰਹੇ ਜੀਵਨ ਪੱਧਰ, ਮਹਿੰਗਾਈ ਤੇ ਘਟ ਰਹੀਆਂ ਨੌਕਰੀਆਂ ਲਈ ਚੀਨ, ਮੈਕਸਿਕੋ, ਵੱਡੀਆਂ ਕਾਰਪੋਰੇਸ਼ਨਾਂ ਅਤੇ ਕੌਮਾਂਤਰੀ ਸੰਸਥਾਵਾਂ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ। ਚੀਨ ਉੱਤੇ ਟੈਰਿਫ ਲਗਾਉਣ ਦੇ ਬਿਆਨ ਅਤੇ ਮੱਧ-ਪੂਰਬ ਵਿੱਚ ਉਸ ਨੂੰ ਘੇਰਨ ਦਾ ਅਰਥ ਹੈ- ਚੀਨੀ ਦਰਾਮਦਾਂ 'ਤੇ ਟੈਕਸ ਨਾਲ ਵਿਸ਼ਵ ਵਪਾਰ ਦੇ ਤਾਣੇ-ਬਾਣੇ ਨੂੰ ਗੰਭੀਰ ਨੁਕਸਾਨ ਪਹੁੰਚਾ ਕੇ ਵਿਸ਼ਵ ਮੰਡੀ ਵਿੱਚ ਆਪਣੀ ਮੰਡੀ ਦਾ ਵਿਸਤਾਰ ਕਰਨਾ।

ਇਸੇ ਤਰ੍ਹਾਂ ਮੈਕਸਿਕੋ ਦੇ ਪਰਵਾਸੀਆਂ ਅਤੇ ਕੈਨੇਡਾ ਉੱਤੇ ਟੈਰਿਫ ਨਾਲ ਉਹ ਉੱਤਰੀ ਅਮਰੀਕੀ (ਕੈਨੇਡਾ-ਅਮਰੀਕਾ-ਮੈਕਸਿਕੋ) ਵਪਾਰਕ ਸੰਧੀਆਂ ਵਿੱਚ ਤਿੱਖੀਆਂ ਤਬਦੀਲੀਆਂ ਦਾ ਚਾਹਵਾਨ ਹੈ। ਨੈਫਟਾ, ਐਪਕ, ਨਾਟੋ ਤੋਂ ਬਾਹਰ ਆਉਣ, ਪੈਰਿਸ ਵਾਤਾਵਰਨ ਸਮਝੌਤਾ ਅਤੇ ਸੰਯੁਕਤ ਰਾਸ਼ਟਰ ਬਾਰੇ ਟਿੱਪਣੀਆਂ ਕਰ ਕੇ ਉਹ ਨਵ-ਉਦਾਰਵਾਦੀ ਨੀਤੀਆਂ ਦੀ ਥਾਂ ਸੁਰੱਖਿਆਵਾਦੀ ਨੀਤੀਆਂ ਦੀ ਤਰਫਦਾਰੀ ਕਰ ਰਿਹਾ ਹੈ।

ਜਦੋਂ ਟਰੰਪ 'ਅਮਰੀਕਾ ਫਸਟ' ਆਖਦਾ ਹੈ ਤਾਂ ਸੰਭਾਵੀ ਤੌਰ 'ਤੇ ਇਸ ਦਾ ਅਰਥ ਹੈ ਕਿ ਉਹ ਅਮਰੀਕੀ ਹਿੱਤਾਂ ਨੂੰ ਤਰਜੀਹ ਦੇ ਕੇ ਚੱਲੇਗਾ ਅਤੇ ਵਪਾਰ, ਤਕਨਾਲੋਜੀ ਤੇ ਸਪਲਾਈ ਚੇਨਾਂ ਵਿੱਚ ਅਮਰੀਕਾ ਦੀ ਸਰਦਾਰੀ ਨਾਲ ਆਰਥਿਕ ਅਤੇ ਭੂ-ਸਿਆਸੀ ਤਣਾਅ ਵਧਾ ਸਕਦਾ ਹੈ। ਚੀਨ ਨਾਲ ਵਪਾਰਕ ਜੰਗ ਦੌਰਾਨ ਤਾਇਵਾਨ ਝਗੜੇ ਦਾ ਹੋਰ ਵੱਡਾ ਕੇਂਦਰ ਬਣ ਸਕਦਾ ਹੈ ਅਤੇ ਉਹ ਇਰਾਨ ਖਿਲਾਫ ਵਧੇਰੇ ਟਕਰਾਅ ਵਾਲਾ ਰੁਖ਼ ਅਪਣਾ ਸਕਦਾ ਹੈ। ਇਸ ਲਈ ਆਉਣ ਵਾਲੇ ਵਰ੍ਹਿਆਂ ਵਿੱਚ ਤਾਇਵਾਨ, ਮੱਧ-ਪੂਰਬ, ਜਾਂ ਪੂਰਬੀ ਯੂਰੋਪ ਵਰਗੇ ਖਿੱਤਿਆਂ ਵਿੱਚ ਤਣਾਅ ਹੋਰ ਵਧ ਸਕਦਾ ਹੈ। ਨੇੜ ਭਵਿੱਖ ਵਿੱਚ ਵਿਸ਼ਵ ਭੂ-ਸਿਆਸਤ ਵਿੱਚ ਹਿੰਦ ਪ੍ਰਸ਼ਾਂਤ ਮਹਾਂਸਾਗਰ ਦਾ ਖਿੱਤਾ ਵਿਸ਼ਵ ਇਤਿਹਾਸ ਵਿੱਚ ਫ਼ੈਸਲਾਕੁਨ ਭੂਮਿਕਾ ਨਿਭਾਏਗਾ।

ਗਲੋਬਲ ਪੂੰਜੀਵਾਦੀ ਦਾਬੇ ਲਈ ਟਰੰਪ ਦੀਆਂ ਨੀਤੀਆਂ ਵੱਡੀਆਂ ਅਮਰੀਕੀ ਕਾਰਪੋਰੇਸ਼ਨਾਂ ਲਈ ਟੈਕਸਾਂ ਵਿੱਚ ਕਟੌਤੀ, ਅਮਰੀਕੀ ਆਰਥਿਕ ਸਰਦਾਰੀ ਲਈ ਅਮਰੀਕੀ ਤਕਨੀਕੀ ਤੇ ਹਥਿਆਰ ਕੰਪਨੀਆਂ ਲਈ ਘਰੇਲੂ ਅਤੇ ਵਿਸ਼ਵ ਪੱਧਰ 'ਤੇ ਮੌਕੇ ਮੁਹੱਈਆ ਕਰਨੇ, ਮਜ਼ਦੂਰ ਅਧਿਕਾਰ ਕਮਜ਼ੋਰ ਕਰਨੇ ਅਤੇ ਲੋਕਤੰਤਰੀ ਨਿਯਮ ਛਿੱਕੇ ਟੰਗਣਾ ਮੁੱਖ ਹੈ। ਇਸ ਤੋਂ ਇਲਾਵਾ ਉਸ ਦਾ ਨਿਸ਼ਾਨਾ ਜੈਵਿਕ ਬਾਲਣ ਨਿਰਭਰਤਾ ਲਈ ਜੈਵਿਕ ਈਂਧਨ 'ਤੇ ਜ਼ੋਰ ਦੇ ਕੇ ਕੁਦਰਤੀ ਸਰੋਤਾਂ ਦਾ ਪੂੰਜੀਵਾਦੀ ਸ਼ੋਸ਼ਣ ਕਰਨਾ ਹੈ। ਤੇਲ ਅਤੇ ਕੋਲਾ ਉਤਪਾਦਨ ਦੀ ਉਸ ਦੀ ਊਰਜਾ ਨੀਤੀ, ਜਲਵਾਯੂ ਅਤੇ ਵਾਤਾਵਰਨ ਦੇ ਕੌਮਾਂਤਰੀ ਸਮਝੌਤਿਆਂ ਦੀ ਉਲੰਘਣਾ ਬਿਨਾਂ ਸੰਭਵ ਨਹੀਂ ਹੋ ਸਕਦੀ।

ਐਲਨ ਮਸਕ ਵਰਗੇ ਵੱਡੇ ਅਰਬਪਤੀ ਕਾਰੋਬਾਰੀਆਂ ਨੂੰ ਸੱਤਾ ਵਿੱਚ ਲਿਆਉਣਾ ਤੇ ਉਸ ਨੂੰ ਡਿਪਾਰਟਮੈਂਟ ਆਫ ਗਵਰਨਮੈਂਟ ਐਫੀਸ਼ੈਂਸੀ' (ਡੀਓਜੀਈ) ਦੇ ਅਹੁਦੇ 'ਤੇ ਨਿਯੁਕਤ ਕਰਨਾ ਵਿੱਤੀ ਸਰਮਾਏ ਦੀ ਚੌਧਰ ਨੂੰ ਹੋਰ ਮਜ਼ਬੂਤ ਕਰਨ ਵੱਲ ਕਦਮ ਹਨ। ਟਰੰਪ ਦੀਆਂ ਚੋਣਾਂ ਵਿੱਚ ਜਿਨ੍ਹਾਂ ਕਾਰਪੋਰੇਸ਼ਨਾਂ ਨੇ ਪੈਸਾ ਲਾਇਆ ਸੀ, ਵਿਆਜ ਸਮੇਤ ਉਗਰਾਹੀ ਦਾ ਸਮਾਂ ਸ਼ੁਰੂ ਹੋ ਚੁੱਕਾ ਹੈ; ਮਸਲਨ, ਐਲਨ ਮਸਕ ਦੀ ਕੰਪਨੀ ਸਪੇਸਐਕਸ ਅਤੇ ਟੈਸਲਾ ਦੇ ਸ਼ੇਅਰ ਟਰੰਪ ਦੀ ਜਿੱਤ ਤੋਂ ਤੁਰੰਤ ਬਾਅਦ ਅਸਮਾਨੀ ਚੜ੍ਹ ਰਹੇ ਹਨ। ਫੈਡਰਲ ਵਿਆਜ ਦਰਾਂ ਅਤੇ ਟੈਕਸਾਂ ਵਿੱਚ ਵਾਧੇ ਕਾਰਨ ਵੱਖ-ਵੱਖ ਮੁਲਕਾਂ ਦੀਆਂ ਮੁਦਰਾਵਾਂ ਅਮਰੀਕੀ ਡਾਲਰ ਦੇ ਮੁਕਾਬਲੇ ਲੁੜਕ ਰਹੀਆਂ ਹਨ। ਐਲਨ ਮਸਕ ਦੇ ਇਸ਼ਾਰਿਆਂ 'ਤੇ ਕ੍ਰਿਪਟੋਕਰੰਸੀ ਨੂੰ ਹੱਲਾਸ਼ੇਰੀ ਦੇਣ ਦੇ ਯਤਨ ਤੇਜ਼ ਕੀਤੇ ਜਾ ਰਹੇ ਹਨ। ਫੌਜੀ ਉਦਯੋਗਕ ਕੰਪਲੈਕਸ ਦੀ ਮਜ਼ਬੂਤੀ ਲਈ ਹਥਿਆਰਾਂ ਦੀ ਪੈਦਾਵਾਰ ਵਧਾਉਣ ਅਤੇ ਫੌਜੀ ਖਰਚ ਵਧਾਉਣੇ ਸੰਸਾਰ ਦੀ ਮੁੜ ਵੰਡ ਦੇ ਸੰਘਰਸ਼ ਦਾ ਹਿੱਸਾ ਹੈ। ਇਉਂ ਕਾਰਪੋਰੇਟ ਪੂੰਜੀ ਨਾਲ ਮਿਲ ਕੇ ਸਾਮਰਾਜੀ ਫੌਜੀ ਰਾਜ ਦਾ ਦਬਦਬਾ ਬਣਾਇਆ ਜਾ ਰਿਹਾ ਹੈ।

ਕੁੱਲ ਮਿਲਾ ਕੇ ਡੋਨਲਡ ਟਰੰਪ ਅਮੀਰ ਜਮਾਤ ਦਾ ਵਫ਼ਾਦਾਰ ਨੁਮਾਇੰਦਾ ਹੈ ਜੋ ਖ਼ੁਦ ਨੂੰ ਮਜ਼ਦੂਰ ਜਮਾਤ ਦੇ ਹਿੱਤਾਂ ਦੇ ਚੈਂਪੀਅਨ ਵਜੋਂ ਪੇਸ਼ ਕਰਨ ਵਿੱਚ ਸਫਲ ਰਿਹਾ ਹੈ। ਉਂਝ, ਹਕੀਕਤ ਵਿੱਚ ਉਹ ਕਾਰਪੋਰੇਟ ਜਮਾਤ ਨੂੰ ਖੁਸ਼ ਕਰਨ ਦੇ ਕਦਮ ਚੁੱਕ ਰਿਹਾ ਹੈ। ਇਹ ਭਰਮ ਸਾਬਤ ਹੋਵੇਗਾ ਕਿ ਟਰੰਪ ਖੁਰ ਰਹੀ ਆਰਥਿਕਤਾ ਨੂੰ ਮੁੜ ਇਸ ਦੇ ਸੁਨਹਿਰੀ ਕਾਲ ਵੱਲ ਮੋੜ ਦੇਵੇਗਾ; ਇੱਕ ਪਾਸੇ ਸੰਸਾਰ ਦੇ ਹਾਲਾਤ ਤੇਜ਼ੀ ਨਾਲ ਬਦਲ ਚੁੱਕੇ ਹਨ, ਦੂਜੇ ਪਾਸੇ ਇਹ ਸਮਝਣਾ ਜ਼ਰੂਰੀ ਹੈ ਕਿ ਕਿਸੇ ਸਾਮਰਾਜੀ ਦੇਸ਼ ਦੀ ਆਰਥਿਕਤਾ ਦਾ ਵਿਕਾਸ ਕਿਸੇ ਇੱਕ ਸ਼ਖ਼ਸ ਦੇ ਵਿਅਕਤੀਗਤ ਵਿਚਾਰਾਂ ਜਾਂ ਇੱਛਾ 'ਤੇ ਨਿਰਭਰ ਨਹੀਂ ਕਰਦਾ, ਇਸ ਦੀਆਂ ਜੜ੍ਹਾਂ ਉਨ੍ਹਾਂ ਅਰਾਜਕ ਪੂੰਜੀਵਾਦੀ ਨੀਤੀਆਂ ਨਾਲ ਜੁੜੀਆਂ ਹਨ ਜਿਸ ਦਾ ਮੂਲ ਮੰਤਰ ਕੁੱਲ ਸਮਾਜ ਦੀ ਕਿਰਤ ਤੇ ਕੁਦਰਤੀ ਸਰੋਤ ਲੁੱਟ ਕੇ ਨਿੱਜੀ ਹੱਥਾਂ 'ਚ ਸੌਂਪਣਾ ਹੈ। ਟਰੰਪ ਦੀਆਂ ਨੀਤੀਆਂ ਜਿੱਥੇ ਸੰਸਾਰ ਆਰਥਿਕਤਾ ਉੱਤੇ ਅਸਰ ਪਾਉਣਗੀਆਂ ਉੱਥੇ ਇਹ ਮੋੜਵੇਂ ਰੂਪ ਵਿੱਚ ਅਮਰੀਕੀ ਆਰਥਿਕਤਾ ਉੱਤੇ ਵੀ ਅਸਰਅੰਦਾਜ਼ ਹੋਣਗੀਆਂ।

ਟਰੰਪ ਦੇ ਬਿਆਨ, ਨੀਤੀਆਂ ਅਤੇ ਘੁਰਕੀਆਂ ਸੰਸਾਰ ਨੂੰ ਮਾੜੇ ਰੁਖ਼ ਪ੍ਰਭਾਵਿਤ ਕਰਨ ਵਾਲੇ ਹਨ। ਇਸ ਨਾਲ ਕੁਝ ਖੇਤਰਾਂ ਵਿੱਚ ਅਮਰੀਕੀ ਆਰਥਿਕਤਾ ਨੂੰ ਵਕਤੀ ਰਾਹਤ ਤਾਂ ਮਿਲ ਸਕਦੀ ਹੈ ਪਰ ਅੰਤਿਮ ਤੌਰ 'ਤੇ ਇਸ ਦੀ ਕੀਮਤ ਸੰਸਾਰ ਭਰ ਦੇ ਲੋਕਾਂ ਨੂੰ ਚੁਕਾਉਣੀ ਪਵੇਗੀ। ਆਉਣ ਵਾਲਾ ਸਮਾਂ ਸਿਆਸੀ ਅਤੇ ਆਰਥਿਕ ਸੰਕਟਾਂ, ਸਰਹੱਦੀ ਵਿਵਾਦਾਂ, ਝਗੜਿਆਂ, ਕੱਟੜਪੰਥੀ ਕੌਮੀ ਜਨੂੰਨ ਅਤੇ ਇਸ ਖ਼ਿਲਾਫ਼ ਸੰਘਰਸ਼ਾਂ ਤੇ ਚੇਤਨਾ ਦਾ ਸਮਾਂ ਹੈ।


## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ
(2) ਅਵਤਾਰ ਸਿੰਘ ਸਹੋਤਾ
(3) ਇੰਦਰਜੀਤ ਸਿੰਘ, ਹੇਵਰਡ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਡਾ. ਚਰਨਜੀਤ ਸਿੰਘ ਉਪਲ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਸੰਤੋਖ ਸਿੰਘ ਜੱਜ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਪ੍ਰੋ. ਜਸਪਾਲ ਸਿੰਘ ਸੈਣੀ
(18) ਮਨਦੀਪ ਸਿੰਘ ਥਿਆੜਾ
(19) ਭੁਪਿੰਦਰ ਸਿੰਘ ਪਦਮ

# ਕੈਨੇਡਾ ਦੇ ਵਿਗੜਦੇ ਹਾਲਾਤ ਅਤੇ ਪਰਵਾਸੀਆਂ ਦੀ ਸਮੱਸਿਆ

ਪ੍ਰਿੰਸੀਪਲ ਵਿਜੈ ਕੁਮਾਰ

ਇਹ ਗੱਲ ਜੱਗ ਜਾਹਿਰ ਹੋ ਚੁੱਕੀ ਹੈ ਕਿ ਕੈਨੇਡਾ ਦੇ ਆਰਥਿਕ ਹਾਲਾਤ ਦਿਨ ਪ੍ਰਤੀ ਦਿਨ ਵਿਗੜਦੇ ਜਾ ਰਹੇ ਹਨ। ਜੇਕਰ ਇਹ ਵੀ ਕਹਿ ਲਿਆ ਜਾਵੇ ਕਿ ਕੈਨੇਡਾ ਦੇ ਕੇਵਲ ਆਰਥਿਕ ਹਾਲਾਤ ਹੀ ਨਹੀਂ ਸਗੋਂ ਰਾਜਨੀਤਿਕ ਅਤੇ ਸਮਾਜਿਕ ਹਾਲਾਤ ਵੀ ਮੰਦਹਾਲੀ ਵੱਲ ਨੂੰ ਵਧ ਰਹੇ ਹਨ, ਸ਼ਾਂਤੀ ਵਿਵਸਥਾ ਭੰਗ ਹੁੰਦੀ ਜਾ ਰਹੀ ਹੈ ਅਤੇ ਨੈਤਿਕ ਕਦਰਾਂ ਕੀਮਤਾਂ ਵੀ ਪੇਤਲੀਆਂ ਪੈਦੀਆਂ ਜਾ ਰਹੀਆਂ ਹਨ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਕੈਨੇਡਾ ਦੀ ਇਸ ਮੰਦਹਾਲੀ ਦੇ ਕਾਰਨ ਉਸ ਦੇ ਅੰਤਰਰਾਸ਼ਟਰੀ ਵੱਕਾਰ ਨੂੰ ਧੱਕਾ ਲੱਗਿਆ ਹੈ।

ਕੈਨੇਡਾ ਦੇ ਦਿਨ ਪ੍ਰਤੀ ਦਿਨ ਵਿਗੜ ਰਹੇ ਹਾਲਾਤ ਕਾਰਨ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਪਰਵਾਸੀਆਂ ਦਾ ਇਸ ਮੁਲਕ ਵਿੱਚ ਆਉਣ ਦਾ ਰੁਝਾਨ ਵੀ ਘਟਦਾ ਜਾ ਰਿਹਾ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਕੈਨੇਡਾ ਨੂੰ ਆਪਣੇ ਮੁਲਕ ਵਿੱਚ ਮਿਲਾ ਕੇ 51ਵਾਂ ਰਾਜ ਬਣਾਉਣ ਦਾ ਬਿਆਨ ਇਸ ਮੁਲਕ ਦੇ ਪਤਨ ਵੱਲ ਨੂੰ ਵਧਣ ਦੀ ਨਿਸ਼ਾਨਦੇਹੀ ਕਰਦਾ ਹੈ। ਕੈਨੇਡਾ ਨੇ ਆਪਣੇ ਆਰਥਿਕ ਹਾਲਾਤ ਨੂੰ ਸੁਧਾਰਨ ਲਈ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਪਰਵਾਸੀਆਂ ਦੀ ਗਿਣਤੀ ਨੂੰ ਘਟਾਉਣ ਲਈ ਪਾਬੰਦੀਆਂ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਦੂਜੇ ਦੇਸ਼ਾਂ ਦੇ ਜਿਹੜੇ ਪਰਵਾਸੀ ਮੁੰਡੇ-ਕੁੜੀਆਂ ਪੜ੍ਹਾਈ ਕਰਨ ਦੇ ਬਹਾਨੇ ਕੈਨੇਡਾ ਵਿੱਚ ਰੁਜ਼ਗਾਰ ਲੱਭਣ ਅਤੇ ਪੱਕੇ ਤੌਰ ’ਤੇ ਵਸਣ ਲਈ ਆਏ ਹੋਏ ਹਨ, ਉਨ੍ਹਾਂ ਉੱਤੇ ਵਰਕ ਪਰਮਿਟ, ਐੱਲਐੱਮਆਈ, ਪੜ੍ਹਾਈ, ਨੌਕਰੀਆਂ ਅਤੇ ਪੱਕੀ ਨਾਗਰਿਕਤਾ ਨੂੰ ਲੈ ਕੇ ਕਾਨੂੰਨਾਂ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਸੋਧਾਂ ਕਰਕੇ ਉਨ੍ਹਾਂ ਨੂੰ ਮੁਲਕ ਨੂੰ ਛੱਡਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਹੁਣ ਸਵਾਲ ਇਹ ਹੈ ਕਿ ਇਸ ਤਰ੍ਹਾਂ ਦੀਆਂ ਪਾਬੰਦੀਆਂ ਲਗਾ ਕੇ ਕੀ ਕੈਨੇਡਾ ਦੇ ਹਾਲਾਤ ਸੁਧਰ ਜਾਣਗੇ? ਇਸ ਸਵਾਲ ਦਾ ਦੋ ਟੁੱਕ ਜਵਾਬ ਇਹ ਹੈ ਕਿ ਦੂਜੇ ਦੇਸ਼ਾਂ ਤੋਂ ਕੈਨੇਡਾ ਵਿੱਚ ਆਉਣ ਵਾਲੇ ਪਰਵਾਸੀਆਂ ਦੀ ਆਮਦ ਉੱਤੇ ਪਾਬੰਦੀਆਂ ਲਗਾਉਣ ਅਤੇ ਇਸ ਮੁਲਕ ਵਿੱਚ ਵਸਣ ਆਏ ਲੋਕਾਂ ਨੂੰ ਇਸ ਨੂੰ ਛੱਡਣ ਲਈ ਮਜਬੂਰ ਕਰਨ ਨਾਲ ਇਸ ਦੇ ਹਾਲਾਤ ਸੁਧਰਨ ਦੀ ਬਜਾਏ ਹੋਰ ਵੀ ਜ਼ਿਆਦਾ ਵਿਗੜ ਜਾਣਗੇ। ਜੇਕਰ ਬਿਮਾਰੀ ਦੇ ਮੁਤਾਬਿਕ ਉਸ ਦਾ ਇਲਾਜ ਨਾ ਕੀਤਾ ਜਾਵੇ ਤਾਂ ਇਹ ਸਮਝੋ ਕਿ ਮਰੀਜ਼ ਦੀ ਬਿਮਾਰੀ ਠੀਕ ਹੋਣ ਦੀ ਬਜਾਏ ਹੋਰ ਵਿਗੜੇਗੀ। ਕੈਨੇਡਾ ਦਾ ਅਰਥਚਾਰਾ ਵਿਦੇਸ਼ਾਂ ਤੋਂ ਆਉਣ ਵਾਲੇ ਪਰਵਾਸੀ ਲੋਕਾਂ ਦੀ ਆਮਦ ਤੋਂ ਹੋਣ ਵਾਲੀ ਕਮਾਈ ਉੱਤੇ ਕਾਫ਼ੀ ਹੱਦ ਤੱਕ ਨਿਰਭਰ ਕਰਦਾ ਹੈ। ਜੇਕਰ ਪਰਵਾਸੀਆਂ ਉੱਤੇ ਪਾਬੰਦੀ ਲਗਾ ਦਿੱਤੀ ਜਾਵੇਗੀ ਅਤੇ ਉਨ੍ਹਾਂ ਨੂੰ ਇਹ ਮੁਲਕ ਛੱਡਣ ਲਈ ਮਜਬੂਰ ਕੀਤਾ ਜਾਵੇਗਾ ਤਾਂ ਹਾਲਾਤ ਸੁਧਰਨ ਦੀ ਬਜਾਏ ਹੋਰ ਵਿਗੜਨ ਦੀ ਸੰਭਾਵਨਾ ਜ਼ਿਆਦਾ ਹੈ।

ਕੈਨੇਡਾ ਦੇ ਹਾਲਾਤ ਨੂੰ ਸੁਧਾਰਨ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਦੀ ਗੱਲ ਕਰਨ ਤੋਂ ਪਹਿਲਾਂ ਉਨ੍ਹਾਂ ਕਾਰਨਾਂ ਉੱਤੇ ਵਿਚਾਰ ਕਰਨਾ ਜ਼ਰੂਰੀ ਹੈ ਜਿਨ੍ਹਾਂ ਕਾਰਨ ਇਸ ਮੁਲਕ ਦੇ ਹਾਲਾਤ ਵਿਗੜੇ ਹਨ। ਸਭ ਤੋਂ ਪਹਿਲਾਂ ਤਾਂ ਇੱਥੋਂ ਦੀ ਸਰਕਾਰ ਵੱਲੋਂ ਆਪਣੇ ਅਰਥਚਾਰੇ ’ਚ ਵਾਧਾ ਕਰਨ ਲਈ ਦੂਜੇ ਦੇਸ਼ਾਂ ਤੋਂ ਪਰਵਾਸੀ ਮੁੰਡੇ-ਕੁੜੀਆਂ ਅਤੇ ਹੋਰ ਵਰਗ ਦੇ ਲੋਕਾਂ ਨੂੰ ਬੁਲਾ ਤਾਂ ਲਿਆ ਗਿਆ, ਪਰ ਉਨ੍ਹਾਂ ਲਈ ਰੁਜ਼ਗਾਰ, ਮਕਾਨਾਂ ਅਤੇ ਹੋਰ ਲੋੜੀਂਦੀਆਂ ਜ਼ਰੂਰਤਾਂ ਦਾ ਪ੍ਰਬੰਧ ਕਰਨ ਲਈ ਕੋਈ ਯੋਜਨਾ ਬਣਾਈ ਹੀ ਨਹੀਂ ਗਈ। ਇੱਥੋਂ ਦੇ ਸਿਆਸਤਦਾਨਾਂ ਨੂੰ ਇਸ ਮੁਲਕ ਦੀ ਖੁਸ਼ਹਾਲੀ ਨਾਲੋਂ ਆਪਣੀ ਕੁਰਸੀ ਜ਼ਿਆਦਾ ਪਿਆਰੀ ਹੈ। ਸੱਤਾ ਦੇ ਮੋਹ ਵਿੱਚ ਇੱਥੋਂ ਦੀਆਂ ਸਰਕਾਰਾਂ ਸ਼ਤਰੰਜ ਦੇ ਖੇਡ ਵਾਂਗ ਆਪਣੀਆਂ ਚਾਲਾਂ ਚੱਲ ਰਹੀਆਂ ਹਨ।

ਧਰਮਾਂ ਅਤੇ ਨਸਲਾਂ ਦੇ ਆਧਾਰ ’ਤੇ ਦੇਸ਼ ਵਿੱਚ ਅਤਿਵਾਦ ਫੈਲਾਉਣਾ, ਦੇਸ਼ ’ਚ ਫਿਰਕਾਪ੍ਰਸਤੀ ਨੂੰ ਹੱਲਾਸ਼ੇਰੀ ਦੇਣੀ, ਵੋਟਾਂ ਲਈ ਦੇਸ਼ ਵਿੱਚ ਵਸਦੇ ਪਰਵਾਸੀਆਂ ਨੂੰ ਜ਼ਰੂਰਤ ਤੋਂ ਜ਼ਿਆਦਾ ਸਹੂਲਤਾਂ ਦੇ ਕੇ ਸਰਕਾਰੀ ਖ਼ਜ਼ਾਨੇ ਉੱਤੇ ਆਰਥਿਕ ਬੋਝ ਵਧਾਉਣਾ ਅਤੇ ਅੰਤਰਰਾਸ਼ਟਰੀ ਪੱਧਰ ਉੱਤੇ ਕਈ ਦੇਸ਼ਾਂ ਨਾਲ ਆਪਣੇ ਸਬੰਧ ਵਿਗਾੜਨੇ, ਇਸ ਦੇਸ਼ ਦੀਆਂ ਸਰਕਾਰਾਂ ਦੀਆਂ ਸਿਆਸੀ ਚਾਲਾਂ ਦਾ ਹੀ ਹਿੱਸਾ ਹਨ। ਪੁਲੀਸ ਦੀ ਘਾਟ, ਕਾਨੂੰਨਾਂ ਦੇ ਕਮਜ਼ੋਰ ਹੋਣ, ਸਰਕਾਰਾਂ ਦੀ ਜਾਣਬੁੱਝ ਕੇ ਕੀਤੀ ਜਾ ਰਹੀ ਅਣਵੇਖੀ ਕਾਰਨ ਇੱਥੇ ਲੁੱਟਾਂ-ਖੋਹਾਂ, ਮਾਰ-ਮਰਾਈ, ਧੋਖਾਧੜੀ, ਬੇਈਮਾਨੀ, ਫਿਰੌਤੀਆਂ, ਚੋਰੀਆਂ-ਡਕੈਤੀਆਂ ਅਤੇ ਗੁੰਡਾਗਰਦੀ ਕਾਰਨ ਸਹਿਮ, ਦਹਿਸ਼ਤ ਤੇ ਅਸੁਰੱਖਿਆ ਦਾ ਮਾਹੌਲ ਪੈਦਾ ਹੋਣ ਕਾਰਨ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਪਰਵਾਸੀ ਲੋਕਾਂ ਦੀ ਗਿਣਤੀ ਘਟਣ ਲੱਗ ਪਈ। ਸਿੱਟੇ ਵਜੋਂ ਪਰਵਾਸੀਆਂ ਨੇ ਇਸ ਮੁਲਕ ਨੂੰ ਛੱਡਣਾ ਸ਼ੁਰੂ ਕਰ ਦਿੱਤਾ ਅਤੇ ਇੱਥੋਂ ਦੀ ਪੱਕੀ ਨਾਗਰਿਕਤਾ ਨਾ ਲੈਣ ਦਾ ਮਨ ਬਣਾਉਣਾ ਸ਼ੁਰੂ ਕਰ ਦਿੱਤਾ। ਇਸ ਨਾਲ ਇੱਥੋਂ ਦੇ ਅਰਥਚਾਰੇ ਨੂੰ ਢਾਹ ਲੱਗਣੀ ਸ਼ੁਰੂ ਹੋ ਗਈ। ਸਹਿਮ, ਦਹਿਸ਼ਤ ਅਤੇ ਅਸੁਰੱਖਿਆ ਦਾ ਮਾਹੌਲ ਹੋਣ ਕਾਰਨ ਇੱਥੋਂ ਦੇ ਵਪਾਰੀਆਂ, ਕਾਰੋਬਾਰੀਆਂ ਅਤੇ ਕਾਰਖਾਨੇਦਾਰਾਂ ਨੇ ਇਸ ਨੂੰ ਛੱਡ ਕੇ ਹੋਰ ਮੁਲਕਾਂ ਵਿੱਚ ਜਾਣਾ ਸ਼ੁਰੂ ਕਰ ਦਿੱਤਾ ਜਿਸ ਨਾਲ ਇੱਥੇ ਰੁਜ਼ਗਾਰ ਦੇ ਮੌਕੇ ਵਧਣ ਦੀ ਥਾਂ ਘਟਣੇ ਸ਼ੁਰੂ ਹੋ ਗਏ। ਤੇਲ ਵਰਗੇ ਕੁਦਰਤੀ ਸੋਮਿਆਂ ਦਾ ਦੂਜੇ ਮੁਲਕਾਂ ਨਾਲ ਵਪਾਰ ਘਟਣ ਨਾਲ ਕੈਨੇਡਾ ਦੇ ਰੁਜ਼ਗਾਰ ਦੇ ਮੌਕਿਆਂ ਅਤੇ ਅਰਥਚਾਰੇ ਨੂੰ ਕਾਫ਼ੀ ਢਾਹ ਲੱਗੀ।



ਇੱਥੋਂ ਦੇ ਲੋਕਾਂ ਨੇ ਕਾਰਖਾਨਿਆਂ ਵਿੱਚ ਪੈਸਾ ਲਗਾਉਣ ਦੀ ਬਜਾਏ ਰੀਅਲ ਅਸਟੇਟ ਵਿੱਚ ਜ਼ਿਆਦਾ ਪੈਸਾ ਲਗਾਉਣ ਕਾਰਨ ਰੁਜ਼ਗਾਰ ਦੇ ਮੌਕਿਆਂ ਵਿੱਚ ਕਮੀ ਆਉਣ ਲੱਗੀ, ਸਿੱਟੇ ਵਜੋਂ ਬੇਰੁਜ਼ਗਾਰੀ ਵਿੱਚ ਵਾਧਾ ਹੋਇਆ ਹੈ। ਟੈਕਸਾਂ ਦੀ ਚੋਰੀ, ਬੀਮੇ ਦੀ ਯੋਜਨਾ ਦੀ ਦੁਰਵਰਤੋਂ, ਕਾਰਖਾਨੇਦਾਰਾਂ, ਵਪਾਰੀਆਂ, ਰੀਅਲ ਅਸਟੇਟ ਅਤੇ ਹੋਰ ਕਾਰੋਬਾਰੀਆਂ ਵੱਲੋਂ ਹੇਰਾਫੇਰੀਆਂ ਕਰਨ ਦੇ ਕਾਰਨ ਇੱਥੋਂ ਦੇ ਅਰਥਚਾਰੇ ਨੂੰ ਬਹੁਤ ਨੁਕਸਾਨ ਪਹੁੰਚਿਆ ਹੈ। ਮਹਿੰਗਾਈ ਅਤੇ ਟੈਕਸਾਂ ਦੇ ਬੋਝ ਨਾਲ ਆਮ ਲੋਕਾਂ ਦਾ ਜੀਵਨ ਬਸਰ ਕਰਨਾ ਔਖਾ ਹੋ ਗਿਆ ਹੈ। ਜੇਕਰ ਇੱਥੋਂ ਦੇ ਹਾਲਾਤ ਨੂੰ ਸੁਧਾਰਨਾ ਹੈ ਤਾਂ ਸਰਕਾਰਾਂ ਨੂੰ ਪਰਵਾਸੀਆਂ ਦੀ ਆਮਦ ’ਤੇ ਪਾਬੰਦੀ ਲਾਉਣ ਦੀ ਬਜਾਏ ਆਪਣੀ ਕਾਰਜਸ਼ੈਲੀ ਨੂੰ ਬਦਲਣਾ ਪਵੇਗਾ। ਇੱਥੋਂ ਦੇ ਅਰਥਚਾਰੇ ਨੂੰ ਸੁਧਾਰਨ ਲਈ ਟੈਕਸਾਂ ਦੀ ਚੋਰੀ ਅਤੇ ਬੀਮਾ ਯੋਜਨਾ ਦੀ ਦੁਰਵਰਤੋਂ ਰੋਕਣੀ ਪਵੇਗੀ। ਪੁਲੀਸ ਦੀ ਵੱਧ ਤੋਂ ਵੱਧ ਭਰਤੀ ਕਰਕੇ ਅਤੇ ਕਾਨੂੰਨਾਂ ਨੂੰ ਸਖ਼ਤ ਬਣਾ ਕੇ ਦੇਸ਼ ਦੇ ਮਾਹੌਲ ਨੂੰ ਸਹਿਮ, ਦਹਿਸ਼ਤ ਅਤੇ ਅਸੁਰੱਖਿਆ ਤੋਂ ਮੁਕਤ ਕਰਨਾ ਪਵੇਗਾ। ਸਰਕਾਰਾਂ ਨੂੰ ਆਪਣੇ ਸਿਆਸੀ ਹਿੱਤਾਂ ਨਾਲੋਂ ਦੇਸ਼ ਹਿੱਤਾਂ ਬਾਰੇ ਸੋਚਣਾ ਪਵੇਗਾ। ਦੇਸ਼ ਦੀਆਂ ਆਰਥਿਕ ਨੀਤੀਆਂ ਦੇ ਸੁਧਾਰ ਵੱਲ ਧਿਆਨ ਦਿੰਦੇ ਹੋਏ ਲੋਕਾਂ ਨੂੰ ਰੀਅਲ ਅਸਟੇਟ ਦੀ ਬਜਾਏ ਕਾਰਖਾਨਿਆਂ ਵਿੱਚ ਪੈਸਾ ਲਗਾਉਣ ਲਈ ਤਿਆਰ ਕਰਨਾ ਅਤੇ ਆਪਣੇ ਦੇਸ਼ ਦੇ ਕਾਰੋਬਾਰੀਆਂ ਅਤੇ ਕਾਰਖਾਨੇਦਾਰਾਂ ਨੂੰ ਦੂਜੇ ਦੇਸ਼ਾਂ ਵਿੱਚ ਜਾਣ ਤੋਂ ਰੋਕਣਾ ਪਵੇਗਾ। ਵੱਧ ਤੋਂ ਵੱਧ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਹੋਣਗੇ ਤਾਂਕਿ ਮੁਲਕ ਦੀ ਬੇਰੁਜ਼ਗਾਰੀ ਨੂੰ ਠੱਲ੍ਹ ਪਾਈ ਜਾ ਸਕੇ। ਮੁਲਕ ਦੇ ਉਨ੍ਹਾਂ ਹਿੱਸਿਆਂ ’ਚ ਲੋਕਾਂ ਨੂੰ ਵਸਾਉਣਾ ਪਵੇਗਾ, ਜਿਨ੍ਹਾਂ ਵਿੱਚ ਕੁਦਰਤੀ ਕਾਰਨਾਂ ਕਰਕੇ ਆਬਾਦੀ ਘੱਟ ਹੈ। ਅਤਿਵਾਦ ਨੂੰ ਰੋਕਣਾ ਪਵੇਗਾ। ਦੂਜੇ ਦੇਸ਼ਾਂ ਨਾਲ ਆਪਣੇ ਸਬੰਧ ਸੁਧਾਰਨੇ ਹੋਣਗੇ। ਲੁੱਟਾਂ-ਖੋਹਾਂ, ਚੋਰੀਆਂ, ਮਾਰ-ਮਰਾਈ ਕਰਨ ਵਾਲਿਆਂ, ਫਿਰੌਤੀਆਂ ਮੰਗਣ ਵਾਲਿਆਂ, ਜੇਬ੍ਹ ਕਤਰਿਆਂ ਅਤੇ ਦੇਸ਼ ਦਾ ਮਾਹੌਲ ਖ਼ਰਾਬ ਕਰਨ ਵਾਲੇ ਪਰਵਾਸੀਆਂ ਨੂੰ ਇਸ ਮੁਲਕ ਵਿੱਚੋਂ ਕੱਢਣਾ ਪਵੇਗਾ। ਨਸ਼ਿਆਂ ਦੀ ਸਮੱਗਲਿੰਗ ਨੂੰ ਰੋਕਣਾ ਪਵੇਗਾ। ਤਦ ਇੱਥੋਂ ਦੇ ਹਾਲਾਤ ਸੁਧਰਨ ਦੀਆਂ ਸੰਭਾਵਨਾਵਾਂ ਪੈਦਾ ਹੋਣਗੀਆਂ।





‘ਪਰਦੇਸ ਟਾਇਮਜ਼’ ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ

ਸੰਪਰਕ ਕਰੋ: 510-938-7771 shaadi@pardestimes.com

### ਵਰ ਦੀ ਲੋੜ

38 ਸਾਲਾ, ਕਨੇਡੀਅਨ ਸਿਟੀਜ਼ਨ (ਤਲਾਕਸ਼ੁਦਾ, ਕੋਈ ਬੱਚਾ ਨਹੀਂ), ਕੱਦ 5 ਫੁੱਟ 6 ਇੰਚ, ਹੁਣ ਲੀਗਲ ਪ੍ਰੋਫੈਸਨਲ ਵਜੋਂ ਕੰਮ ਕਰਦੀ, ਬੀ. ਕਾਮ, ਐਮ. ਕਾਮ ਅਤੇ ਐਮ. ਬੀ.ਏ., 8 ਸਾਲ 6 ਮਹੀਨੇ ਯੂਨੀਵਰਸਿਟੀ ਪ੍ਰੋਫੈਸਰ ਵਜੋਂ ਕੰਮ ਕੀਤਾ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ: 510-828-4541

### ਕੰਨਿਆ ਦੀ ਲੋੜ

ਗੁਰਸਿੱਖ 30 ਸਾਲਾ, ਕੱਦ 5 ਫੁੱਟ 10 ਇੰਚ ਲੜਕਾ, ਬੀ. ਟੈਕ, ਐਮ. ਈ. ਤੇ ਬਿਜਨਸ ਮੈਨੇਜਮੈਂਟ ਡਿਗਰੀ, ਚੰਗੀ ਕੰਪਨੀ ’ਚ ਕੰਮ ਕਰਦੇ ਯੂ. ਐਸ. ਸਿਟੀਜ਼ਨ ਲਈ ਬਰਾਬਰ ਦੀ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ 747-243-8263


# ਡੋਨਾਲਡ ਟਰੰਪ ਦੀ ਨਵੀਂ ਕੌਮਾਂਤਰੀ ਨੀਤੀ ਹੈ ਖ਼ਤਰਨਾਕ

ਡੋਨਾਲਡ ਟਰੰਪ ਨੇ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕ ਲਈ ਹੈ। ਉਹ ਪਹਿਲੀ ਵਾਰ 20 ਜਨਵਰੀ 2017 ਨੂੰ ਰਾਸ਼ਟਰਪਤੀ ਬਣੇ ਸਨ। ਟਰੰਪ ਦੇ ਚੋਣ ਜਿੱਤਣ ਬਾਰੇ ਕਈ ਤਰ੍ਹਾਂ ਦੀ ਕਨਸੋਆਂ ਚੱਲਦੀਆਂ ਰਹੀਆਂ। ਉਨ੍ਹਾਂ ਦੇ ਦੁਸ਼ਮਣ ਤੇ ਮਿੱਤਰ ਦੇਸ਼ਾਂ ਵਿਚਾਲੇ ਇਹ ਚਰਚਾ ਜ਼ਿਆਦਾ ਅਹਿਮ ਸੀ ਕਿਉਂਕਿ ਟਰੰਪ ਅੜਬ ਕਿਸਮ ਦੇ ਸ਼ਾਸਕ ਵਜੋਂ ਚਰਚਾ ’ਚ ਰਹਿੰਦੇ ਹਨ। ਹੁਣ ਜਦੋਂ ਟਰੰਪ ਦੇ ਹੱਥਾਂ ਵਿਚ ਸੰਸਾਰ ਦਾ ਸਭ ਤੋਂ ਵੱਡਾ ਅਰਥਚਾਰਾ ਹੈ, ਇਸ ਵੇਲੇ ਉਨ੍ਹਾਂ ਵੱਲੋਂ ਲਏ ਜਾਣ ਵਾਲੇ ਫ਼ੈਸਲੇ ਜ਼ਿਆਦਾ ਬਰੀਕੀ ਨਾਲ ਵਿਚਾਰੇ ਜਾ ਰਹੇ ਹਨ।

ਉਨ੍ਹਾਂ ਨੇ ਰਾਸ਼ਟਰਪਤੀ ਬਣਨ ਮੌਕੇ ਕਈ ਅਹਿਮ ਫ਼ੈਸਲਿਆਂ ਵੱਲ ਧਿਆਨ ਖਿੱਚਿਆ ਹੈ। ਇਹ ਫ਼ੈਸਲੇ ਬਹੁਤੇ ਦੇਸ਼ਾਂ ਨੂੰ ਆਪਣੇ ਪ੍ਰਭਾਵ ਹੇਠਾਂ ਲੈਣ ਵਾਲੇ ਮੰਨੇ ਜਾ ਰਹੇ ਹਨ। ਫਿਰ ਉਹ ਭਾਵੇਂ ਦੂਜੇ ਦੇਸ਼ਾਂ ਦੀ ਦਰਾਮਦ-ਬਰਾਮਦ ’ਤੇ ਲੱਗਣ ਵਾਲੇ ਟੈਕਸ ਹੀ ਕਿਉਂ ਨਾ ਹੋਣ। ਇਸ ਤੋਂ ਇਲਾਵਾ ਟਰੰਪ ਵੱਲੋਂ ਆਪਣੇ ਕਾਰ-ਜਕਾਲ ਦੌਰਾਨ ਐਚ1-ਬੀ-1 ਵੀਜ਼ਾ ਪ੍ਰਣਾਲੀ ਨੂੰ ਲੈ ਕੇ ਵੀ ਕੋਈ ਨਵਾਂ ਫੁਰਮਾਨ ਆਉਣ ਦੀ ਉਮੀਦ ਹੈ। ਹਾਲਾਂਕਿ ਰਾਸ਼ਟਰਪਤੀ ਦੀ ਸਹੁੰ ਚੁੱਕਣ ਤੋਂ ਬਾਅਦ ਟਰੰਪ ਨੇ ਕਈ ਗੱਲਾਂ ਦਾ ਉਚੇਚਾ ਜ਼ਿਕਰ ਕੀਤਾ ਹੈ।



ਉਨ੍ਹਾਂ ਨੇ ਇਮੀਗ੍ਰੈਂਟਸ, ਨਸ਼ਾ ਤਸਕਰਾਂ, ਮੈਕਸੀਕੋ ’ਚ ਰਹਿਣ ਦੀ ਆਪਣੀ ਨੀਤੀ ਨੂੰ ਮੁੜ ਲਾਗੂ ਕਰਨ ਦੀ ਯੋਜਨਾ ਦਾ ਵੀ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਦਾਅਵਾ ਕੀਤਾ ਹੈ ਕਿ ਗ਼ੈਰ-ਕਾਨੂੰਨੀ ਪਰਵਾਸ ਨੂੰ ਹਰ ਹੀਲੇ ਰੋਕਣ ਲਈ ਉਪਰਾਲੇ ਕੀਤੇ ਜਾਣਗੇ।

ਟਰੰਪ ਦਾ ਦਾਅਵਾ ਹੈ ਕਿ ਉਨ੍ਹਾਂ ਦਾ ਪ੍ਰਸ਼ਾਸਨ ਅਮਰੀਕਾ ’ਚ ਗ਼ਲਤ ਤਰੀਕਿਆਂ ਨਾਲ ਦਾਖ਼ਲ ਹੋਣ ਵਾਲੇ ਲੋਕਾਂ ’ਤੇ ਨਜ਼ਰ ਰੱਖ ਰਿਹਾ ਹੈ ਤੇ ਅਪਰਾਧਕ ਬਿਰਤੀਆਂ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਮੂਲ ਦੇਸ਼ ਘੱਲੇ ਜਾਣ ਦੀ ਪ੍ਰਕਿਰਿਆ ਵੀ ਸ਼ੁਰੂ ਕੀਤੀ ਜਾਵੇਗੀ। ਟਰੰਪ ਦਾ ਦਾਅਵਾ ਹੈ ਕਿ ਦੇਸ਼ ਵਿਚ ਵਸਣ ਵਾਲੇ ਵੱਖਵਾਦੀ ਸੋਚ ਦੇ ਲੋਕਾਂ ਨੂੰ ਲੈ ਕੇ ਵੀ ਉਨ੍ਹਾਂ ਵੱਲੋਂ ਨਵੀਂ ਨੀਤੀ ਘੜੀ ਜਾ ਸਕਦੀ ਹੈ। ਬ੍ਰਿਕਸ ਦੇਸ਼ਾਂ ਨੂੰ ਟਰੰਪ ਪਹਿਲਾਂ ਹੀ ਕਈ ਤਰ੍ਹਾਂ ਦੀਆਂ ਚਿਤਾਵਨੀਆਂ ਦੇ ਚੁੱਕੇ ਹਨ।

ਭਾਰਤ ਦੇ ਨਜ਼ਰੀਏ ਨਾਲ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਟਰੰਪ ਦਾ ਸਹੁੰ ਚੁੱਕਣਾ ਵੀ ਕਈ ਤਰ੍ਹਾਂ ਨਾਲ ਵਿਚਾਰਿਆ ਜਾ ਰਿਹਾ ਹੈ। ਹਾਲਾਂਕਿ ਟਰੰਪ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਜੱਫੀ ਵਾਲੀਆਂ ਤਸਵੀਰਾਂ ਵਾਇਰਲ ਹੁੰਦੀਆਂ ਰਹੀਆਂ ਹਨ ਪਰ ਟਰੰਪ ਦੇ ਸਹੁੰ ਚੁੱਕ ਸਮਾਗਮ ਵਿਚ ਸ਼ਾਮਲ ਹੋਣ ਵਾਲੇ ਮਹਿਮਾਨਾਂ ਦੀ ਸੂਚੀ ’ਚ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦਾ ਨਾਂ ਨਹੀਂ ਸੀ। ਦੂਜੇ ਪਾਸੇ, ਟਰੰਪ ਦੇ ਸ਼ਾਸਨ ਵਿਚ ਕਈ ਅਹੁਦੇ ਅਜਿਹੇ ਹਨ, ਜਿਨ੍ਹਾਂ ’ਤੇ ਭਾਰਤੀ ਮੂਲ ਦੇ ਲੋਕ ਲਗਾਏ ਗਏ ਹਨ। ਟਰੰਪ ਹਾਲਾਂਕਿ ਕਾਰੋਬਾਰੀ ਸੋਚਣੀ ਵਾਲੇ ਰਾਸ਼ਟਰਪਤੀ ਹਨ ਤੇ ਉਨ੍ਹਾਂ ਤੋਂ ਕਈ ਤਰ੍ਹਾਂ ਦੀਆਂ ਆਸਾਂ-ਉਮੀਦਾਂ ਵੀ ਹਨ। ਆਲਮੀ ਪੱਧਰ ’ਤੇ ਅਮਰੀਕਾ ਖ਼ੁਸ਼ਹਾਲ ਆਰਥਿਕਤਾ ਤੇ ਸੁਰੱਖਿਆ ਪ੍ਰਬੰਧਾਂ ਦੇ ਨਜ਼ਰੀਏ ਤੋਂ ਮਜ਼ਬੂਤ ਦੇਸ਼ ਹੈ।

ਇਸ ਲਈ ਟਰੰਪ ਦੀਆਂ ਨੀਤੀਆਂ ਹੋਰ ਦੇਸ਼ਾਂ ਪ੍ਰਤੀ ਇਸ ਕਾਰਜਕਾਲ ’ਚ ਹਾਂ-ਪੱਖੀ ਸੋਚ ਵਾਲੀਆਂ ਰਹਿਣੀਆਂ ਚਾਹੀਦੀਆਂ ਹਨ। ਉਨ੍ਹਾਂ ਵੱਲੋਂ ਕਈ ਦੇਸ਼ਾਂ ਨੂੰ ਆਪਣੇ ’ਚ ਸ਼ਾਮਲ ਕਰ ਕੇ ਵੱਡਾ ਮੁਲਕ ਬਣਾਉਣ ਦਾ ਵੀ ਦਾਅਵਾ ਕੀਤਾ ਜਾਂਦਾ ਰਿਹਾ ਹੈ। ਗ੍ਰੀਨਲੈਂਡ ਤੇ ਕੈਨੇਡਾ ਨੂੰ ਲੈ ਕੇ ਵੀ ਇਹੋ ਜਿਹੀਆਂ ਖ਼ਬਰਾਂ ਆਉਂਦੀਆਂ ਰਹੀਆਂ ਹਨ।

ਟਰੰਪ ਦੀ ਨਵੀਂ ਆਲਮੀ ਨੀਤੀ ਜੋ ਮਰਜ਼ੀ ਹੋਵੇ ਪਰ ਟਰੰਪ ਪ੍ਰਸ਼ਾਸਨ ਦੂਜੇ ਦੇਸ਼ਾਂ ਲਈ ਕਿਸੇ ਵੀ ਰੂਪ ’ਚ ਖ਼ਤਰੇ ਦੀ ਘੰਟੀ ਨਹੀਂ ਹੋਣਾ ਚਾਹੀਦਾ। ਟਰੰਪ ਨੂੰ ਚਾਹੀਦਾ ਹੈ ਕਿ ਉਹ ਅਮਰੀਕਾ ਨੂੰ ਖ਼ੁਸ਼ਹਾਲ ਕਰਨ ਦੇ ਨਾਲ-ਨਾਲ ਹੋਰ ਦੇਸ਼ਾਂ ਪ੍ਰਤੀ ਵੀ ਸੁਹਿਰਦ ਰਵੱਈਆ ਰੱਖਣ ਤਾਂ ਜੋ ਉਨ੍ਹਾਂ ਨੂੰ ਲੈ ਕੇ ਜੋ ਆਲਮੀ ਪੱਧਰ ’ਤੇ ਖ਼ਦਸ਼ੇ ਹਨ, ਉਹ ਸੱਚ ਨਾ ਹੋਣ।


R.PAL SINGH TAX PROFESSIONAL

ENROLLED AGENT

BOOKKEEPING ACCOUNTS PAYROLLS

IRS e-file

TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!

E.A.

Open 7 Days
Weekends/Evenings
(Year Round Service)
Resonalbe Rates
Call for Appointment

CTEC California Tax Education Council Registered Tax Preparer



CALL: R. PAL. SINGH EA- 510-750-3464

EA 00097224, CRTP A44237 Realtor#148514,

Insurance Life- Only Agent #0G76896

39159 Paseo Padre Pkwy # 103, Fremont, CA 94538

Email:singhrpal@sbeglobal.net Singhtax.com

# ਅਮਰੀਕਾ ਵਿਚ ਅੱਗ ਦੀਆਂ ਵਧਦੀਆਂ ਘਟਨਾਵਾਂ ਅਤੇ ਬੀਮਾ ਕੰਪਨੀਆਂ

ਕੇਵਲ ਸਿੰਘ ਰੱਤੜਾ

ਪਿਛਲੇ ਕੁਝ ਸਾਲਾਂ ਵਿੱਚ ਅਮਰੀਕਾ ਵਿੱਚ ਦੱਖਣੀ ਕੈਲੀਫੋਰਨੀਆ ਨੇ ਵਧੀਆਂ ਹੋਈਆਂ ਅੱਗਾਂ ਦੇ ਕਾਰਨ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕੀਤਾ ਹੈ, ਖ਼ਾਸ ਤੌਰ 'ਤੇ ਲਾਸ ਏਂਜਲਸ ਖੇਤਰ ਵਿੱਚ। ਇਨ੍ਹਾਂ ਕੁਦਰਤੀ ਆਫ਼ਤਾਂ ਦੇ ਵਾਧੇ ਨਾਲ ਬਹੁਤ ਸਾਰੇ ਨਾਗਰਿਕਾਂ ਨੂੰ ਜਿਸ ਨਤੀਜੇ ਦਾ ਸਾਹਮਣਾ ਕਰਨਾ ਪਿਆ ਹੈ: ਉਹ ਹੈ ਉਹਨਾਂ ਦੇ ਘਰਾਂ ਦੀਆਂ ਬੀਮਾ ਪਾਲਿਸੀਆਂ ਦੀ ਰੱਦਗੀ (ਕੈਂਸਲੇਸ਼ਨ)। ਬੀਮਾ ਕੰਪਨੀਆਂ ਜੋ ਆਰਥਿਕ ਜੋਖ਼ਿਮ ਦੇ ਪ੍ਰਬੰਧ ਲਈ ਤਿਆਰ ਕੀਤੀਆਂ





ਗਈਆਂ ਹਨ, ਨੇ ਉੱਚ-ਜੋਖ਼ਿਮ ਵਾਲੇ ਖੇਤਰਾਂ ਲਈ ਕਵਰੇਜ ਘਟਾਉਣ ਦਾ ਫੈਸਲਾ ਲਿਆ ਹੈ ਜਿਸ ਕਾਰਨ ਬਹੁਤ ਸਾਰੇ ਘਰਾਂ ਦੇ ਮਾਲਕ ਆਰਥਿਕ ਅਸਮਾਨਤਾ ਦਾ ਸਾਹਮਣਾ ਕਰ ਰਹੇ ਹਨ। ਇਨ੍ਹਾਂ ਪਾਲਿਸੀਆਂ ਨੂੰ ਰੱਦ ਕਰਨ ਦੇ ਕਾਰਨ ਕੀ ਹਨ, ਇਸ ਦੇ ਰਿਹਾਇਸ਼ੀਆਂ ਲਈ ਕੀ ਅਸਰ ਹਨ ਅਤੇ ਇਸ ਵਧਦੇ ਸੰਕਟ ਨੂੰ ਹੱਲ ਕਰਨ ਲਈ ਸੰਭਾਵੀ ਉਪਾਅ ਕੀ ਹੋ ਸਕਦੇ ਹਨ, ਇਸ ਬਾਰੇ ਵਿਚਾਰ ਕੀਤੀ ਜਾਵੇਗੀ।

ਜਲਵਾਯੂ ਚਿਤਾਵਨੀ, ਸ਼ਹਿਰੀ ਵਿਸਥਾਰ ਅਤੇ ਜੰਗਲਾਂ ਦੇ ਮਾੜੇ ਪ੍ਰਬੰਧਨ ਕਾਰਨ ਕੈਲੀਫੋਰਨੀਆ ਵਿੱਚ ਅੱਗਾਂ ਦੀ ਗਿਣਤੀ ਅਤੇ ਤੀਬਰਤਾ ਵਿੱਚ ਵਾਧਾ ਹੋਇਆ ਹੈ। ਵਧਦੇ ਗਲੋਬਲ ਤਾਪਮਾਨ ਨੇ ਸੁੱਕੇ ਸਮਿਆਂ ਨੂੰ ਲੰਮਾ ਕੀਤਾ ਹੈ, ਸੁੱਕੇ ਪੌਦਿਆਂ ਅਤੇ ਘਾਹ-ਫੂਸ ਦੀ ਗਿਣਤੀ ਵਧਾ ਦਿੱਤੀ ਹੈ ਜਿਸ ਨੇ ਗਰਮੀ ਦੀਆਂ ਲਹਿਰਾਂ ਨੂੰ ਵਧਾ ਦਿੱਤਾ ਹੈ। ਇਸ ਵਰਤਾਰੇ ਨੇ ਵਿਸ਼ਾਲ ਇਲਾਕੇ ਵਿੱਚ ਹੋਰ ਜ਼ਿਆਦਾ ਅਤੇ ਲੰਮੇ ਸਮੇਂ ਤੱਕ ਚਲਣ ਵਾਲੀਆਂ ਅੱਗਾਂ ਲਈ ਕਾਰਨ ਪੈਦਾ ਕੀਤੇ ਹਨ ਅਤੇ ਨਿਵਾਸੀਆਂ ਲਈ ਬੇਹੱਦ ਖ਼ਤਰਨਾਕ ਹਾਲਾਤ ਪੈਦਾ ਕੀਤੇ ਹਨ। ਇਹੀ ਵਰਤਾਰਾ ਪੱਛਮੀ ਕੈਨੇਡਾ ਵਿਚਲੇ ਜੰਗਲਾਂ ਵਿੱਚ ਵੀ ਲਗਭਗ ਹਰ ਸਾਲ ਵਾਪਰਦਾ ਹੈ। ਜੰਗਲੀ ਅੱਗਾਂ ਨਾਲ ਨਜਿੱਠਣਾ ਕੋਈ ਬੱਚਿਆਂ ਦੀ ਖੇਡ ਨਹੀਂ ਹੁੰਦੀ। ਸੜਕੀ ਆਵਾਜਾਈ ਹੁੰਦੀ ਨਹੀਂ ਅਤੇ ਹੈਲੀਕਾਪਟਰ ਰਾਹੀਂ ਪਾਣੀ ਤੇ ਹੋਰ ਘੋਲਾਂ ਦਾ ਛਿੜਕਾਓ ਬਹੁਤ ਔਖਾ ਹੋ ਜਾਂਦਾ ਹੈ ਪਰ ਲਾਸ ਏਂਜਲਸ ਦੇ ਮਹਿੰਗੇ ਇਲਾਕੇ ਵਿੱਚ ਅੱਗ ਨੇ ਬਹੁਤ ਭਾਰੀ ਘਰਾਂ ਅਤੇ ਵਪਾਰਕ ਥਾਵਾਂ ਦਾ ਨੁਕਸਾਨ ਕੀਤਾ ਹੈ ਜੋ ਅਜੇ ਵੀ ਜਾਰੀ ਹੈ। ਲਾਸ ਏਂਜਲਸ ਖੇਤਰ ਆਪਣੇ ਅੱਗ ਪ੍ਰਭਾਵਿਤ ਪਹਾੜੀ ਖੇਤਰਾਂ ਅਤੇ ਸ਼ਹਿਰੀ ਵਿਕਾਸ ਦੇ ਨਾਲ ਖ਼ਾਸ ਤੌਰ 'ਤੇ ਖਤਰਨਾਕ ਬਣ ਗਿਆ ਹੈ। ਸਿਰਫ 2023 ਵਿੱਚ ਕੈਲੀਫੋਰਨੀਆ ਨੇ 4000 ਤੋਂ ਵੱਧ ਅੱਗਾਂ ਦਾ ਸਾਹਮਣਾ ਕੀਤਾ ਜਿਸ ਨਾਲ ਹਜ਼ਾਰਾਂ ਘਰ ਨਸ਼ਟ ਹੋਏ ਅਤੇ ਅਰਬਾਂ ਡਾਲਰ ਦਾ ਨੁਕਸਾਨ ਹੋਇਆ। ਇਨ੍ਹਾਂ ਨੂੰ ਘਟਾਉਣ ਲਈ ਰਾਜ ਤੇ ਕੇਂਦਰੀ ਏਜੰਸੀਆਂ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਪਰ ਟਾਊਨਸ਼ਿਪ ਦੀ ਦੁਬਾਰਾ ਰਚਨਾ ਦੀ ਲਾਗਤ ਨੇ ਬੀਮਾ ਕੰਪਨੀਆਂ 'ਤੇ ਭਾਰੀ ਦਬਾਅ ਪਾਇਆ ਹੈ।

ਹਰ ਬੀਮਾ ਕੰਪਨੀ ਲਾਭ ਪ੍ਰਾਪਤ ਕਰਨ ਲਈ ਕਾਰੋਬਾਰ ਵਿੱਚ ਉਤਰਦੀ ਹੈ। ਉਹ ਕਿਸੇ ਵੀ ਜਾਇਦਾਦ ਦੀ ਕੀਮਤ ਨੂੰ ਆਧਾਰ ਬਣਾ ਕੇ ਕਿਸ਼ਤਾਂ (ਈਐੱਮਆਈ) ਵਸੂਲਦੀ ਹੈ। ਕੋਈ ਵੀ ਕਲੇਮ ਨਾ ਆਉਣ ਦੀ ਸੂਰਤ ਵਿੱਚ ਸਾਲ ਬਾਅਦ ਨੋ ਕਲੇਮ ਬੋਨਸ ਦੀ ਰਿਆਇਤ ਦੇ ਦਿੰਦੀ ਹੈ। ਜਦੋਂ ਕਿਸੇ ਜਾਇਦਾਦ ਦੇ ਬੀਮੇ ਦਾ ਜੋਖ਼ਿਮ ਬਹੁਤ ਵਧ ਜਾਂਦਾ ਹੈ ਤਾਂ ਉਹ ਪ੍ਰੀਮੀਅਮ (ਕਿਸ਼ਤ) ਵਧਾ ਸਕਦੀਆਂ ਹਨ, ਸਖ਼ਤ ਨਿਯਮ ਲਾਗੂ ਕਰ ਸਕਦੀਆਂ ਹਨ ਜਾਂ ਪਾਲਿਸੀਆਂ ਰੱਦ ਕਰ ਸਕਦੀਆਂ ਹਨ, (ਜੇਕਰ ਪਾਲਿਸੀ ਸ਼ਰਤਾਂ ਵਿੱਚ ਇਹ ਨੁਕਤਾ ਲਿਖਿਆ ਹੋਵੇ)। ਅਜਿਹੇ ਖੇਤਰਾਂ ਜਿਵੇਂ ਲਾਸ ਏਂਜਲਸ ਵਿੱਚ ਅੱਗ ਨਾਲ ਸਬੰਧਿਤ ਨੁਕਸਾਨਾਂ ਦੀ ਭਾਰੀ ਮਾਤਰਾ ਨੇ ਬੀਮਾ ਕੰਪਨੀਆਂ ਲਈ ਮੁਨਾਫ਼ੇ ਵਿੱਚ ਬਣੇ ਰਹਿਣ ਅਤੇ ਅੱਗੇ ਤੋਂ ਕਵਰੇਜ ਦੇਣ ਨੂੰ ਮੁਸ਼ਕਿਲ ਬਣਾ ਦਿੱਤਾ ਹੈ। ਕੈਲੀਫੋਰਨੀਆ ਕਾਨੂੰਨ ਬੀਮਾ ਕੰਪਨੀਆਂ ਨੂੰ ਮਜਬੂਰ ਕਰਦਾ ਹੈ ਕਿ ਉਹ ਸੰਭਾਵੀ ਦਾਅਵਿਆਂ ਨੂੰ ਕਵਰ ਕਰਨ ਲਈ ਪ੍ਰਾਪਤ ਰਾਖਵਾਂ ਫੰਡ ਰੱਖਣ ਹਾਲਾਂਕਿ ਅੱਗ ਦੇ ਜੋਖ਼ਿਮਾਂ ਦੀ ਵਧੀ ਲਾਗਤ ਨੇ ਪ੍ਰੀਮੀਅਮ ਤੋਂ ਪ੍ਰਾਪਤ ਕੀਤੀ ਜਾਣ ਵਾਲੀ ਰਕਮ ਨੂੰ ਪਾਰ ਕਰ ਦਿੱਤਾ ਹੈ ਜਿਸ ਨਾਲ ਕਈ ਕੰਪਨੀਆਂ ਦੀ ਆਰਥਿਕ ਸਥਿਰਤਾ ਖ਼ਤਰੇ ਵਿੱਚ ਪਈ ਹੈ। ਨਤੀਜੇ ਵਜੋਂ ਬੀਮਾਕਰਤਾਵਾਂ ਨੇ ਉੱਚ-ਜੋਖ਼ਿਮ ਵਾਲੇ ਖੇਤਰਾਂ ਵਿੱਚ ਆਪਣੀ ਕਵਰੇਜ ਬਾਰੇ ਪੁਨਰ-ਵਿਚਾਰ ਕੀਤਾ ਹੈ ਜਿਸ ਨਾਲ ਘਰ ਦੇ ਮਾਲਕਾਂ ਲਈ ਪਾਲਿਸੀਆਂ ਦੀ ਵਿਆਪਕ ਰੱਦਗੀ (ਕੈਂਸਲੇਸ਼ਨ) ਹੋਈ ਹੈ।

ਪ੍ਰਾਈਵੇਟ ਬੀਮਾ ਕੰਪਨੀਆਂ ਦੁਆਰਾ ਅੱਗ ਪ੍ਰਭਾਵਿਤ ਖੇਤਰਾਂ ਵਿੱਚ ਪਾਲਿਸੀਆਂ ਰੱਦ ਕਰਨ ਲਈ ਕਈ ਕਾਰਕ ਜ਼ਿੰਮੇਵਾਰ ਹਨ। ਬਿਨਾਂ ਬੀਮੇ ਦੇ, ਘਰ ਦੇ ਮਾਲਕਾਂ ਨੂੰ ਅੱਗ ਦੇ ਘਟਨਾ ਵਿੱਚ ਆਪਣੇ ਘਰ ਦੀ ਦੁਬਾਰਾ ਮੁਰੰਮਤ ਜਾਂ ਨਿਰਮਾਣ ਦੀ ਲਾਗਤ ਖੁਦ ਹੀ ਉਠਾਉਣੀ ਪੈਂਦੀ ਹੈ। ਇਹ ਬੋਝ ਕਈਆਂ ਲਈ ਅਸਹਿ ਹੈ ਜੋ ਉਨ੍ਹਾਂ ਦੀ ਆਰਥਿਕ ਸਥਿਰਤਾ ਅਤੇ ਭਵਿੱਖ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਂਦਾ ਹੈ ਅਤੇ ਬਸ ਇਹੀ ਨਹੀਂ, ਬਿਨਾਂ ਬੀਮੇ ਦੇ ਘਰ ਵੇਚਣਾ ਜਾਂ ਗਿਰਵੀ ਲੈਣਾ ਵੀ ਕਾਫ਼ੀ ਮੁਸ਼ਕਿਲ ਬਣ ਜਾਂਦਾ ਹੈ। ਬਹੁਤ ਸਾਰੇ ਵਪਾਰਕ ਬੈਂਕ ਅਤੇ ਫਾਇਨੈਂਸਿੰਗ ਸਥਾਨ ਘਰੇਲੂ ਬੀਮੇ ਦੇ ਬਿਨਾਂ ਗਿਰਵੀ ਨੂੰ ਮਨਜ਼ੂਰੀ ਨਹੀਂ ਦਿੰਦੇ। ਇਸ ਕਾਰਨ ਅੱਗ ਪ੍ਰਭਾਵਿਤ ਖੇਤਰਾਂ ਵਿੱਚ ਜਾਇਦਾਦਾਂ ਦੀਆਂ ਕੀਮਤਾਂ ਡਿੱਗ ਰਹੀਆਂ ਹਨ। ਕਿਰਾਏਦਾਰਾਂ ਲਈ ਵੀ ਬੀਮਾ ਦੀ ਰੱਦਗੀ ਨਾਲ ਕਿਰਾਏ ਵਧ ਰਹੇ ਹਨ ਕਿਉਂਕਿ ਮਕਾਨ ਮਾਲਕ ਆਪਣੇ ਵਧੇ ਹੋਏ ਖ਼ਰਚੇ ਜਾਂ ਜੋਖ਼ਿਮਾਂ ਨੂੰ ਕਿਰਾਏਦਾਰਾਂ 'ਤੇ ਪਾ ਰਹੇ ਹਨ। ਇਸ ਨਾਲ ਲਾਸ ਏਂਜਲਸ ਵਿੱਚ ਮੌਜੂਦਾ ਮਕਾਨ ਮਾਲਕਾਂ (ਬਿਲਡਰ ਕੰਪਨੀਆਂ) ਅਤੇ ਕਿਰਾਏਦਾਰਾਂ ਨੂੰ ਰਿਹਾਇਸ਼ੀ ਸੰਕਟ ਵਿੱਚ ਹੋਰ ਡੂੰਘਾ ਸੁੱਟ ਦਿੱਤਾ ਹੈ ਪਰ ਬੀਮਾ ਕੰਪਨੀਆਂ ਦਾ ਆਪਣੇ ਤੌਰ 'ਤੇ ਹੀ ਮਕਾਨ ਪਾਲਸੀਆਂ ਨੂੰ ਰੱਦ ਕਰਨਾ ਅਨੈਤਿਕ ਕਦਮ ਹੈ। ਆਖ਼ਿਰ ਕੋਈ ਵਿਅਕਤੀ ਬੀਮਾ ਕਰਵਾਉਂਦਾ ਹੀ ਕਿਉਂ ਹੈ? ਚਿੰਤਾ ਮੁਕਤ ਹੋਣ ਲਈ ਕਿ ਕਿਸੇ ਵੀ ਅਣਸੁਖਾਵੀਂ ਘਟਨਾ ਦਾ ਬੋਝ ਉਸ ਦੇ ਪਰਿਵਾਰ ਨੂੰ ਦੀਵਾਲੀਆ ਨਾ ਬਣਾ ਦੇਵੇ। ਕਿਸੇ ਵੀ ਜੋਖ਼ਿਮ ਨੂੰ ਆਂਕਣ ਦਾ ਜ਼ਿੰਮਾ ਬੀਮਾ ਕੰਪਨੀ ਦਾ ਹੈ। ਸਥਾਨਕ ਸਰਕਾਰ ਦੇ ਕਾਨੂੰਨ ਨੂੰ ਇਸ ਤਰ੍ਹਾਂ ਦੀ ਮਨਮਰਜ਼ੀ ਨਹੀਂ ਚੱਲਣ ਦੇਣੀ ਚਾਹੀਦੀ। ਕੰਪਨੀਆਂ ਸਟੇਟ ਜਾਂ ਫੈਡਰਲ ਸਰਕਾਰ ਤੋਂ ਵਿੱਤੀ ਹਾਲਾਤ ਦੱਸ ਕੇ ਮਦਦ ਲਵੇ ਪਰ ਹਰ ਹਾਲਤ ਵਿੱਚ ਨਾਗਰਿਕਾਂ ਦੇ ਨਾਲ ਖੜ੍ਹੇ।

ਰੀਇੰਸ਼ੋਰੈਂਸ ਕੰਪਨੀਆਂ ਨੂੰ ਵੀ ਆਪਣੇ ਪ੍ਰੀਮੀਅਮ ਰਿਵਿਊ ਕਰਨ ਦੀ ਲੋੜ ਪੈ ਸਕਦੀ ਹੈ। ਕੈਲੀਫੋਰਨੀਆ ਦੇ ਗਵਰਨਰ ਗੈਵਨ ਨਿਊਸਮ ਨੇ ਨਵੇਂ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਸੂਬੇ ਦਾ ਦੌਰਾ ਕਰਨ ਦੀ ਬੇਨਤੀ ਕੀਤੀ ਹੈ ਤਾਂ ਕਿ ਲੋਕਾਂ ਦੇ ਜ਼ਖ਼ਮਾਂ ਉੱਤੇ ਮਲ੍ਹਮ ਲਾਈ ਜਾ ਸਕੇ। ਅੱਗ ਪ੍ਰਭਾਵਿਤ ਖੇਤਰਾਂ ਵਿੱਚ ਬੀਮੇ ਦੀ ਰੱਦਗੀ ਨੇ ਨਿੱਜੀ ਉਦਯੋਗ ਅਤੇ ਜਨਤਕ ਸੁਰੱਖਿਆ ਦੇ ਵਿਚਕਾਰ ਵਧਦੇ ਤਣਾਅ ਨੂੰ ਉਜਾਗਰ ਕੀਤਾ ਹੈ।

ਮਸਲਾ ਹੱਲ ਕਰਨ ਲਈ ਬਹੁ-ਪੱਖੀ ਵਿਧੀਆਂ ਦੀ ਲੋੜ ਹੈ ਜਿਹੜੀਆਂ ਬੀਮਾ ਕੰਪਨੀਆਂ, ਘਰੇਲੂ ਮਾਲਕਾਂ ਅਤੇ ਸਮਾਜ ਦੇ ਵਿਆਪਕ ਹਿੱਸੇ ਦੀਆਂ ਲੋੜਾਂ ਨੂੰ ਸਾਰਿਆਂ ਦੇ ਭਲੇ ਲਈ ਸਮਝਦਾਰੀ ਨਾਲ ਸੰਤੁਲਿਤ ਕਰ ਸਕਣ। ਕੁਝ ਸੰਭਾਵੀ ਹੱਲ ਹੇਠਾਂ ਦਿੱਤੇ ਗਏ ਹਨ:

1) ਸਟੇਟ ਫੰਡਿਡ ਬੀਮਾ ਪ੍ਰੋਗਰਾਮ: ਕੈਲੀਫੋਰਨੀਆ ਦੀ 'ਫੇਅਰ ਐਕਸੈਸ ਟੂ ਇਨਸ਼ੋਰੈਂਸ ਰਿਕੁਾਇਰਮੈਂਟਸ' ਯੋਜਨਾ ਉਨ੍ਹਾਂ ਮਾਲਕਾਂ ਲਈ ਆਖ਼ਿਰੀ ਬਦਲ ਵਜੋਂ ਕੰਮ ਕਰਦੀ ਹੈ ਜਿਹਨਾਂ ਨੂੰ ਨਿੱਜੀ ਮਾਰਕੀਟ ਵਿੱਚ ਕਵਰੇਜ ਨਹੀਂ ਮਿਲਦਾ। ਇਸ ਯੋਜਨਾ ਨੂੰ ਵਧਾਉਣਾ ਅਤੇ ਵਾਧੂ ਫੰਡ ਮੁਹੱਈਆ ਕਰਨਾ ਯਕੀਨੀ ਬਣਾ ਸਕਦਾ ਹੈ ਕਿ ਸਾਰੇ ਨਿਵਾਸੀਆਂ ਨੂੰ ਘੱਟੋ-ਘੱਟ ਬੁਨਿਆਦੀ ਕਵਰੇਜ ਮਿਲੇ।

2) ਜੋਖ਼ਿਮ ਘਟਾਉਣ ਲਈ ਪ੍ਰੇਰਨਾ: ਸਰਕਾਰ ਅਤੇ ਬੀਮਾ ਕੰਪਨੀਆਂ ਘਰੇਲੂ ਮਾਲਕਾਂ ਨੂੰ ਅੱਗ ਰੋਕੂ ਉਪਕਰਨ ਲਾਗੂ ਕਰਨ ਲਈ ਪ੍ਰੇਰ ਸਕਦੀਆਂ ਹਨ, ਜਿਵੇਂ ਸੁੱਕੀ ਵਸਤਾਂ ਜਾਂ ਘਾਹ ਨੂੰ ਹਟਾਉਣਾ, ਅੱਗ ਰੋਕੂ ਛੱਤਾਂ ਬਣਾਉਣੀਆਂ ਅਤੇ ਘਰ ਦੇ ਆਲੇ-ਦੁਆਲੇ ਸੁਰੱਖਿਆ ਵਾਲੇ ਖਾਲੀ ਖੇਤਰ ਬਣਾਉਣਾ।

3) ਘਰਾਂ ਦੇ ਨਕਸ਼ੇ ਨੂੰ ਹਵਾ ਦੇ ਰੁਖ਼ ਮੁਤਾਬਕ ਬਣਾਉਣਾ।

4) ਹਰੇ ਰੁੱਖਾਂ ਦਾ ਘੇਰਾ, ਅੱਗ ਨੂੰ ਅੱਗੇ ਵਧਣ ਤੋਂ ਰੋਕਣ ਦੀ ਰਫ਼ਤਾਰ ਨੂੰ ਘੱਟ ਕਰਨਾ। ਸਭ ਤੋਂ ਵੱਧ ਹੈਰਾਨੀ ਸਰਦੀਆਂ ਦੇ ਮੌਸਮ ਵਿੱਚ ਅੱਗ ਦੀਆਂ ਘਟਨਾਵਾਂ ਦਾ ਵਾਪਰਨਾ ਹੈ। ਇਸ ਦੀ ਗਹਿਰਾਈ ਨਾਲ ਛਾਣਬੀਣ ਹੋਣੀ ਚਾਹੀਦੀ ਹੈ। ਇਨ੍ਹਾਂ ਪ੍ਰਬੰਧਾਂ ਨਾਲ ਬੀਮੇ ਦੇ ਵਧੇ ਖ਼ਰਚਿਆਂ ਨੂੰ ਕਾਫੀ ਹੱਦ ਤੱਕ ਘਟਾਇਆ ਜਾ ਸਕਦਾ ਹੈ।

5) ਜਲਵਾਯੂ ਐਕਸ਼ਨ ਪਲਾਨ: ਇਸ ਚਿਤਾਵਨੀ ਦੇ ਮੂਲ ਕਾਰਨਾਂ ਨੂੰ ਹੱਲ ਕਰਨਾ, ਅੱਗ ਘਟਨਾਵਾਂ ਦੀ ਗਿਣਤੀ ਅਤੇ ਤੀਬਰਤਾ ਨੂੰ ਘਟਾਉਣ ਲਈ ਅਤਿ ਜ਼ਰੂਰੀ ਹੈ। ਇਸ ਵਿੱਚ ਨਵੀਨੀਕਰਨ ਯੋਗ ਊਰਜਾ ਵਿੱਚ ਨਿਵੇਸ਼, ਗ੍ਰੀਨਹਾਊਸ ਗੈਸਾਂ ਦੀ ਨਿਕਾਸੀ ਘਟਾਉਣਾ ਹੈ।

6) ਜੰਗਲ ਪ੍ਰਬੰਧਨ ਵਿੱਚ ਸੁਧਾਰ: ਜੰਗਲਾਂ ਦਾ ਸਹੀ ਪ੍ਰਬੰਧਨ ਅੱਗ ਨੂੰ ਫੈਲਣ ਤੋਂ ਰੋਕਣ ਲਈ ਬਹੁਤ ਮਹੱਤਵਪੂਰਨ ਹੈ।

ਸਰਕਾਰਾਂ, ਬੀਮਾ ਕੰਪਨੀਆਂ ਅਤੇ ਸਥਾਨਕ ਭਾਈਚਾਰਿਆਂ ਨੂੰ ਇੱਕਠੇ ਹੋਣ ਅਤੇ ਅਜਿਹੇ ਨਵੇਂ ਹੱਲ ਖੋਜਣ ਦੀ ਲੋੜ ਹੈ ਜਿਹੜੇ ਜੋਖ਼ਿਮ ਪ੍ਰਬੰਧਨ ਅਤੇ ਸਸਤੀ ਤੇ ਸਹੀ ਬੀਮਾ ਕਵਰੇਜ ਦੀ ਲੋੜ ਨੂੰ ਸੰਤੁਲਿਤ ਕਰ ਸਕਣ।

ਲਾਸ ਏਂਜਲਸ ਨਿਵਾਸੀਆਂ ਲਈ ਬੀਮਾ ਪਾਲਿਸੀਆਂ ਦੀ ਰੱਦਗੀ, ਜਲਵਾਯੂ ਚਿਤਾਵਨੀ ਅਤੇ ਕੁਦਰਤੀ ਆਫ਼ਤਾਂ ਦੇ ਵਧਦੇ ਕਹਿਰ ਦੀ ਖੁਲ੍ਹੀ ਯਾਦ ਦਿੰਦੀ ਹੈ; ਬੀਮਾ ਕੰਪਨੀਆਂ ਲਈ ਆਰਥਿਕ ਟਿਕਾਊਪਣ ਦੀ ਲੋੜ ਜ਼ਰੂਰੀ ਹੈ, ਕਵਰੇਜ ਨੂੰ ਵਾਪਸ ਲੈਣਾ ਘਰ ਦੇ ਮਾਲਕਾਂ ਨੂੰ ਅਸੁਰੱਖਿਅਤ ਛੱਡ ਰਿਹਾ ਹੈ ਅਤੇ ਸਮਾਜਿਕ ਨਿਆਂ ਤੇ ਸਮਰੱਥ ਹੱਲਾਂ ਲਈ ਸਵਾਲ ਉਠਾ ਰਿਹਾ ਹੈ। ਅਸੰਭਵ ਨੁਕਸਾਨ ਅਨੁਪਾਤ ਬੀਮਾ ਕੰਪਨੀਆਂ ਲਈ ਅੱਗ ਪ੍ਰਭਾਵਿਤ ਖੇਤਰਾਂ ਵਿੱਚ ਨੁਕਸਾਨ ਅਨੁਪਾਤ ਲਗਭਗ ਅਸੰਭਵ ਹੋ ਸਕਦੇ ਹਨ।

ਰੀਇੰਸ਼ੋਰੈਂਸ ਜੋ ਬੀਮਾ ਕੰਪਨੀਆਂ ਲਈ ਬੀਮਾ ਹੈ, ਉਹਨਾਂ ਨੂੰ ਐਮਰਜੈਂਸੀ ਹਾਲਾਤ ਦੇ ਜੋਖ਼ਿਮ ਨੂੰ ਸਾਂਝਾ ਕਰਨ ਦਿੰਦਾ ਹੈ ਹਾਲਾਂਕਿ ਜਿਵੇਂ ਅੱਗਾਂ ਜ਼ਿਆਦਾ ਤਬਾਹੀ ਵਾਲੀਆਂ ਹੋ ਰਹੀਆਂ ਹਨ, ਰੀਇੰਸ਼ੋਰੈਂਸ ਦੀ ਲਾਗਤ ਵੀ ਵਧ ਰਹੀ ਹੈ। ਇਸ ਵਾਧੂ ਖ਼ਰਚ ਨੇ ਬੀਮਾ ਕੰਪਨੀਆਂ ਦੀ ਸਮਰੱਥਾ ਨੂੰ ਹੋਰ ਘਟਾ ਦਿੱਤਾ ਹੈ। ਕੈਲੀਫੋਰਨੀਆ ਦੇ ਕਾਨੂੰਨ ਬੀਮਾ ਪ੍ਰੀਮੀਅਮ ਵਧਾਉਣ ਵਿੱਚ ਸੀਮਿਤ ਕਰਨ ਵਿੱਚ ਬਹੁਤ ਸਖ਼ਤ ਹਨ ਹਾਲਾਂਕਿ ਇਹ ਨਿਯਮ ਗ੍ਰਾਹਕਾਂ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕਰਦੇ ਹਨ ਪਰ ਇਸ ਨਾਲ ਬੀਮਾ ਕੰਪਨੀਆਂ ਲਈ ਜੋਖ਼ਿਮਾਂ ਦੀ ਅਸਲੀ ਲਾਗਤ ਨੂੰ ਦਰਸਾਉਣ ਵਾਲੇ ਦਰਾਂ ਵਿੱਚ ਸੋਧ ਕਰਨਾ ਮੁਸ਼ਕਿਲ ਬਣਦਾ ਹੈ।

ਜੋਖ਼ਿਮ ਵਿਸ਼ਲੇਸ਼ਣ ਟੈਕਨੋਲੋਜੀ ਜਿਵੇਂ ਸੈਟੇਲਾਈਟ ਇਮੇਜਿੰਗ ਅਤੇ ਏਆਈ ਮਾਡਲਿੰਗ ਵਰਗੀਆਂ ਜੋਖ਼ਿਮ ਅਨੈਲਸਿਸ ਟੂਲਾਂ ਦੀ ਕਾਢ ਨੇ ਬੀਮਾ ਕੰਪਨੀਆਂ ਨੂੰ ਉੱਚ-ਜੋਖ਼ਿਮ ਜਾਇਦਾਦਾਂ ਦੀ ਪਛਾਣ ਕਰਨ ਵਿੱਚ ਸਹਾਇਤਾ ਕੀਤੀ ਹੈ। ਕਾਨੂੰਨੀ ਅਤੇ ਆਰਥਿਕ ਦਬਾਅ ਅਧੀਨ ਬੀਮਾ ਕੰਪਨੀਆਂ ਨੂੰ ਅੱਗ ਦੇ ਨੁਕਸਾਨਾਂ ਨਾਲ ਜੁੜੇ ਮੁਕੱਦਮਿਆਂ ਅਤੇ ਹੋਰ ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਕੈਲੀਫੋਰਨੀਆਂ ਵਿੱਚ ਪੁਰਾਣੇ ਪੰਜਾਬੀ ਅਤੇ ਹੋਰ ਏਸ਼ੀਅਨ ਭਾਈਚਾਰਿਆਂ ਦੀ ਕਾਫੀ ਵੱਡੀ ਗਿਣਤੀ ਹੈ। ਆਸ ਕਰਦੇ ਹਾਂ ਕਿ ਸਰਕਾਰ, ਬੀਮਾ ਕੰਪਨੀਆਂ ਅਤੇ ਸਥਾਨਕ ਸੋਸ਼ਲ ਵਿਗਿਆਨੀ ਮਿਲ ਕੇ ਇਸ ਸਮੱਸਿਆ ਨੂੰ ਆਉਣ ਵਾਲੇ ਸਮੇਂ ਲਈ ਭਾਂਪਣਗੇ ਅਤੇ ਇੱਕ ਰਿਜ਼ਰਵ ਫੰਡ ਵੀ ਰੱਖਣਗੇ ਤਾਂ ਕਿ ਦੁਨੀਆ ਦੇ ਵਿਕਸਤ ਦੇਸ਼ ਵਿੱਚ ਨਿਹੱਥੇਪਨ ਦੀ ਤਸਵੀਰ ਨਜ਼ਰ ਨਾ ਆਏ।



# ਕੀ ਕਾਂਗਰਸ ਸਹਿਯੋਗੀ ਪਾਰਟੀਆਂ ਤੋਂ ਦੂਰ ਜਾ ਰਹੀ ਹੈ?



ਰਾਜੀਵ ਸਚਾਨ

ਰਾਹੁਲ ਗਾਂਧੀ ਨੇ ਦਿੱਲੀ ਦੀ ਆਪਣੀ ਪਹਿਲੀ ਰੈਲੀ ’ਚ ਭਾਜਪਾ ਦੇ ਨਾਲ ਹੀ ਆਮ ਆਦਮੀ ਪਾਰਟੀ ’ਤੇ ਜਿਹੋ-ਜਿਹਾ ਜ਼ੋਰਦਾਰ ਹਮਲਾ ਕੀਤਾ, ਉਸ ਨਾਲ ਉਨ੍ਹਾਂ ਲੋਕਾਂ ਦਾ ਸ਼ੱਕ ਹੋਰ ਵਧ ਗਿਆ ਹੋਵੇਗਾ, ਜੋ ਇਸ ਤੋਂ ਚਿੰਤਤ ਹਨ ਕਿ ਵਿਰੋਧੀ ਧਿਰ ਮੋਰਚੇ ਆਈਐੱਨਡੀਆਈਏ ਦੀਆਂ ਦਰਾਰਾਂ ਚੌੜੀਆਂ ਹੁੰਦੀਆਂ ਜਾ ਰਹੀਆਂ ਹਨ, ਪਰ ਰਾਹੁਲ ਨੇ ਆਪ ਨੂੰ ਨਿਸ਼ਾਨੇ ’ਤੇ ਲੈ ਕੇ ਬਿਲਕੁਲ ਸਹੀ ਕੀਤਾ। ਜੇ ਕਾਂਗਰਸ ਨੇ ਦਿੱਲੀ ’ਚ ਆਪਣੀ ਗੁਆਚੀ ਹੋਈ ਸਿਆਸੀ ਜ਼ਮੀਨ ਹਾਸਲ ਕਰਨੀ ਹੈ ਤਾਂ ਉਸ ਨੂੰ ਇਹ ਪ੍ਰਦਰਸ਼ਿਤ ਕਰਨਾ ਹੀ ਪਵੇਗਾ ਕਿ ਉਹ ਇਸ ਲਈ ਹਰਸੰਭਵ ਯਤਨ ਕਰੇਗੀ। ਬਿਨਾਂ ਸ਼ੱਕ ਦਿੱਲੀ ’ਚ ਕਾਂਗਰਸ ਦੇ ਪੂਰੇ ਦਮ ਨਾਲ ਲੜਨ ਨਾਲ ਆਈਐੱਨਡੀਆਈਏ ਦੀ ਇਕਜੁਟਤਾ ਪ੍ਰਭਾਵਿਤ ਹੋਵੇਗੀ, ਪਰ ਗੱਠਜੋੜ ਦੀ ਏਕਤਾ ਬਣਾਈ ਰੱਖਣ ਦੀ ਜ਼ਿੰਮੇਵਾਰੀ ਸਿਰਫ਼ ਉਸ ਦੀ ਨਹੀਂ ਹੈ।

ਕਿਸੇ ਵੀ ਗੱਠਜੋੜ ’ਚ ਏਕਤਾ ਤਦ ਕਾਇਮ ਰਹਿ ਸਕਦੀ ਹੈ, ਜਦ ਉਸ ਦੀਆਂ ਸਾਰੀਆਂ ਭਾਈਵਾਲ ਪਾਰਟੀਆਂ ਇਕ ਦੂਜੇ ਦੇ ਹਿਤ ਦੀ ਚਿੰਤਾ ਕਰਨ। ਆਈਐੱਨਡੀਆਈਏ ’ਚ ਅਜਿਹਾ ਨਹੀਂ ਹੈ। ਇਸ ਗੱਠਜੋੜ ਦੇ ਭਾਈਵਾਲ ਪਹਿਲੇ ਦਿਨ ਤੋਂ ਇਹ ਕੋਸ਼ਿਸ਼ ਕਰ ਰਹੇ ਹਨ ਕਿ ਕਾਂਗਰਸ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ’ਚ ਸਿਰਫ਼ ਉਨ੍ਹਾਂ ਸੀਟਾਂ ਤੱਕ ਸੀਮਤ ਰਹੇ, ਜਿੱਥੇ ਉਸ ਦਾ ਠੀਕ-ਠਾਕ ਪ੍ਰਭਾਵ ਹੈ। ਇਸੇ ਕਾਰਨ ਪਿਛਲੀਆਂ ਲੋਕ ਸਭਾ ਚੋਣਾਂ ਦੇ ਸਮੇਂ ਉਨ੍ਹਾਂ ਵੱਲੋਂ ਇਹ ਪਹਿਲ ਕੀਤੀ ਗਈ ਸੀ ਕਿ ਕਾਂਗਰਸ ਗੱਠਜੋੜ ਧਰਮ ਦੇ ਨਾਂ ’ਤੇ ਘੱਟ ਤੋਂ ਘੱਟ ਸੀਟਾਂ ’ਤੇ ਚੋਣ ਲੜੇ। ਮਮਤਾ ਬੈਨਰਜੀ ਨੇ ਬੰਗਾਲ ’ਚ ਕਾਂਗਰਸ ਨੂੰ ਇਕ ਵੀ ਸੀਟ ਨਹੀਂ ਦਿੱਤੀ। ਕੇਰਲ ’ਚ ਵੀ ਖੱਬੇ ਪੱਖੀ ਮੋਰਚੇ ਨੇ ਕਾਂਗਰਸੀ ਉਮੀਦਵਾਰਾਂ ਤੇ ਇੱਥੇ ਤੱਕ ਕਿ ਰਾਹੁਲ ਦੇ ਖ਼ਿਲਾਫ਼ ਵੀ ਆਪਣੇ ਉਮੀਦਵਾਰ ਉਤਾਰ ਦਿੱਤੇ। ਪੰਜਾਬ ’ਚ ਆਪ ਨੇ ਕਾਂਗਰਸ ਨਾਲ ਮਿਲ ਕੇ ਚੋਣ ਲੜਨ ਦੀ ਲੋੜ ਨਹੀਂ ਸਮਝੀ। ਪੰਜਾਬ ਕਾਂਗਰਸ ਦੇ ਆਗੂ ਵੀ ਇਸ ਦੇ ਪੱਖ ’ਚ ਨਹੀਂ ਸਨ। ਹੁਣ ਜੇ ਦਿੱਲੀ ’ਚ ਵੀ ਆਪ ਨੇ ਕਾਂਗਰਸ ਨਾਲ ਮਿਲ ਕੇ ਚੋਣ ਲੜਨ ਦੀ ਲੋੜ ਨਹੀਂ ਸਮਝੀ ਤਾਂ ਇਸ ਦੇ ਜਵਾਬ ’ਚ ਕਾਂਗਰਸ ਨੇ ਉਨ੍ਹਾਂ ਖ਼ਿਲਾਫ਼ ਮੋਰਚਾ ਖੋਲ੍ਹਣਾ ਬਿਹਤਰ ਸਮਝਿਆ ਤਾਂ ਇਸ ’ਚ ਗ਼ਲਤ ਕੀ ਹੈ?



ਦਿੱਲੀ ’ਚ ਕਾਂਗਰਸ ਉਹੀ ਕਰ ਰਹੀ ਹੈ, ਜੋ ਕਿਸੇ ਪਾਰਟੀ ਨੂੰ ਉਥੇ ਕਰਨਾ ਚਾਹੀਦਾ ਹੈ, ਜਿੱਥੇ ਉਹ ਕਦੀ ਮੁੱਖ ਪਾਰਟੀ ਸੀ। ਇਸ ਦੀ ਕੋਈ ਵਾਜ਼ਬੀਅਤ ਨਹੀਂ ਕਿ ਗੱਠਜੋੜ ਦੀ ਇਕਜੁਟਤਾ ਦੇ ਨਾਂ ’ਤੇ ਕਾਂਗਰਸ ਤਾਂ ਆਪਣੀ ਜ਼ਮੀਨ ’ਤੇ ਸਹਿਯੋਗੀ ਪਾਰਟੀਆਂ ਨੂੰ ਵਿਸਥਾਰ ਕਰਨ ਦੇਵੇ ਪਰ ਜਦ ਉਸ ਦੀ ਵਾਰੀ ਆਵੇ ਤਾਂ ਇਹੀ ਪਾਰਟੀਆਂ ਇਹ ਸਲਾਹ ਦੇਣ ਕਿ ਉਸ ਨੂੰ ਅਜਿਹਾ ਕਰਨ ਦੀ ਲੋੜ ਨਹੀਂ। ਜੇ ਕਾਂਗਰਸ ਆਪਣੀਆਂ ਸਹਿਯੋਗੀ ਪਾਰਟੀਆਂ ਦੀ ਇਸ ਸਲਾਹ ਨੂੰ ਮੰਨੇਗੀ ਤਾਂ ਉਹ ਤਾਂ ਖ਼ਤਮ ਹੀ ਹੋ ਜਾਵੇਗੀ। ਕਾਂਗਰਸ ਇਸ ਦੀ ਅਣਦੇਖੀ ਨਹੀਂ ਕਰ ਸਕਦੀ ਕਿ ਜੇ ਰਾਸ਼ਟਰੀ ਪਾਰਟੀ ਹੋਣ ਦੇ ਬਾਵਜੂਦ ਉਸ ਦੀ ਸਥਿਤੀ ਖੇਤਰੀ ਪਾਰਟੀ ਵਰਗੀ ਹੋ ਗਈ ਹੈ ਤਾਂ ਇਸ ਦਾ ਕਾਰਨ ਇਹੀ ਹੈ ਕਿ ਉਸ ਦੀਆਂ ਕਥਿਤ ਸਹਿਯੋਗੀ ਪਾਰਟੀਆਂ ਨੇ ਉਸ ਦੀ ਰਾਜਨੀਤਕ ਜ਼ਮੀਨ ’ਤੇ ਕਬਜ਼ਾ ਕਰ ਕੇ ਰੱਖਿਆ ਹੈ ਤੇ ਉਸ ’ਚ ਥੋੜ੍ਹੀ ਵੀ ਢਿੱਲ ਦੇਣ ਨੂੰ ਤਿਆਰ ਨਹੀਂ।

ਆਈਐੱਨਡੀਆਈਏ ਦੀਆਂ ਸਾਰੀਆਂ ਭਾਈਵਾਲ ਪਾਰਟੀਆਂ ਕਾਂਗਰਸ ਦੇ ਵੋਟ ਬੈਂਕ ’ਤੇ ਕਬਜ਼ਾ ਕਰ ਕੇ ਹੀ ਅੱਗੇ ਵਧੀਆਂ ਹਨ। ਕਾਂਗਰਸ ਨੇ ਸਮੇਂ-ਸਮੇਂ ’ਤੇ ਉਨ੍ਹਾਂ ਨਾਲ ਮਿਲ ਕੇ ਚੋਣ ਲੜੀ ਤਾਂ ਬਦਲੇ ’ਚ ਆਪਣੀ ਸਿਆਸੀ ਜ਼ਮੀਨ ਗੁਆ ਦਿੱਤੀ, ਤਾਂ ਜੋ ਗੱਠਜੋੜ ਧਰਮ ਦੀ ਪਾਲਣਾ ਹੁੰਦੀ ਰਹੇ। ਗੱਠਜੋੜ ਧਰਮ ਦੀ ਇਕ ਪਾਸਿਓਂ ਪਾਲਣਾ ਕਾਂਗਰਸ ਨੂੰ ਬਹੁਤ ਮਹਿੰਗੀ ਪਈ ਹੈ। ਉਸ ਦੀਆਂ ਸਹਿਯੋਗੀ ਪਾਰਟੀਆਂ ਉਸ ਤੋਂ ਸਹਿਯੋਗ ਲੈਣ ਨੂੰ ਤਾਂ ਤਿਆਰ ਹਨ, ਪਰ ਦੇਣ ਲਈ ਰਾਜ਼ੀ ਨਹੀਂ। ਕੀ ਇਹ ਅਜੀਬ ਨਹੀਂ ਕਿ ਸਮਾਜਵਾਦੀ ਪਾਰਟੀ ਉੱਤਰ ਪ੍ਰਦੇਸ਼ ਦੀਆਂ ਪਿਛਲੀਆਂ ਵਿਧਾਨ ਸਭਾ ਜ਼ਿਮਨੀ ਚੋਣਾਂ ’ਚ ਕਾਂਗਰਸ ਨੂੰ ਇਕ ਵੀ ਸੀਟ ਨਹੀਂ ਦਿੰਦੀ ਤੇ ਕਾਂਗਰਸ ਗੱਠਜੋੜ ਧਰਮ ਕਾਰਨ ਮਨ ’ਚ ਅਫ਼ਸੋਸ ਕਰ ਕੇ ਰਹਿ ਜਾਂਦੀ ਹੈ। ਇਸ ਦੇ ਉਲਟ ਸਮਾਜਵਾਦੀ ਪਾਰਟੀ ਮਹਾਰਾਸ਼ਟਰ ਦੀਆਂ ਵਿਧਾਨ ਸਭਾ ਚੋਣਾਂ ’ਚ ਇਹ ਧਮਕੀ ਦੇ ਕੇ ਗੱਠਜੋੜ ’ਚ ਇਕ ਤਰ੍ਹਾਂ ਜ਼ਬਰਦਸਤੀ ਸ਼ਾਮਲ ਹੋ ਜਾਂਦੀ ਹੈ ਕਿ ਜੇ ਉਸ ਨੂੰ ਪੰਜ ਸੀਟਾਂ ਨਹੀਂ ਦਿੱਤੀਆਂ ਗਈਆਂ ਤਾਂ ਉਹ 25 ਸੀਟਾਂ ’ਤੇ ਆਪਣੇ ਉਮੀਦਵਾਰ ਉਤਾਰ ਦੇਵੇਗੀ। 2023 ’ਚ ਜਦ ਮੱਧ ਪ੍ਰਦੇਸ਼ ਵਿਧਾਨ ਸਭਾ ਚੋਣਾਂ ’ਚ ਕਾਂਗਰਸ ਨੇ ਸਮਾਜਵਾਦੀ ਪਾਰਟੀ ਨੂੰ ਇਕ ਵੀ ਸੀਟ ਨਹੀਂ ਦਿੱਤੀ ਸੀ ਤਾਂ ਉਸ ਨੂੰ ਸਮਾਜਵਾਦੀ ਪਾਰਟੀ ਦੇ ਨਾਲ ਹੋਰ ਸਹਿਯੋਗੀ ਪਾਰਟੀਆਂ ਨੇ ਚੰਗਾ ਸੁਣਾਇਆ ਸੀ। ਤਦ ਇਨ੍ਹਾਂ ਪਾਰਟੀਆਂ ਨੇ ਇਸ ਦੀ ਅਣਦੇਖੀ ਕਰਨਾ ਬਿਹਤਰ ਸਮਝਿਆ ਸੀ ਕਿ ਸਮਾਜਵਾਦੀ ਪਾਰਟੀ ਨੇ 69 ਸੀਟਾਂ ’ਤੇ ਆਪਣੇ ਉਮੀਦਵਾਰ ਖੜ੍ਹੇ ਕਰ ਦਿੱਤੇ ਸਨ। ਹਾਲਾਂਕਿ ਸਮਾਜਵਾਦੀ ਪਾਰਟੀ ਇਕ ਵੀ ਸੀਟ ਨਹੀਂ ਜਿੱਤ ਸਕੀ ਸੀ, ਪਰ ਉਸ ਨੇ ਘੱਟੋ-ਘੱਟ ਚਾਰ ਸੀਟਾਂ ’ਤੇ ਕਾਂਗਰਸ ਨੂੰ ਹਰਾਉਣ ਦਾ ਕੰਮ ਕੀਤਾ ਸੀ।

ਕਾਂਗਰਸ ’ਤੇ ਇਹ ਦੋਸ਼ ਲਾਇਆ ਜਾਂਦਾ ਹੈ ਕਿ ਹਰਿਆਣਾ ਵਿਧਾਨ ਸਭਾ ਚੋਣਾਂ ’ਚ ਉਸ ਨੇ ਆਪ ਦੇ ਨਾਲ ਮਿਲ ਕੇ ਚੋਣਾਂ ਲੜਨ ਤੋਂ ਇਨਕਾਰ ਕਰ ਦਿੱਤਾ ਤੇ ਜੇ ਉਹ ਅਜਿਹਾ ਨਾ ਕਰਦੀ ਤਾਂ ਸ਼ਾਇਦ ਨਤੀਜੇ ਕੁਝ ਹੋਰ ਹੁੰਦੇ। ਸੰਭਵ ਹੈ ਕਿ ਅਜਿਹਾ ਹੀ ਹੁੰਦਾ, ਪਰ ਆਖ਼ਰ ਕਾਂਗਰਸ ਹੀ ਸਦਾ ਝੁਕਣ ਲਈ ਕਿਉਂ ਤਿਆਰ ਰਹੇ? ਜੇ ਕਾਂਗਰਸ ਹਰਿਆਣਾ ਵਿਧਾਨ ਸਭਾ ਚੋਣਾਂ ਆਪ ਦੇ ਨਾਲ ਮਿਲ ਕੇ ਲੜਦੀ ਤਾਂ ਨਤੀਜਾ ਕੁਝ ਵੀ ਹੁੰਦਾ, ਕੇਜਰੀਵਾਲ ਨੂੰ ਕਾਂਗਰਸ ਦੀ ਮੌਜੂਦਗੀ ਵਾਲੇ ਇਕ ਹੋਰ ਸੂਬੇ ’ਚ ਆਪਣੀਆਂ ਜੜ੍ਹਾਂ ਫੈਲਾਉਣ ਦਾ ਮੌਕਾ ਮਿਲਦਾ। ਜੇ ਕਾਂਗਰਸ ਖ਼ਤਮ ਨਹੀਂ ਹੋਣਾ ਚਾਹੁੰਦੀ ਤਾਂ ਉਸ ਨੂੰ ਗੱਠਜੋੜ ਦਾ ਸਾਰਾ ਭਾਰ ਖ਼ੁਦ ਚੁੱਕਣ ਤੋਂ ਬਚਣਾ ਪਵੇਗਾ। ਨਹੀਂ ਤਾਂ ਉਸ ਨੂੰ ਆਈਐੱਨਡੀਆਈਏ ਦੀ ਅਗਵਾਈ ਕਰਨ ਤੋਂ ਵੀ ਹੱਥ ਧੋਣਾ ਪਵੇਗਾ। ਧਿਆਨ ਰਹੇ ਕਿ ਉਸ ਦੀ ਅਗਵਾਈ ਨੂੰ ਚੁਣੌਤੀ ਦੇਣ ਦਾ ਸਿਲਸਿਲਾ ਸ਼ੁਰੂ ਹੋ ਚੁੱਕਾ ਹੈ। ਆਈਐੱਨਡੀਆਈਏ ਦੀ ਇਕਜੁਟਤਾ ਦੀਆਂ ਚਾਹੇ ਜਿੰਨੀਆਂ ਮਰਜ਼ੀ ਗੱਲਾਂ ਕੀਤੀਆਂ ਜਾਣ, ਇਹ ਇਕ ਅਸੁਭਾਵਿਕ ਗੱਠਜੋੜ ਹੈ। ਕੌੜਾ ਸੱਚ ਇਹ ਹੈ ਕਿ ਕਾਂਗਰਸ ਆਪਣਾ ਗੁਆਇਆ ਹੋਇਆ ਜਨ-ਆਧਾਰ ਤਦ ਹਾਸਲ ਕਰ ਸਕੇਗੀ, ਜਦ ਉਸ ਦੇ ਸਹਿਯੋਗੀ ਕਮਜ਼ੋਰ ਹੋਣਗੇ ਤੇ ਸਹਿਯੋਗੀ ਆਪਣੀ ਸਿਆਸੀ ਜ਼ਮੀਨ ਤਦ ਮਜ਼ਬੂਤ ਰੱਖ ਸਕਣਗੇ, ਜਦ ਕਾਂਗਰਸ ਕਮਜ਼ੋਰ ਹੀ ਬਣੀ ਰਹੇਗੀ। ਕਿਉਂਕਿ ਕਾਂਗਰਸ ਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਦਾ ਭਲਾ ਇਕ-ਦੂਜੇ ਦੀਆਂ ਜੜ੍ਹਾਂ ਕੱਟਣ ’ਚ ਹੈ, ਇਸ ਲਈ ਇਸ ਗੱਠਜੋੜ ਦਾ ਕੋਈ ਭਵਿੱਖ ਨਹੀਂ। ਕਾਂਗਰਸ ਦਾ ਜ਼ਰੂਰ ਹੈ, ਪਰ ਤਦ, ਜਦ ਉਹ ਭਾਈਵਾਲ ਪਾਰਟੀਆਂ ਦੇ ਸਾਹਮਣੇ ਸਮਰਪਣ ਕਰਨ ਤੋਂ ਬਚੇਗੀ।

# ਅਕਾਦਮਿਕ ਸੰਕਟ ਅਤੇ ਵਾਈਸ ਚਾਂਸਲਰ ਦੀ ਨਿਯੁਕਤੀ



ਡਾ. ਕੁਲਦੀਪ ਸਿੰਘ

“ਜਿਸ ਸ਼ਖ਼ਸੀਅਤ ਅੰਦਰ ਅਕਾਦਮਿਕ ਆਜ਼ਾਦੀ ਦੀ ਸਮਰੱਥਾ ਸਮੋਈ ਹੋਵੇ; ਭਾਵ, ਜੋ ਸੱਚ ਨੂੰ ਸੱਚ ਕਹਿਣ ਦਾ ਜੇਰਾ ਰੱਖਦਾ ਹੋਵੇ, ਪ੍ਰਬੰਧਕੀ ਵਿਚ ਨਿਪੁੰਨ ਹੋਵੇ, ਯੂਨੀਵਰਸਿਟੀ ਵਿਚ ਅਕਾਦਮਿਕਤਾ ਕਾਇਮ ਕਰਨ ਲਈ ਪ੍ਰਤੀਬੱਧ ਹੋਵੇ, ਉਸ ਵਿਚ ਅਕਾਦਮਿਕ ਭਾਈਚਾਰੇ ਦੀਆਂ ਗਤੀਵਿਧੀਆਂ ਨੂੰ ਵਿਕਸਿਤ ਕਰਨ ਦੀ ਸਮਰੱਥਾ ਹੋਵੇ, ਵਾਈਸ ਚਾਂਸਲਰ ਦੀ ਚੋਣ ਇਸ ਆਧਾਰ ’ਤੇ ਹੋਣੀ ਚਾਹੀਦੀ ਹੈ।” ਇਹ ਸ਼ਬਦ ਕੁਠਾਰੀ ਕਮਿਸ਼ਨ (1964-66) ਦੇ ਪੰਨਾ 611 ਅਤੇ ਪੈਰਾ 13.32 ਵਿਚ ਵਾਈਸ ਚਾਂਸਲਰਾਂ ਦੀ ਨਿਯੁਕਤੀ ਅਤੇ ਨੈਤਿਕ ਕੋਡ ਆਫ ਕੰਡਕਟ ਸਬੰਧੀ ਦਰਜ ਕੀਤੇ ਗਏ ਹਨ। ਇਸ ਤੋਂ ਪਹਿਲਾਂ ਡਾ। ਐੱਸ ਰਾਧਾਕ੍ਰਿਸ਼ਨਨ ਦੀ ਅਗਵਾਈ ਵਾਲੇ ਯੂਨੀਵਰਸਿਟੀ ਐਜੂਕੇਸ਼ਨ ਕਮਿਸ਼ਨ (1948-49) ਵਿਚ ‘ਖੋਜ ਅਤੇ ਅਧਿਆਪਨ ਦੀ ਲੀਡਰਸ਼ਿਪ ਕੌਣ ਕਰੇ’, ਬਾਰੇ ਸਪਸ਼ਟ ਦਰਜ ਕੀਤਾ ਗਿਆ, “ਵਾਈਸ ਚਾਂਸਲਰ ਦੀ ਨਿਯੁਕਤੀ ਕਰਦੇ ਸਮੇਂ ਅਕਾਦਮਿਕ ਖੇਤਰ ਦੀਆਂ ਉਹ ਸ਼ਖ਼ਸੀਅਤਾਂ ਜੋ ਖੋਜ ਅਤੇ ਅਧਿਆਪਨ ਦੇ ਖੇਤਰ ਵਿਚ ਰੁਚੀ ਰਖਦੀਆਂ ਹਨ ਅਤੇ ਸਮੁੱਚਾ ਅਕਾਦਮਿਕ ਭਾਈਚਾਰਾ ਉਨ੍ਹਾਂ ਉਪਰ ਨਾਜ਼ ਕਰਦਾ ਹੋਵੇ, ਉਸ ਨੂੰ ਹੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਨਿਯੁਕਤ ਕੀਤਾ ਜਾਵੇ।” ਇਸ ਕਮਿਸ਼ਨ ਨੇ ਤਾਂ ਇਥੋਂ ਤਕ ਕਿਹਾ ਕਿ ਜਿਸ ਤਰ੍ਹਾਂ ਇੰਗਲੈਂਡ, ਅਮਰੀਕਾ ਅਤੇ ਜਰਮਨੀ ਵਿੱਚ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਦੀ ਚੋਣ ਕੀਤੀ ਜਾਂਦੀ ਹੈ, ਉਨ੍ਹਾਂ ਲਈ ਇਹ ਪੈਮਾਨਾ ਲਾਇਆ ਜਾਂਦਾ ਹੈ ਕਿ ਯੂਨੀਵਰਸਿਟੀ ਦੀ ਲੀਡਰਸ਼ਿਪ ਦੀ ਚੋਣ ਵਿੱਚ ਸਮੁੱਚੀ ਅਧਿਆਪਨ ਫੈਕਲਟੀ, ਸਾਬਕਾ ਤੇ ਮੌਜੂਦਾ ਵਿਦਿਆਰਥੀ ਅਤੇ ਸਮਾਜ ਦੇ ਖੋਜ ਕਾਰਜਾਂ ਵਿਚ ਲੱਗੇ ਹਿੱਸਿਆਂ ਦੀ ਸਾਂਝੀ ਸਹਿਮਤੀ ਤੇ ਰਾਇ ਦੇ ਆਧਾਰ ’ਤੇ ਹੀ ਵਾਈਸ ਚਾਂਸਲਰ ਨਿਯੁਕਤ ਕੀਤਾ ਜਾਵੇ।

ਇਨ੍ਹਾਂ ਕਮਿਸ਼ਨਾਂ ਅਤੇ ਰਿਪੋਰਟਾਂ ਨੂੰ ਦਰਕਿਨਾਰ ਕਰਦਿਆਂ ਹੁਣ ਕੌਮੀ ਸਿੱਖਿਆ ਨੀਤੀ-2020 ਨੂੰ ਉਚੇਰੀ ਸਿੱਖਿਆ ਵਿਚ ਲਾਗੂ ਕਰਨ ਹਿਤ ਯੂਜੀਸੀ ਨੇ ਅਧਿਆਪਕਾਂ ਦੀ ਨਿਯੁਕਤੀ ਤੋਂ ਲੈ ਕੇ ਤਰੱਕੀ ਤੱਕ, ਇਸ ਤੋਂ ਵੀ ਅਗਾਂਹ ਵਾਈਸ ਚਾਂਸਲਰ ਦੀ ਨਿਯੁਕਤੀ ਲਈ ਕਿਹੜੇ-ਕਿਹੜੇ ਨਿਯਮ ਅਤੇ ਪੈਮਾਨੇ ਬਣਾਏ ਜਾਣ, ਸਬੰਧੀ ਨਵਾਂ ਡਰਾਫਟ ਰੈਗੂਲੇਸ਼ਨ-2025 ਜਾਰੀ ਕਰ ਦਿੱਤਾ ਹੈ। ਇਸ ਵਿਚ ਦਰਜ ਹੈ ਕਿ ਹੁਣ ਵਾਈਸ ਚਾਂਸਲਰਾਂ ਦੀ ਨਿਯੁਕਤੀ ਲਈ ਗਵਰਨਰ ਦੀ ਅਹਿਮ ਭੂਮਿਕਾ ਹੋਵੇਗੀ। ਉਹ ਚੋਣ ਲਈ ਆਪਣਾ ਇੱਕ ਨੁਮਾਇੰਦਾ ਨਿਰਧਾਰਤ ਕਰੇਗਾ ਜਿਸ ਦੀ ਪਹਿਲਾਂ ਕਿਸੇ ਵੀ ਕਮੇਟੀ ਅਤੇ ਕਮਿਸ਼ਨ ਨੇ ਵਿਵਸਥਾ ਨਹੀਂ ਸੀ ਕੀਤੀ। ਪਹਿਲਾਂ ਬਣੇ ਕਮਿਸ਼ਨਾਂ ਨੇ ਖ਼ਦਸ਼ਾ ਜ਼ਾਹਿਰ ਕੀਤਾ ਸੀ ਕਿ ਜੇ ਗਵਰਨਰ ਨੂੰ ਤਾਕਤਵਰ ਕਰ ਦਿੱਤਾ ਜਾਂਦਾ ਹੈ ਤਾਂ ਉਹ ਕੇਂਦਰ ਦੀ ਹੀ ਬੋਲੀ ਸਮਝੇਗਾ ਤੇ ਬੋਲੇਗਾ। ਇਸ ਨਾਲ ਰਾਜਾਂ ਦੀਆਂ ਯੂਨੀਵਰਸਿਟੀਆਂ ਦੀ ਖੁਦਮੁਖ਼ਤਾਰੀ ਤਹਿਸ ਨਹਿਸ ਹੋ ਜਾਵੇਗੀ ਪਰ ਇਸ ਡਰਾਫਟ ਨੇ ਤਾਂ ਹੋਰ ਅਗਾਂਹ ਇਹ ਵਿਵਸਥਾ ਵੀ ਕਰ ਦਿੱਤੀ ਹੈ ਕਿ ਉਚੇਰੀ ਸਿੱਖਿਆ ਲਈ ਬਣਨ ਵਾਲੀ ਨਵੀਂ ਗਵਰਨਿੰਗ ਕੌਂਸਲ ਜਾਂ ਹੁਣ ਤੱਕ ਚੱਲ ਰਿਹਾ ਯੂਨੀਵਰਸਿਟੀ ਗਰਾਂਟ ਕਮਿਸ਼ਨ ਵੀ ਇਕ ਨੁਮਾਇੰਦਾ ਵਾਈਸ ਚਾਂਸਲਰ ਦੀ ਨਿਯੁਕਤੀ ਲਈ ਕਮੇਟੀ ਵਿੱਚ ਭੇਜੇਗਾ; ਤੀਜਾ ਨੁਮਾਇੰਦਾ ਰਾਜ ਸਰਕਾਰ ਦੀ ਇੱਛਾ ਅਨੁਸਾਰ ਹੋਵੇਗਾ। ਇਹ ਤਿੰਨੇ ਧਿਰਾਂ ਵਾਈਸ ਚਾਂਸਲਰ ਦੀ ਨਿਯੁਕਤੀ ਲਈ ਸਾਰਾ ਕਾਰ-ਵਿਹਾਰ ਕਰਨਗੀਆਂ। ਤੱਤ ਰੂਪ ਵਿਚ ਰਾਜ ਸਰਕਾਰ ਦੀ ਭੂਮਿਕਾ ਨਾ-ਮਾਤਰ ਕਰ ਦਿਤੀ ਗਈ ਹੈ ਬਲਕਿ ਸਿੱਧੇ ਰੂਪ ਵਿਚ ਕੇਂਦਰ ਰਾਹੀਂ ਹੀ ਵਾਈਸ ਚਾਂਸਲਰ ਨਿਯੁਕਤ ਹੋਵੇਗਾ। ਸਾਬਕਾ ਕੇਂਦਰੀ ਵਿੱਤ ਮੰਤਰੀ ਪੀ ਚਿਤੰਬਰਮ ਨੇ ਇਸ ਬਾਰੇ ਕਿਹਾ ਹੈ, “ਇਕ ਤਰ੍ਹਾਂ ਨਾਲ ‘ਵਾਇਸਰਾਏ’ ਦੇ ਰੂਪ ਵਿੱਚ ਹੀ ਵਾਈਸ ਚਾਂਸਲਰ ਨਿਯੁਕਤ ਹੋਵੇਗਾ”।

ਇਸ ਨਿਯੁਕਤੀ ਵਿਚ ਉਸ ਦੇ ਖੋਜ ਅਤੇ ਅਧਿਆਪਨ ਖੇਤਰ ਨੂੰ ਛੱਡ ਕੇ ਕਿਸੇ ਵੀ ਹੋਰ ਖੇਤਰ ਜੋ ਕਾਰਪੋਰੇਟ ਘਰਾਣਿਆਂ ਜਾਂ ਉਸ ਕਿਸਮ ਦੀ ਸੋਚ ਦੀ ਪ੍ਰਤੀਨਿਧਤਾ ਕਰਦਾ ਹੋਵੇ, ਵਾਈਸ ਚਾਂਸਲਰ ਨਿਯੁਕਤ ਹੋ ਸਕਦਾ ਹੈ। ਇਸ ਕਿਸਮ ਦੀ ਵਕਾਲਤ ਦੁਨੀਆ ਦੇ ਉਚੇਰੀ ਸਿੱਖਿਆ ਦੇ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ ਕਿ ਅਕਾਦਮਿਕ ਖੇਤਰ ਵਿਚਲੀ ਅਸਲ ਸ਼ਕਤੀ ਜੋ ਉਸ ਦੇ ਖੋਜ ਅਤੇ ਅਧਿਆਪਨ ਅਮਲੇ ਵਿੱਚ ਹੁੰਦੀ ਹੈ, ਉਨ੍ਹਾਂ ਨੂੰ ਪਰ੍ਹੇ ਕਰ ਕੇ ਉਨ੍ਹਾਂ ਉਪਰ ਇਸ ਕਿਸਮ ਦੀ ਲੀਡਰਸ਼ਿਪ ਸਥਾਪਿਤ ਕਰ ਦਿਤੀ ਜਾਵੇਗੀ ਜਿਹੜੀ ਯੂਨੀਵਰਸਿਟੀ ਦੇ ਅਸਲ ਅਰਥਾਂ ਨੂੰ ਹੀ ਤਬਦੀਲ ਕਰ ਦੇਵੇਗੀ।

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਉਚੇਰੀ ਸਿੱਖਿਆ ਬਾਰੇ ਦਿਸ਼ਾ ਨਿਰਦੇਸ਼ ਜਾਰੀ ਕਰਦਿਆਂ ਕਿਹਾ ਸੀ ਕਿ ਯੂਨੀਵਰਸਿਟੀ ਅਜਿਹੇ ਗਿਆਨ ਦੇ ਕੇਂਦਰ ਹੋਣਗੇ ਜਿਥੋਂ ਬੌਧਿਕ ਪੱਧਰ ਦੇ ਵਾਦ-ਵਿਵਾਦ ਰਾਹੀਂ ਨਵੀਂ ਲੀਡਰਸ਼ਿਪ ਵਿਗਿਆਨ, ਸਾਹਿਤ, ਰਾਜਨੀਤੀ ਅਤੇ ਸਭਿਆਚਾਰ ਦੇ ਖੇਤਰ ਪੈਦਾ ਹੋਵੇਗੀ। ਕੌਮੀ ਸਿੱਖਿਆ ਨੀਤੀ-2020 ਦੇ ਨਵੇਂ ਆਏ ਡਰਾਫਟ ਨੇ ਵਾਈਸ ਚਾਂਸਲਰਾਂ ਦੀ ਨਿਯੁਕਤੀ ਕਰਨ ਦੇ ਸਵਾਲ ’ਤੇ ਅਤੀਤ ਨਾਲੋਂ ਪੂਰੀ ਤਰਾਂ ਤੋੜ-ਵਿਛੋੜਾ ਕਰ ਲਿਆ ਹੈ। ਇਹ ਨੀਤੀ ਜਾਰੀ ਕਰਦੇ ਸਮੇਂ ਰਾਜ ਸਰਕਾਰਾਂ ਨੂੰ ਪੁੱਛਿਆ ਤੱਕ ਨਹੀਂ ਗਿਆ। ਕੇਂਦਰੀ ਹਕੂਮਤ ਨੇ ਹਕੀਕਤ ਵਿਚ ਫੈਡਰਲਿਜ਼ਮ ਦਾ ਸਵਾਲ ਹੀ ਉਡਾ ਦਿੱਤਾ ਹੈ। ਕੁਝ ਰਾਜ ਸਰਕਾਰਾਂ ਜਿਨ੍ਹਾਂ ਵਿਚ ਤਾਮਿਲਨਾਡੂ, ਕੇਰਲਾ ਤੇ ਪੱਛਮੀ ਬੰਗਾਲ ਸ਼ਾਮਿਲ ਹਨ, ਵਾਈਸ ਚਾਂਸਲਰਾਂ ਦੀ ਨਿਯੁਕਤੀ ਦੇ ਸਵਾਲ ’ਤੇ ਲਗਾਤਾਰ ਦਸਤਪੰਜਾ ਲੈ ਰਹੀਆਂ ਹਨ ਪਰ ਪੰਜਾਬ ਸਰਕਾਰ ਇਸ ਮਸਲੇ ’ਤੇ ਘੇਸਲ ਮਾਰੀ ਬੈਠੀ ਹੈ। ਇਸ ਤੋਂ ਵੀ ਮਾੜੀ ਗੱਲ, ਕਈ ਮਹੀਨਿਆਂ ਤੋਂ ਵਾਈਸ ਚਾਂਸਲਰਾਂ ਤੋਂ ਬਿਨਾਂ ਚੱਲ ਰਹੀਆਂ ਯੂਨੀਵਰਸਿਟੀਆਂ ਦਾ ਅਧਿਆਪਨ ਅਮਲਾ ਵੀ ਹਰਕਤਹੀਣ ਹੋਇਆ ਪਿਆ ਹੈ। ਦਹਾਕਿਆਂ ਤੋਂ ਰਾਜਾਂ ਦੀਆਂ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਦੀ ਨਿਯੁਕਤੀ ਰਾਜ ਸਰਕਾਰਾਂ ਆਪਣੀ ਲੋੜ ਅਤੇ ਇੱਛਾ ਅਨੁਸਾਰ ਕਰਦੀਆਂ ਰਹੀਆਂ ਹਨ। ਮਸਲਾ ਤਾਂ ਇਹ ਹੈ ਕਿ ਅਕਾਦਮਿਕ ਖੇਤਰ ਪਹਿਲਾਂ ਹੀ ਬੁਰੀ ਤਰ੍ਹਾਂ ਸੰਕਟ ਵਿੱਚ ਘਿਰਿਆ ਹੈ। ਅਕਾਦਮਿਕ ਆਜ਼ਾਦੀ ਦੇ ਸਵਾਲ ’ਤੇ ਆਜ਼ਾਦ ਸੋਚਣੀ ਵਾਲੇ ਸਾਬਕਾ ਵਾਈਸ ਚਾਂਸਲਰ ਡਾ। ਅਮਰੀਕ ਸਿੰਘ ਨੂੰ ਰਾਜਨੀਤਕ ਦਾਦਾਗਿਰੀ ਦਾ ਸਾਹਮਣਾ ਕਰਨਾ ਪਿਆ ਸੀ। ਉਨ੍ਹਾਂ 1984 ਵਿਚ 265 ਪੰਨਿਆਂ ਦੀ ਮੁੱਲਵਾਨ ਪੁਸਤਕ ਲਿਖੀ ਜਿਸ ਵਿੱਚ ਜ਼ਿਕਰ ਕੀਤਾ ਕਿ ਵਾਈਸ ਚਾਂਸਲਰ ਹੁੰਦਿਆਂ ਉਨ੍ਹਾਂ ਨੂੰ ਇਸ ਮਸਲੇ ’ਤੇ ਕਿਵੇਂ ਕਾਰਜ ਕਰਨਾ ਪਿਆ ਸੀ। ਉਦੋਂ ਉਨ੍ਹਾਂ ਨੂੰ ਆਪਣਾ ਕਾਰਜਕਾਲ ਵਿਚਾਲੇ ਛੱਡ ਕੇ ਜਾਣਾ ਪਿਆ। ਉਦੋਂ ਉਨ੍ਹਾਂ ਸੰਕਟਗ੍ਰਸਤ ਹੋ ਚੁੱਕੀਆਂ ਅਤੇ ਹੋ ਰਹੀਆਂ ਯੂਨੀਵਰਸਿਟੀਆਂ ਬਾਰੇ ਸਪਸ਼ਟ ਵਿਚਾਰ ਪ੍ਰਗਟਾਏ ਸਨ ਕਿ ਹੁਣ ਜਿਹੜਾ ਵੀ ਵਾਈਸ ਚਾਂਸਲਰ ਬਣਨਾ ਚਾਹੁੰਦਾ ਹੈ, ਉਹ ਸੋਚ ਵਿਚਾਰ ਕੇ ਹੀ ਇਸ ਖੇਤਰ ਵਿਚ ਆਵੇ। ਉਨ੍ਹਾਂ ਲਿਖਿਆ ਕਿ ਉਹ ਯੂਨੀਵਰਸਿਟੀ ਨੂੰ ਨਵੀਂ ਦਿਸ਼ਾ ਦੇਣਾ ਚਾਹੁੰਦੇ ਸਨ, ਉਨ੍ਹਾਂ ਕਈ ਦਹਾਕੇ ਦੁਨੀਆ ਦੀਆਂ ਵੱਡੀਆਂ ਯੂਨੀਵਰਸਿਟੀਆਂ ਲਈ ਲਿਖਿਆ ਅਤੇ ਯੂਨੀਵਰਸਿਟੀ ਗਰਾਂਟ ਕਮਿਸ਼ਨ ਦੇ ਜੋ ਕਾਇਦੇ-ਕਾਨੂੰਨ ਬਣਦੇ ਸਨ, ਉਸ ਵਿਚ ਵੀ ਉਹ ਭਾਈਵਾਲ ਰਹੇ ਪਰ ਜਦੋਂ ਉਹ ਵਾਈਸ ਚਾਂਸਲਰ ਬਣੇ, ਆਪਣੀ ਸੋਚ ਮਤਾਬਿਕ ਕੰਮ ਹੀ ਨਾ ਕਰ ਸਕੇ। ਇਸ



ਨੂੰ ਉਨ੍ਹਾਂ ਉਚੇਰੀ ਸਿੱਖਿਆ ਸੰਕਟ ਕਿਹਾ ਸੀ।

ਇਸ ਮਾਮਲੇ ਵਿੱਚ ਹੁਣ ਦੇ ਹਾਲਾਤ ਬਦ ਤੋਂ ਬਦਤਰ ਹੀ ਹੋਏ ਹਨ। ਸੰਕਟ ਵਾਲੇ ਇਸ ਦੌਰ ਵਿਚ ਰਾਜਾਂ ਦੀਆਂ ਯੂਨੀਵਰਸਿਟੀਆਂ ਵਿਚ ਵਾਈਸ ਚਾਂਸਲਰ ਲੱਗਣ ਅਤੇ ਲਗਾਉਣ ਦੀ ਦੌੜ ਸਿਆਸੀ ਆਕਾਵਾਂ ਤੱਕ ਸੀਮਤ ਹੋ ਗਈ ਹੈ। ਪਹਿਲਾਂ ਇਹ ਫੈਸਲੇ ਚੰਡੀਗੜ੍ਹ ਬੈਠੇ ਸਿਆਸੀ ਆਕਾ ਕਰਦੇ ਸਨ, ਹੁਣ ਇਹ ਫੈਸਲੇ ਦਿੱਲੀ ਦਰਬਾਰ ਵਿੱਚੋਂ ਹੋਣਗੇ ਹਾਲਾਂਕਿ ਕੁਠਾਰੀ ਕਮਿਸ਼ਨ ਵਿਚ ਸਪਸ਼ਟ ਦਰਜ ਕੀਤਾ ਗਿਆ ਸੀ ਕਿ ਕੋਈ ਵੀ ਅਤੇ ਕਿਸੇ ਵੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਦਿੱਲੀ ਦੇ ਹਿਸਾਬ ਨਾਲ ਨਹੀਂ ਲੱਗਣਾ ਚਾਹੀਦਾ। ਇਸ ਨੂੰ ਰੋਕਣ ਵਾਸਤੇ ਵਾਈਸ ਚਾਂਸਲਰਾਂ ਦੀ ਨਿਯੁਕਤੀ ਲਈ ਨੈਤਿਕ ਕੋਡ ਆਫ ਕੰਡਕਟ ਤੈਅ ਕੀਤੇ ਗਏ ਸਨ ਜਿਹੜੇ ਉਸ ਵੇਲੇ ਦੇ ਨਾਮਵਰ ਸਿੱਖਿਆ ਸ਼ਾਸਤਰੀਆਂ ਅਤੇ ਵਿਗਿਆਨੀਆਂ ਨੇ ਬਣਾਏ ਸਨ। ਇਨ੍ਹਾਂ ਦਾ ਖਰੜਾ (ਮੌਰਲ ਕੋਡ ਆਫ ਕੰਡਕਟ) ਦੁਨੀਆ ਦੀਆਂ ਵੱਡੀਆਂ ਯੂਨੀਵਰਸਿਟੀਆਂ ਦੇ ਆਧਾਰ ’ਤੇ ਬਣਾਇਆ ਗਿਆ ਸੀ ਜਿਨ੍ਹਾਂ ਨੇ ‘ਆਈਡੀਆ ਆਫ ਯੂਨੀਵਰਸਿਟੀ’ ਦਿੱਤਾ ਸੀ ਕਿ ਯੂਨੀਵਰਸਿਟੀਆਂ ਅਜਿਹੇ ਸਥਾਨ ਹੋਣੇ ਚਾਹੀਦੇ ਹਨ ਜਿਥੇ ਬਹੁ-ਪੱਖੀ ਅਤੇ ਬਹੁ-ਪਰਤੀ ਗਿਆਨ ਦਾ ਵਿਕਾਸ ਤੇ ਸੰਚਾਰ ਹੋ ਸਕੇ।

ਅੱਜ ਹਕੀਕਤ ਹੋਰ ਹੈ। ਕੌਮੀ ਸਿੱਖਿਆ ਨੀਤੀ-2020 ਦੇ ਚੇਅਰਮੈਨ ਕਸਤੂਰੀ ਰੰਜਨ ਨੇ ਹਾਲਾਂਕਿ ਸਪਸ਼ਟ ਕਿਹਾ ਸੀ ਕਿ ਹੁਣ ਵਾਲੀ ਸਿੱਖਿਆ ਨੀਤੀ ਵਿਚ ਪਹਿਲਾਂ ਵਾਲਾ ਕੁਝ ਵੀ ਨਹੀਂ ਹੋਵੇਗਾ ਬਲਕਿ ‘ਕ੍ਰਾਂਤੀਕਾਰੀ’ ਤਬਦੀਲੀ ਹੋਵੇਗੀ ਪਰ ਹੁਣ ਜਿਹੜਾ ਡਰਾਫਟ-2025 ਆਇਆ ਹੈ, ਇਹ ਹਕੀਕਤ ਵਿਚ ਅਜਿਹੀ ‘ਕ੍ਰਾਂਤੀ’ ਹੈ ਜੋ ਵੱਖ-ਵੱਖ ਸਭਿਆਚਾਰਾਂ, ਭਾਸ਼ਾਵਾਂ, ਗਿਆਨ ਦੀਆਂ ਵਿਧਾਵਾਂ ਨੂੰ ਤਹਿਸ-ਨਹਿਸ ਕਰ ਕੇ ਕੇਂਦਰੀ ਸੱਤਾ ਅਨੁਸਾਰ ਢਾਲ ਦੇਵੇਗੀ। ਇਉਂ ਬਹੁ-ਭਾਸ਼ਾਈ ਅਤੇ ਬਹੁ-ਕੌਮੀ ਭਾਰਤ ਆਪਣੀਆਂ ਅਮੀਰ ਪਰੰਪਰਾਵਾਂ, ਭਾਸ਼ਾਵਾਂ ਤੇ ਗਿਆਨ ਸੰਚਾਰ ਦੀਆਂ ਵਿਧੀਆਂ ਗੁਆ ਬੈਠੇਗਾ।


ਪਹਿਲਾਂ ਬਣੇ ਕਮਿਸ਼ਨਾਂ ਨੇ ਗਵਰਨਰ ਨੂੰ ਸਿਰਫ ਵਿਜ਼ਟਰ ਦਾ ਅਹੁਦਾ ਦੇ ਕੇ ਇਜ਼ਤ ਮਾਣ ਦੇ ਤੌਰ ’ਤੇ ਚਾਂਸਲਰ ਕਿਹਾ ਸੀ। ਰਾਜ ਸਰਕਾਰ ਦੀ ਪ੍ਰਮੁੱਖਤਾ ਯੂਨੀਵਰਸਿਟੀਆਂ ਦੇ ਕਾਇਦੇ-ਕਾਨੂੰਨ ਬਣਾਉਣ ਅਤੇ ਬਦਲਣ ਵਿਚ ਅਹਿਮ ਭੂਮਿਕਾ ਰੱਖਦੀ ਸੀ ਜਿਹੜੀ ਹੁਣ ਪੂਰੀ ਤਰ੍ਹਾਂ ਖਤਮ ਕਰ ਦਿੱਤੀ ਗਈ ਹੈ। ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਵੱਖ-ਵੱਖ ਰਾਜਾਂ ਦੀਆਂ ਯੂਨੀਵਰਸਿਟੀਆਂ ਜੋ ਪਹਿਲਾਂ ਹੀ ਸੰਕਟ ਵਿੱਚ ਹਨ, ਉਨ੍ਹਾਂ ਦਾ ਕੀ ਬਣੇਗਾ।

ਜੇ ਪੰਜਾਬ ਦੇ ਬੌਧਿਕ ਹਲਕੇ ਅਤੇ ਰਾਜ ਲਈ ਰਾਜਨੀਤੀ ਕਰਨ ਵਾਲੀਆਂ ਪਾਰਟੀਆਂ ਅਜਿਹੇ ਡਰਾਫਟ ਖਿਲਾਫ ਇੱਕਜੁੱਟ ਹੋ ਕੇ ਨਹੀਂ ਖੜ੍ਹਦੇ ਤਾਂ ਪੰਜਾਬ ਦੀਆਂ ਕਈ ਆਜ਼ਾਦ ਖਿਆਲ ਸੰਸਥਾਵਾਂ ਭਵਿੱਖ ਵਿੱਚ ਤਬਾਹ ਹੋ ਜਾਣਗੀਆਂ। ਇਸ ਸਮੇਂ ਸਮੁੱਚੇ ਵਿਦਿਆ ਖੇਤਰ ਨਾਲ ਜੁੜੇ ਹਿੱਸਿਆਂ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਚੁਣੌਤੀ ਨੂੰ ਸਰ ਕਰਨ ਲਈ ਆਪਣੀ ਭੂਮਿਕਾ ਨਿਭਾਉਣ।

# ਸੁੱਕੇ ਰਹਿੰਦੇ ਹਨ ਬੁੱਲ੍ਹ ਤਾਂ ਤੁਸੀਂ ਵੀ ਕਰ ਰਹੇ ਹੋ ਜ਼ਰੂਰ ਇਹ ਗ਼ਲਤੀਆਂ

ਸੁੱਕੇ ਬੁੱਲ੍ਹਾਂ ਦੀ ਸਮੱਸਿਆ ਬਹੁਤ ਸਾਰੇ ਲੋਕਾਂ ਨੂੰ ਪਰੇਸ਼ਾਨ ਕਰਦੀ ਹੈ। ਸਿਆਲ ਸ਼ੁਰੂ ਹੁੰਦੇ ਹੀ ਲੋਕਾਂ ਨੂੰ ਬੁੱਲ੍ਹਾਂ ਦੇ ਫਟੇ ਹੋਣ ਦੀ ਸਮੱਸਿਆ ਸ਼ੁਰੂ ਹੋ ਜਾਂਦੀ ਹੈ। ਇਸ ਨਾਲ ਤੁਹਾਡੇ ਬੁੱਲ੍ਹ ਬਹੁਤ ਸੁੱਕ ਜਾਂਦੇ ਹਨ। ਇਸ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਆਮ ਤੌਰ 'ਤੇ ਇਹ ਸਮੱਸਿਆ ਘੱਟ ਪਾਣੀ ਪੀਣ ਕਾਰਨ ਹੁੰਦੀ ਹੈ, ਪਰ ਇਸ ਤੋਂ ਇਲਾਵਾ ਹੋਰ ਵੀ ਕਈ ਕਾਰਨ ਹੋ ਸਕਦੇ ਹਨ ਜਿਨ੍ਹਾਂ ਨੂੰ ਨਜ਼ਰ-ਅੰਦਾਜ਼ ਨਹੀਂ ਕਰਨਾ ਚਾਹੀਦਾ। ਇੱਥੇ ਕੁਝ ਕਾਰਨ ਹਨ ਜਿਨ੍ਹਾਂ ਕਰਕੇ ਬੁੱਲ੍ਹ ਸੁੱਕ ਸਕਦੇ ਹਨ।

**ਵਿਟਾਮਿਨ ਦੀ ਕਮੀ-** ਲੋਕ ਸੋਚਦੇ ਹਨ ਕਿ ਸੁੱਕੇ ਬੁੱਲ੍ਹਾਂ ਦਾ ਇੱਕੋ ਇੱਕ ਕਾਰਨ ਘੱਟ ਪਾਣੀ ਪੀਣਾ ਹੈ। ਇਸ ਦੇ ਬਾਵਜੂਦ, ਲੋਕ ਇਸ ਵੱਲ ਬਹੁਤਾ ਧਿਆਨ ਨਹੀਂ ਦਿੰਦੇ। ਜ਼ਿਕਰਯੋਗ ਹੈ ਕਿ ਵਿਟਾਮਿਨ ਬੀ ਅਤੇ ਵਿਟਾਮਿਨ ਸੀ ਦੀ ਕਮੀ ਕਾਰਨ ਬੁੱਲ੍ਹ ਸੁੱਕੇ ਹੋ ਸਕਦੇ ਹਨ।



ਜਦੋਂ ਤੁਹਾਡੇ ਸਰੀਰ ਵਿੱਚ ਇਨ੍ਹਾਂ ਵਿਟਾਮਿਨਾਂ ਦੀ ਕਮੀ ਹੁੰਦੀ ਹੈ ਤਾਂ ਬੁੱਲ੍ਹ ਸੁੱਕਣੇ ਸ਼ੁਰੂ ਹੋ ਜਾਂਦੇ ਹਨ। ਸੰਤੁਲਿਤ ਖੁਰਾਕ ਲੈਣਾ ਬਹੁਤ ਜ਼ਰੂਰੀ ਹੈ। ਇਹ ਤੁਹਾਡੇ ਸਰੀਰ ਵਿੱਚ ਵਿਟਾਮਿਨਾਂ ਦੀ ਕਮੀ ਨੂੰ ਰੋਕਦਾ ਹੈ ਅਤੇ ਤੁਸੀਂ ਤਾਜ਼ਾ ਮਹਿਸੂਸ ਕਰਦੇ ਹੋ। ਇਸ ਲਈ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਸੰਤੁਲਿਤ ਖੁਰਾਕ ਨੂੰ ਸ਼ਾਮਲ ਕਰਨਾ ਯਕੀਨੀ ਬਣਾਓ।

**ਹਾਰਮੋਨਲ ਬਦਲਾਅ-** ਹਾਰਮੋਨਲ ਬਦਲਾਅ ਸੁੱਕੇ ਬੁੱਲ੍ਹਾਂ ਦਾ ਕਾਰਨ ਬਣ ਸਕਦੇ ਹਨ। ਜਦੋਂ ਤੁਹਾਡੇ ਸਰੀਰ ਦੇ ਅੰਦਰ ਹਾਰਮੋਨ ਬਦਲਦੇ ਹਨ ਤਾਂ ਬੁੱਲ੍ਹ ਸੁੱਕਣ ਲੱਗਦੇ ਹਨ। ਇਸ ਲਈ, ਇਹ ਜ਼ਰੂਰੀ ਨਹੀਂ ਹੈ ਕਿ ਤੁਹਾਡੇ ਬੁੱਲ੍ਹ ਸਿਰਫ਼ ਇਸ ਲਈ ਸੁੱਕ ਰਹੇ ਹੋਣ ਕਿਉਂਕਿ ਤੁਸੀਂ ਘੱਟ ਪਾਣੀ ਪੀ ਰਹੇ ਹੋ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਬਹੁਤ ਸਾਰਾ ਪਾਣੀ ਪੀਣ ਤੋਂ ਬਾਅਦ ਵੀ ਤੁਹਾਡੇ ਬੁੱਲ੍ਹ ਸੁੱਕੇ ਹੋ ਸਕਦੇ ਹਨ।

ਇਸ ਲਈ, ਸਹੀ ਢੰਗ ਨਾਲ ਖੁਰਾਕ ਲਓ। ਜਦੋਂ ਕਿਸੇ ਦੇ ਸਰੀਰ ਵਿੱਚ ਹਾਰਮੋਨਲ ਬਦਲਾਅ ਹੁੰਦੇ ਹਨ ਤਾਂ ਇਸਦਾ ਅਸਰ ਸਰੀਰ 'ਤੇ ਵੀ ਹੋਣਾ ਸ਼ੁਰੂ ਹੋ ਜਾਂਦਾ ਹੈ। ਆਪਣੇ ਹਾਰਮੋਨਸ ਨੂੰ ਸੰਤੁਲਿਤ ਕਰਨ ਲਈ ਸਹੀ ਖੁਰਾਕ ਲੈਣ ਦੀ ਕੋਸ਼ਿਸ਼ ਕਰੋ ਅਤੇ ਹਮੇਸ਼ਾ ਲੋੜੀਂਦੀ ਨੀਂਦ ਲਓ। ਕਈ ਵਾਰ ਨੀਂਦ ਦੀ ਘਾਟ ਵੀ ਤੁਹਾਨੂੰ ਤਣਾਅ ਮਹਿਸੂਸ ਕਰਵਾਉਂਦੀ ਹੈ।

**ਦਵਾਈਆਂ ਕਾਰਨ ਵੀ ਸੁੱਕਦੇ ਹਨ ਬੁੱਲ੍ਹ-** ਸੁੱਕੇ ਬੁੱਲ੍ਹਾਂ ਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਕਿ ਐਂਟੀਹਿਸਟਾਮਾਈਨ ਅਤੇ ਡਿਪਰੈਸ਼ਨ ਦੀਆਂ ਦਵਾਈਆਂ ਸੁੱਕੇ ਬੁੱਲ੍ਹਾਂ ਦਾ ਕਾਰਨ ਬਣ ਸਕਦੀਆਂ ਹਨ। ਜ਼ਿਕਰਯੋਗ ਹੈ ਕਿ ਸਿਗਰਟਨੋਸ਼ੀ ਕਰਨ ਨਾਲ ਬੁੱਲ੍ਹ ਸੁੱਕ ਸਕਦੇ ਹਨ। ਜੋ ਲੋਕ ਜ਼ਿਆਦਾ ਸਿਗਰਟ ਪੀਂਦੇ ਹਨ, ਉਨ੍ਹਾਂ ਦੇ ਬੁੱਲ੍ਹ ਸੁੱਕੇ ਹੋ ਜਾਂਦੇ ਹਨ। ਜੇਕਰ ਅਸੀਂ ਕੈਫੀਨ ਦੇ ਸੇਵਨ ਬਾਰੇ ਗੱਲ ਕਰੀਏ, ਤਾਂ ਕੈਫੀਨ ਦਾ ਜ਼ਿਆਦਾ ਸੇਵਨ ਵੀ ਸੁੱਕੇ ਬੁੱਲ੍ਹਾਂ ਦਾ ਕਾਰਨ ਬਣ ਸਕਦਾ ਹੈ। ਇਨ੍ਹਾਂ ਕਾਰਨਾਂ ਨੂੰ ਨਜ਼ਰ-ਅੰਦਾਜ਼ ਨਹੀਂ ਕਰਨਾ ਚਾਹੀਦਾ ਅਤੇ ਸੁੱਕੇ ਬੁੱਲ੍ਹਾਂ ਦੀ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਢੁਕਵੇਂ ਉਪਾਅ ਕਰਨੇ ਚਾਹੀਦੇ ਹਨ।

# ਟਰੰਪ ਦੇ ਨਾਗਰਿਕਤਾ ਨੂੰ ਖ਼ਤਮ ਕਰਨ ਦੇ ਪਲਾਨ ਉੱਤੇ ਅਦਾਲਤ ਨੇ ਲਾਈ ਰੋਕ

ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਦੇ ਗੈਰ-ਅਮਰੀਕੀ ਮਾਪਿਆਂ ਦੇ ਬੱਚਿਆਂ ਨੂੰ ਜਨਮ ਤੋਂ ਮਿਲਣ ਵਾਲੀ ਅਮਰੀਕੀ ਨਾਗਰਕਿਤਾ ਨੂੰ ਖ਼ਤਮ ਕਰਨ ਦੇ ਕਾਰਜਕਾਰੀ ਆਦੇਸ਼ ਉੱਤੇ ਰੋਕ ਲਗਾ ਦਿੱਤੀ ਹੈ। ਅਮਰੀਕਾ ਦੇ ਸਿਏਟਲ ਵਿੱਚ ਸਥਿਤ ਫੈਡਰਲ ਕੋਰਟ ਦੇ ਜੱਜ ਨੇ ਇਹ ਰੋਕ ਕੱਚੇ ਤੌਰ ਉੱਤੇ ਲਗਾਈ ਹੈ। ਕੋਰਟ ਵਿੱਚ ਅਮਰੀਕਾ ਦੇ ਚਾਰ ਸੂਬਿਆਂ ਨੇ ਬੱਚਿਆਂ ਨੂੰ ਜਨਮ ਦੇ ਨਾਲ ਮਿਲਣ ਵਾਲੀ ਅਮਰੀਕੀ ਨਾਗਰਿਕਤਾ ਉੱਤੇ ਆਏ ਟਰੰਪ ਦੇ ਕਾਰਜਕਾਰੀ ਆਦੇਸ਼ ਉੱਤੇ ਰੋਕ ਲਗਾਉਣ ਦੀ ਮੰਗ ਕੀਤੀ ਸੀ। ਅਮਰੀਕੀ ਕਾਨੂੰਨ ਵਿਭਾਗ ਦੇ ਵਕੀਲ ਨੇ ਟਰੰਪ ਦੇ ਆਦੇਸ਼ ਦੇ ਪੱਖ ਵਿੱਚ ਦਲੀਲ ਦਿੱਤੀ ਤਾਂ ਜੱਜ ਨੇ ਸਵਾਲ ਕੀਤਾ, "ਕੀ ਇਹ ਸੰਵਿਧਾਨਿਕ ਹੈ?"

ਇਸ ਤੋਂ ਪਹਿਲਾਂ ਡੌਨਲਡ ਟਰੰਪ ਨੇ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਆਪਣੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਵਿੱਚ ਹੀ ਇੱਕ ਤੋਂ ਬਾਅਦ ਇੱਕ ਕਈ ਕਾਰਜਕਾਰੀ ਆਦੇਸ਼ ਜਾਰੀ ਕੀਤੇ ਹਨ। ਇਨ੍ਹਾਂ ਹੁਕਮਾਂ ਵਿੱਚੋਂ ਇੱਕ ਵਿੱਚ ਗੈਰ-ਅਮਰੀਕੀ ਮਾਪਿਆਂ ਦੇ ਬੱਚਿਆਂ ਨੂੰ ਜਨਮ ਸਮੇਂ ਆਪਣੇ ਆਪ ਮਿਲਣ ਵਾਲੀ ਅਮਰੀਕੀ ਨਾਗਰਿਕਤਾ ਦੀ ਵਿਵਸਥਾ ਨੂੰ ਖ਼ਤਮ ਕਰਨਾ ਵੀ ਸ਼ਾਮਲ ਹੈ।

ਟਰੰਪ ਨੇ ਸਮੇਂ-ਸਮੇਂ 'ਤੇ ਅਮਰੀਕਾ ਆਉਣ ਵਾਲੇ ਪ੍ਰਵਾਸੀਆਂ 'ਤੇ ਸਖ਼ਤ ਵਿਚਾਰ ਪ੍ਰਗਟ ਕੀਤੇ ਹਨ। ਅਜਿਹੀ ਸਥਿਤੀ ਵਿੱਚ, ਜਨਮ ਦੇ ਆਧਾਰ 'ਤੇ ਨਾਗਰਿਕਤਾ ਦੀ ਪਰਿਭਾਸ਼ਾ ਬਦਲਣ ਨਾਲ ਉੱਥੇ ਰਹਿਣ ਵਾਲੇ ਭਾਰਤੀਆਂ ਸਮੇਤ ਦੂਜੇ ਦੇਸ਼ਾਂ ਦੇ ਲੋਕਾਂ 'ਤੇ ਪ੍ਰਭਾਵ ਪੈ ਸਕਦਾ ਹੈ।

### ਆਦੇਸ਼ ਵਿੱਚ ਕੀ ਹੈ?

ਵ੍ਹਾਈਟ ਹਾਊਸ ਦੀ ਵੈੱਬਸਾਈਟ 'ਤੇ ਮੌਜੂਦ ਇਸ ਕਾਰਜਕਾਰੀ ਆਦੇਸ਼ ਦਾ ਸਿਰਲੇਖ "ਪ੍ਰੋਟੈਕਟਿੰਗ ਦਿ ਮੀਨਿੰਗ ਐਂਡ ਵੈਲਿਊ ਆਫ਼ ਅਮੇਰਿਕਨ ਸਿਟੀਜ਼ਨਸ਼ਿਪ" ਹੈ। ਹੁਕਮ ਦੇ ਸ਼ੁਰੂ ਵਿੱਚ ਇਹ ਕਿਹਾ ਗਿਆ ਹੈ ਕਿ ਅਮਰੀਕੀ ਨਾਗਰਿਕਤਾ ਇੱਕ ਅਨਮੋਲ ਤੋਹਫ਼ੇ ਵਾਂਗ ਹੈ। ਫੈਸਲੇ ਤੋਂ 30 ਦਿਨਾਂ ਬਾਅਦ, ਭਾਵ 20 ਫਰਵਰੀ ਤੋਂ ਪੈਦਾ ਹੋਣ ਵਾਲੇ ਹਰ ਬੱਚੇ 'ਤੇ ਇਹ ਨਵਾਂ ਨਿਯਮ ਲਾਗੂ ਹੋਵੇਗਾ।

ਆਦੇਸ਼ ਮੁਤਾਬਕ, ਇਨ੍ਹਾਂ ਹਾਲਾਤਾਂ ਵਿੱਚ ਅਮਰੀਕੀ ਨਾਗਰਿਕਤਾ ਨਹੀਂ ਦਿੱਤੀ ਜਾਵੇਗੀ:

ਜੇਕਰ ਅਮਰੀਕਾ ਵਿੱਚ ਪੈਦਾ ਹੋਏ ਬੱਚੇ ਦੀ ਮਾਂ ਉੱਥੇ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੀ ਹੋਵੇ।

ਜੇਕਰ ਪਿਤਾ ਬੱਚੇ ਦੇ ਜਨਮ ਸਮੇਂ ਅਮਰੀਕਾ ਦਾ ਨਾਗਰਿਕ ਜਾਂ ਕਾਨੂੰਨੀ ਸਥਾਈ ਨਿਵਾਸੀ ਨਾ ਹੋਵੇ।

ਬੱਚੇ ਦੇ ਜਨਮ ਸਮੇਂ ਮਾਂ ਅਮਰੀਕਾ ਦੀ ਕਾਨੂੰਨੀ ਪਰ ਅਸਥਾਈ ਨਿਵਾਸੀ ਹੋਵੇ।

ਹਾਲਾਂਕਿ, ਇਸ ਹੁਕਮ ਦੇ ਜਾਰੀ ਹੋਣ ਤੋਂ ਅਗਲੇ ਦਿਨ ਜਦੋਂ ਡੌਨਲਡ ਟਰੰਪ ਨੂੰ ਵ੍ਹਾਈਟ ਹਾਊਸ ਵਿਖੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਐੱਚ-1ਬੀ ਵੀਜ਼ਾ ਧਾਰਕਾਂ ਦੇ ਭਵਿੱਖ ਬਾਰੇ ਪੁੱਛਿਆ ਗਿਆ, ਤਾਂ ਉਨ੍ਹਾਂ ਕਿਹਾ, "ਮੈਨੂੰ ਇਹ ਪਸੰਦ ਹੈ ਕਿ ਸਾਡੇ ਦੇਸ਼ ਵਿੱਚ ਕਾਬਿਲ ਲੋਕ ਆਉਣ।

ਉਨ੍ਹਾਂ ਨੇ ਅੱਗੇ ਕਿਹਾ, "ਜਿੱਥੋਂ ਤੱਕ ਐੱਚ-1ਬੀ ਵੀਜ਼ਾ ਦੀ ਗੱਲ ਹੈ, ਤਾਂ ਮੈਂ ਇਸ ਨੂੰ ਚੰਗੀ ਤਰ੍ਹਾਂ ਸਮਝਦਾ ਹਾਂ। ਮੈਂ ਇਸ ਪ੍ਰੋਗਰਾਮ ਦੀ ਵਰਤੋਂ ਕੀਤੀ ਹੈ। ਸਾਨੂੰ ਚਾਹੀਦਾ ਹੈ



ਕਿ ਇੱਥੇ ਚੰਗਾ ਕੰਮ ਕਰਨ ਵਾਲੇ ਲੋਕ ਆਉਣ। ਸਾਨੂੰ ਜ਼ਰੂਰਤ ਹੈ ਕਿ ਸਾਡੇ ਦੇਸ਼ 'ਚ ਚੰਗੇ ਲੋਕ ਆਉਣ ਅਤੇ ਇਹ ਅਸੀਂ ਐੱਚ-1ਬੀ ਪ੍ਰੋਗਰਾਮ ਰਾਹੀਂ ਕਰ ਸਕਦੇ ਹਾਂ।"

ਅਮਰੀਕੀ ਸੰਵਿਧਾਨ ਦੀ 14ਵੀਂ ਸੋਧ ਵਿੱਚ ਜਨਮ ਤੋਂ ਹੀ ਨਾਗਰਿਕਤਾ ਦੇ ਅਧਿਕਾਰ ਦੀ ਵਿਵਸਥਾ ਕੀਤੀ ਗਈ ਹੈ। ਇਸ ਰਾਹੀਂ, ਅਮਰੀਕਾ ਵਿੱਚ ਰਹਿ ਰਹੇ ਪਰਵਾਸੀਆਂ ਦੇ ਬੱਚਿਆਂ ਨੂੰ ਵੀ ਜਨਮ ਦੇ ਆਧਾਰ 'ਤੇ ਨਾਗਰਿਕਤਾ ਦਿੱਤੀ ਜਾਂਦੀ ਹੈ।

ਹਾਲਾਂਕਿ, ਇਸਦੇ ਵਿਰੋਧੀਆਂ ਦਾ ਤਰਕ ਹੈ ਕਿ ਇਹ ਵਿਵਸਥਾ ਗੈਰ-ਕਾਨੂੰਨੀ ਪਰਵਾਸੀਆਂ ਲਈ ਇੱਕ ਵੱਡਾ ਲਾਲਚ ਹੈ ਅਤੇ ਗਰਭਵਤੀ ਔਰਤਾਂ ਨੂੰ ਗੈਰ-ਕਾਨੂੰਨੀ ਤੌਰ 'ਤੇ ਸਰਹੱਦ ਪਾਰ ਕਰਨ ਅਤੇ ਬੱਚਿਆਂ ਨੂੰ ਜਨਮ ਦੇਣ ਲਈ ਉਤਸ਼ਾਹਿਤ ਕਰਦੀ ਹੈ।

### ਕੀ ਟਰੰਪ ਇਸ ਅਧਿਕਾਰ ਨੂੰ ਖ਼ਤਮ ਕਰ ਸਕਦੇ ਹਨ?

ਜ਼ਿਆਦਾਤਰ ਕਾਨੂੰਨੀ ਮਾਹਰਾਂ ਦਾ ਮੰਨਣਾ ਹੈ ਕਿ ਰਾਸ਼ਟਰਪਤੀ ਟਰੰਪ ਇੱਕ ਕਾਰਜਕਾਰੀ ਆਦੇਸ਼ ਰਾਹੀਂ ਜਨਮਸਿੱਧ ਨਾਗਰਿਕਤਾ ਦੇ ਅਧਿਕਾਰ ਨੂੰ ਖ਼ਤਮ ਨਹੀਂ ਕਰ ਸਕਦੇ। ਯੂਨੀਵਰਸਿਟੀ ਆਫ਼ ਵਰਜੀਨੀਆ ਲਾਅ ਸਕੂਲ ਦੇ ਪ੍ਰੋਫੈਸਰ ਸਾਈਕ੍ਰਿਸ਼ਣ ਪ੍ਰਕਾਸ਼ ਕਹਿੰਦੇ ਹਨ, "ਉਹ (ਟਰੰਪ) ਕੁਝ ਅਜਿਹਾ ਕਰ ਰਹੇ ਹਨ ਜਿਸ ਨਾਲ ਬਹੁਤ ਸਾਰੇ ਲੋਕ ਪਰੇਸ਼ਾਨ ਹੋਣਗੇ, ਪਰ ਅੰਤ ਵਿੱਚ ਇਸ ਬਾਰੇ ਫੈਸਲਾ ਤਾਂ ਅਦਾਲਤਾਂ ਹੀ ਲੈਣਗੀਆਂ। ਇਹ ਕੋਈ ਅਜਿਹਾ ਮਾਮਲਾ ਨਹੀਂ ਹੈ, ਜਿਸ 'ਤੇ ਉਹ ਖੁਦ ਫੈਸਲਾ ਲੈ ਸਕਣ।" ਪ੍ਰੋਫੈਸਰ ਪ੍ਰਕਾਸ਼ ਦਾ ਕਹਿਣਾ ਹੈ ਕਿ ਸੰਵਿਧਾਨ ਵਿੱਚ ਸੋਧ ਰਾਹੀਂ ਹੀ ਇਸ ਅਧਿਕਾਰ ਨੂੰ ਖ਼ਤਮ ਕੀਤਾ ਜਾ ਸਕਦਾ ਹੈ, ਪਰ ਇਸ ਨਾਲ ਸਬੰਧਤ ਪ੍ਰਸਤਾਵ ਨੂੰ ਪਾਸ ਕਰਨ ਲਈ ਅਮਰੀਕੀ ਪ੍ਰਤੀਨਿਧੀ ਸਭਾ ਅਤੇ ਸੀਨੇਟ ਵਿੱਚ ਦੋ ਤਿਹਾਈ ਵੋਟਾਂ ਦੀ ਲੋੜ ਹੋਵੇਗੀ ਅਤੇ ਸੂਬਿਆਂ ਦਾ ਵੀ ਸਮਰਥਨ ਚਾਹੀਦਾ ਹੋਵੇਗਾ।

### ਭਾਰਤੀਆਂ 'ਤੇ ਕੀ ਪ੍ਰਭਾਵ ਪਵੇਗਾ?

ਅਮਰੀਕਾ ਵਿੱਚ ਵੱਖ-ਵੱਖ ਵੀਜ਼ਿਆਂ 'ਤੇ ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਦੇ ਬੱਚਿਆਂ ਨੂੰ ਵੀ ਜਨਮ ਸਮੇਂ ਉੱਥੋਂ ਦੀ ਨਾਗਰਿਕਤਾ ਮਿਲ ਜਾਂਦੀ ਹੈ। ਪਰ ਟਰੰਪ ਦੇ ਫੈਸਲੇ ਨਾਲ ਉਨ੍ਹਾਂ ਦੇ ਅਧਿਕਾਰਾਂ 'ਤੇ ਵੀ ਅਸਰ ਪੈਣ ਦੀ ਸੰਭਾਵਨਾ ਹੈ। ਜੇਕਰ ਟਰੰਪ ਦੇ ਹੁਕਮਾਂ ਅਨੁਸਾਰ ਬਦਲਾਅ ਲਾਗੂ ਹੁੰਦੇ ਹਨ, ਤਾਂ ਸੰਯੁਕਤ ਰਾਜ ਅਮਰੀਕਾ ਵਿੱਚ ਗ੍ਰੀਨ ਕਾਰਡ ਜਾਂ ਐੱਚ1-ਬੀ ਵੀਜ਼ਾ 'ਤੇ ਰਹਿ ਰਹੇ ਲੋਕਾਂ ਦੇ ਬੱਚਿਆਂ ਦੀ ਨਾਗਰਿਕਤਾ ਵੀ ਸਵਾਲਾਂ ਦੇ ਘੇਰੇ ਵਿੱਚ ਆ ਜਾਵੇਗੀ। ਉਨ੍ਹਾਂ ਨੂੰ ਜਨਮ ਸਮੇਂ ਆਪਣੇ ਆਪ ਨਾਗਰਿਕਤਾ ਨਹੀਂ ਮਿਲੇਗੀ। ਯੂਐੱਸ ਜਨਗਣਨਾ ਬਿਊਰੋ ਦੇ 2024 ਤੱਕ ਦੇ ਅੰਕੜਿਆਂ ਅਨੁਸਾਰ, ਅਮਰੀਕਾ ਵਿੱਚ ਲਗਭਗ 54 ਲੱਖ ਭਾਰਤੀ ਰਹਿੰਦੇ ਹਨ, ਜੋ ਕਿ ਅਮਰੀਕੀ ਆਬਾਦੀ ਦਾ 1।47 ਫ਼ੀਸਦੀ ਹੈ। ਇਨ੍ਹਾਂ ਵਿੱਚੋਂ ਦੋ-ਤਿਹਾਈ ਲੋਕ ਪਹਿਲੀ ਪੀੜ੍ਹੀ ਦੇ ਪਰਵਾਸੀ ਹਨ, ਭਾਵ ਉਹ ਆਪਣੇ ਪਰਿਵਾਰ ਵਿੱਚੋਂ ਅਮਰੀਕਾ ਜਾਣ ਵਾਲੇ ਪਹਿਲੇ ਵਿਅਕਤੀ ਸਨ। ਪਰ ਬਾਕੀ ਸਾਰੇ ਅਮਰੀਕਾ ਵਿੱਚ ਜਨਮੇ ਨਾਗਰਿਕ ਹਨ।

ਹਾਲੀਆ ਅੰਕੜਿਆਂ ਦੇ ਅਨੁਸਾਰ, 72 ਫ਼ੀਸਦੀ ਵੀਜ਼ੇ ਭਾਰਤੀ ਨਾਗਰਿਕਾਂ ਨੂੰ ਦਿੱਤੇ ਗਏ। ਇਸ ਤੋਂ ਬਾਅਦ, ਚੀਨੀ ਨਾਗਰਿਕਾਂ ਨੂੰ 12 ਫ਼ੀਸਦ ਵੀਜ਼ੇ ਦਿੱਤੇ ਗਏ। ਫਿਲੀਪੀਨਜ਼, ਕੈਨੇਡਾ ਅਤੇ ਦੱਖਣੀ ਕੋਰੀਆ ਦੇ ਨਾਗਰਿਕਾਂ ਨੂੰ ਇੱਕ-ਇੱਕ ਫ਼ੀਸਦੀ ਵੀਜ਼ਾ ਮਿਲੇ। ਕੁਝ ਮਾਹਿਰਾਂ ਦਾ ਕਹਿਣਾ ਹੈ ਕਿ "ਟਰੰਪ ਨੇ ਕਿਸੇ ਯੋਜਨਾ ਦੇ ਤਹਿਤ ਹੀ ਕਾਰਜਕਾਰੀ ਆਦੇਸ਼ ਜਾਰੀ ਕੀਤਾ ਹੋਣਾ ਪਰ ਇਸ ਦਾ ਉੱਥੇ ਰਹਿਣ ਵਾਲੇ ਭਾਰਤੀਆਂ 'ਤੇ ਕੋਈ ਪ੍ਰਭਾਵ ਪਵੇਗਾ, ਅਜਿਹਾ ਨਹੀਂ ਜਾਪਦਾ।"

ਉਨ੍ਹਾਂ ਕਿਹਾ, "ਨਾਗਰਿਕਤਾ ਬੱਚੇ ਨੂੰ ਮਿਲਦੀ ਹੈ, ਮਾਪਿਆਂ ਨੂੰ ਨਹੀਂ। ਜੇਕਰ ਕੋਈ ਉੱਥੇ ਐੱਚ-1ਬੀ ਵੀਜ਼ਾ 'ਤੇ ਹੈ, ਤਾਂ ਉਹ ਉੱਥੇ ਕੰਮ ਕਰਨ ਲਈ ਹੈ। ਜਦੋਂ ਇਹ ਲੋਕ ਵਾਪਸ ਆਉਂਦੇ ਹਨ, ਤਾਂ ਉਹ ਆਪਣੇ ਬੱਚੇ ਨੂੰ ਉੱਥੇ ਛੱਡ ਕੇ ਵਾਪਸ ਨਹੀਂ ਆਉਂਦੇ ਅਤੇ ਨਾ ਹੀ ਲੋਕ ਅਮਰੀਕਾ ਵਿੱਚ ਬੱਚਿਆਂ ਨੂੰ ਜਨਮ ਦੇਣ ਲਈ ਜਾਂਦੇ ਹਨ। ਉਹ ਕੰਮ ਕਰਨ ਜਾਂਦੇ ਹਨ, ਪੜ੍ਹਾਈ ਕਰਨ ਜਾਂਦੇ ਹਨ।"

# ਪੰਜਾਬ ਦਾ 'ਜਾਅਲੀ ਪਿੰਡ' ਜੋ ਸਿਰਫ ਕਾਗਜ਼ਾਂ 'ਚ ’ਚ ਬੋਲਦਾ ਹੈ

ਪੰਜਾਬ ਦੇ ਸਰਹੱਦੀ ਜ਼ਿਲ੍ਹੇ ਫ਼ਿਰੋਜ਼ਪੁਰ ਦੇ ਇੱਕ ਪਿੰਡ ਨਿਊ ਗੱਟੀ ਰਾਜੋਕੇ ਲਈ ਹੁਣ ਤੱਕ ਵੱਖ-ਵੱਖ ਪ੍ਰੋਜੈਕਟਾਂ ਲਈ ਕਥਿਤ ਤੌਰ ਉੱਤੇ ਲੱਖਾਂ ਰੁਪਏ ਦੀ ਗਰਾਂਟ ਜਾਰੀ ਹੋ ਚੁੱਕੀ ਹੈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਸ ਨਾਮ ਦਾ ਕੋਈ ਪਿੰਡ ਅਸਲ ਵਿੱਚ ਪੰਜਾਬ ਵਿੱਚ ਮੌਜੂਦ ਹੀ ਨਹੀਂ ਹੈ। ਜਾਣਕਾਰੀ ਮੁਤਾਬਕ ਭਾਰਤ-ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਇਲਾਕੇ ਵਿੱਚ ਇੱਕ ਪਿੰਡ ਹੈ ਗੱਟੀ ਰਾਜੋਕੇ, ਪਰ ਕਾਗਜ਼ਾਂ ਵਿੱਚ ਅਧਿਕਾਰੀਆਂ ਨੇ ਇੱਕ 'ਜਾਅਲੀ ਪਿੰਡ ਨਿਊ ਗੱਟੀ ਰਾਜੋਕੇ' ਦਿਖਾਇਆ ਅਤੇ ਇਸ ਨੂੰ ਲੱਖਾਂ ਰੁਪਏ ਦੀਆਂ ਗਰਾਟਾਂ ਜਾਰੀ ਕੀਤੀਆਂ।

ਇਸ ਪੂਰੇ ਮਾਮਲੇ ਬਾਰੇ ਉਦੋਂ ਪਤਾ ਲੱਗਿਆ ਜਦੋਂ ਪੀਰ ਇਸਮਾਇਲ ਖਾਂ ਪਿੰਡ ਦੀ ਬਲਾਕ ਸੰਮਤੀ ਦੇ ਸਾਬਕਾ ਮੈਂਬਰ ਅਤੇ ਆਰਟੀਆਈ ਕਾਰਕੁਨ ਗੁਰਦੇਵ ਸਿੰਘ ਨੇ ਇੱਕ ਆਰਟੀਆਈ ਰਾਹੀ ਜਾਣਕਾਰੀ ਹਾਸਲ ਕੀਤੀ। ਗੁਰਦੇਵ ਸਿੰਘ ਦਾ ਕਹਿਣਾ ਹੈ ਉਹਨਾਂ ਨੂੰ ਪਿਛਲੇ ਕਈ ਸਾਲਾਂ ਤੋਂ ਫੰਡਾਂ ਵਿੱਚ ਕਥਿਤ ਘਪਲੇ ਦਾ ਸ਼ੱਕ ਸੀ। ਗੁਰਦੇਵ ਸਿੰਘ ਮੁਤਾਬਕ ਉੱਚ ਅਧਿਕਾਰੀਆਂ ਦੀ ਕਥਿਤ ਮਿਲੀਭੁਗਤ ਨਾਲ ਇੱਕ ਨਿਊ ਗੱਟੀ ਰਾਜੋਕੇ ਪਿੰਡ ਬਣਾਇਆ ਗਿਆ ਹੈ, ਜੋ ਕਿ ਹੋਂਦ ਵਿੱਚ ਹੀ ਨਹੀਂ ਹੈ। ਭਾਵੇਂ ਕਿ ਸਮੁੱਚੇ ਮਾਮਲੇ ਬਾਰੇ ਜ਼ਿਲ੍ਹਾ ਪ੍ਰਸ਼ਾਸ਼ਨ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਇੱਕ ਪਿੰਡ ਹੈ ਗੱਟੀ ਰਾਜੋਕੇ ਜੋ ਕਿ ਅਸਲ ਵਿੱਚ ਮੌਜੂਦ ਹੈ ਅਤੇ ਦੂਜਾ ਪਿੰਡ ਹੈ ਨਿਊ ਗੱਟੀ ਰਾਜੋਕੇ, ਜਿਸ ਬਾਰੇ ਦਾਅਵਾ ਹੈ ਕਿ ਇਹ ਪਿੰਡ ਮੌਜੂਦ ਹੀ ਨਹੀਂ ਹੈ। ਆਰਟੀਆਈ ਪਾਉਣ ਵਾਲੇ ਗੁਰਦੇਵ ਸਿੰਘ ਕਹਿੰਦੇ ਹਨ ਕਿ ਨਿਊ ਗੱਟੀ ਰਾਜੋਕੇ ਪਿੰਡ ਨਾ ਤਾਂ ਗੂਗਲ ਮੈਪ ਉੱਪਰ ਦਿਸ ਰਿਹਾ ਹੈ ਅਤੇ ਨਾ ਹੀ ਇਹ ਪਿੰਡ ਅਸਲ ਵਿੱਚ ਹੈ। ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਨੇ ਨਿਊ ਗੱਟੀ ਰਾਜੋਕੇ ਪਿੰਡ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ ਗਈ ਤਾਂ ਪਤਾ ਲੱਗਾ ਕਿ 2013 ਦੌਰਾਨ ਕਾਗਜ਼ਾਂ ਵਿੱਚ ਇੱਕ ਨਵਾਂ ਪਿੰਡ ਬਣਾਇਆ ਗਿਆ ਸੀ ਜਿਸ ਦੀ ਸਰਪੰਚ ਅਮਰਜੀਤ ਕੌਰ ਦਰਸਾਈ ਗਈ। ਉਸ ਸਮੇਂ ਨਿਊ ਗੱਟੀ ਪਿੰਡ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਸੀ। ਗੁਰਦੇਵ ਸਿੰਘ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਇਸ ਪਿੰਡ ਦੀ ਪੜਤਾਲ ਲਈ ਕਈ ਥਾਵਾਂ 'ਤੇ ਪੁੱਛ-ਗਿੱਛ ਕੀਤੀ ਤਾਂ ਉਨ੍ਹਾਂ ਨੂੰ ਮੌਜੂਦਾ ਅਧਿਕਾਰੀਆਂ ਵੱਲੋਂ ਧਮਕੀਆਂ ਵੀ ਦਿੱਤੀਆਂ



ਗਈਆਂ। ਉਨ੍ਹਾਂ ਕਿਹਾ, "ਇਹ ਪਿੰਡ 2013 ਵਿੱਚ ਕਾਗਜ਼ਾਂ ਦੀ ਹੋਂਦ ਵਿੱਚ ਆਇਆ ਹੈ ਪਰ ਪਿੰਡ ਮੌਜੂਦ ਨਹੀਂ ਹੈ ਅਤੇ ਇਸ ਉੱਪਰ 43 ਲੱਖ ਰੁਪਏ ਲੱਗੇ ਹੋਏ ਹਨ।" ਗੁਰਦੇਵ ਸਿੰਘ ਨੇ ਦੱਸਿਆ, "ਜਾਣਕਾਰੀ ਮੁਤਾਬਕ, ਇਸ ਪਿੰਡ ਵਿੱਚ ਅਲੱਗ ਅਲੱਗ ਤਰ੍ਹਾਂ ਦੇ 55 ਪ੍ਰੋਜੈਕਟ ਤਿਆਰ ਕੀਤੇ ਗਏ ਹਨ। ਇਸ ਦੇ ਨਾਲ ਹੀ ਪਿੰਡ ਲਈ ਮਨਰੇਗਾ ਤਹਿਤ 141 ਰੁਜ਼ਗਾਰ ਕਾਰਡ ਵੀ ਬਣਾਏ ਗਏ ਹਨ। ਇਹ ਕਾਰਡ ਅਜਿਹੇ ਲੋਕਾਂ ਦੇ ਨਾਮ 'ਤੇ ਬਣੇ ਹਨ, ਜੋ ਇਸ ਪਿੰਡ ਵਿੱਚ ਰਹਿੰਦੇ ਹੀ ਨਹੀਂ ਹਨ। ਨਵੀਂ ਗੱਟੀ ਰਾਜੋਕੇ ਪਿੰਡ ਵਿੱਚ 35 ਪ੍ਰੋਜੈਕਟ ਤਿਆਰ ਕੀਤੇ ਗਏ ਹਨ।

ਜਿੱਥੇ ਜਾਅਲੀ ਪਿੰਡ ਨਿਊ ਗੱਟੀ ਰਾਜੋਕੇ ਕਾਗਜ਼ਾ ਵਿੱਚ ਦਿਖਾਇਆ ਗਿਆ ਹੈ ਉੱਥੇ ਗੁਆਂਢ ਵਿੱਚ ਇੱਕ ਗੱਟੀ ਰਾਜੋਕੇ ਪਿੰਡ ਹੈ। ਗੱਟੀ ਰਾਜੋਕੇ ਦੇ ਕੁਝ ਲੋਕਾਂ ਨੇ ਆਪਣੀ ਪਛਾਣ ਲੁਕਾਉਣ ਦੀ ਸ਼ਰਤ 'ਤੇ ਦੱਸਿਆ ਕਿ ਪਿੰਡ ਦੇ ਲੋਕ ਨਿਊ ਅਤੇ ਨਵੇਂ ਸ਼ਬਦ ਨੂੰ ਇੱਕ ਹੀ ਸਮਝਦੇ ਸਨ ਅਤੇ ਇਹ ਪਿੰਡ ਕਾਗਜ਼ਾਂ-ਪੱਤਰਾਂ ਵਿੱਚ ਚੱਲ ਰਿਹਾ ਸੀ। ਨਵੀਂ ਗੱਟੀ ਰਾਜੋ ਕੇ ਦੇ ਸਾਬਕਾ ਸਰਪੰਚ ਲਾਲ ਸਿੰਘ ਦਾ ਕਹਿਣਾ ਹੈ, "ਸਾਡਾ ਪਿੰਡ ਨਵੀਂ ਗੱਟੀ ਰਾਜੋਕੇ ਹੈ, ਕਈ ਮੁਲਾਜ਼ਮ ਕਹਿੰਦੇ ਰਹਿੰਦੇ ਨਿਊ ਗੱਟੀ ਰਾਜੋਕੇ, ਅਸੀਂ ਕਿਹਾ ਸਾਨੂੰ ਇਸ ਬਾਰੇ ਨਹੀਂ ਪਤਾ, ਅੰਗਰੇਜ਼ੀ ਦਾ ਸ਼ਬਦ ਹੈ, ਅਸੀਂ ਤਾਂ ਸਮਝੀ ਰੱਖਿਆ ਅੰਗਰੇਜ਼ੀ ਵਿੱਚ ਨਿਊ ਅਤੇ ਪੰਜਾਬੀ ਵਿੱਚ ਨਵੀਂ ਗੱਟੀ ਰਾਜੋਕੇ।"

ਉਨ੍ਹਾਂ ਦਾ ਕਹਿਣਾ ਹੈ ਕਿ "ਮੈਂ 2019 ਵਿੱਚ ਸਰਪੰਚ ਬਣਿਆ ਸੀ ਜਦੋਂ ਕਿ ਇਹ ਪਿੰਡ ਸਾਡੇ ਤੋਂ ਪਹਿਲਾਂ ਬਣ ਚੁੱਕਾ ਸੀ। ਸਾਡੇ ਵੱਲੋਂ ਮਨਰੇਗਾ ਅਤੇ ਹੋਰ ਪਿੰਡ ਦੇ ਵੀ ਬਹੁਤ ਸਾਰੇ ਵਿਕਾਸ ਦੇ ਕੰਮ ਕਰਵਾਏ ਗਏ ਹਨ। ਜਿਨਾਂ ਵਿੱਚੋਂ ਕੁਝ ਪੇਮੈਂਟਾਂ ਅਜੇ ਵੀ ਸਾਡੀਆਂ ਲੈਣ ਵਾਲੀਆਂ ਰਹਿੰਦੀਆਂ ਹਨ।" ਸਾਬਕਾ ਸਰਪੰਚ ਲਾਲ ਸਿੰਘ ਨੇ ਸ਼ਿਕਾਇਤਕਰਤਾ ਉੱਤੇ ਵੀ ਸਵਾਲ ਖੜੇ ਕੀਤੇ ਹਨ। ਲਾਲ ਸਿੰਘ ਕਹਿੰਦੇ ਹਨ,"ਨਿਊ ਅਤੇ ਨਵੀਂ ਦਾ ਕੀ ਮਸਲਾ ਹੈ, ਇਹ ਮੁਲਾਜ਼ਮਾਂ ਨੂੰ ਪਤਾ ਹੋਵੇਗਾ। ਜੋ ਸ਼ਿਕਾਇਤਕਰਤਾ ਹੈ ਉਹ ਸਾਡੇ ਪਿੰਡ ਤੋਂ 10-12 ਕਿੱਲੋਮੀਟਰ ਦੂਰ ਪਿੰਡ ਵਿੱਚ ਰਹਿੰਦਾ ਹੈ ਅਤੇ ਜਾਣਬੁੱਝ ਕੇ ਪੈਸੇ ਲੈਣ ਦਾ ਬਹਾਨਾ ਬਣਾਉਣ ਲਈ ਸ਼ਿਕਾਇਤ ਕਰੀ ਰੱਖਦਾ।"

ਕੁਝ ਲੋਕਾਂ ਦਾ ਤਾਂ ਇਹ ਵੀ ਕਹਿਣਾ ਸੀ ਕਿ ਸਰਕਾਰੀ ਅਧਿਕਾਰੀ ਵੀ ਇਸ ਉੱਪਰ ਕਾਰਵਾਈ ਕਰਨ ਤੋਂ ਗੁਰੇਜ਼ ਕਰ ਰਹੇ ਹਨ। ਕਿਉਂਕਿ ਇਸ ਵਿੱਚ ਉੱਚ ਸਰਕਾਰੀ ਅਧਿਕਾਰੀਆਂ ਦੀ ਕਥਿਤ ਮਿਲੀਭੁਗਤ ਹੋ ਸਕਦੀ ਹੈ। ਜ਼ਿਲ੍ਹੇ ਦੇ ਸਹਾਇਕ ਡਿਪਟੀ ਕਮਿਸ਼ਨਰ ਲਖਵਿੰਦਰ ਸਿੰਘ ਨਾਲ ਜਦੋਂ ਫੋਨ ਉੱਤੇ ਗੱਲ ਕੀਤੀ ਗਈ ਤਾਂ ਉਨ੍ਹਾਂ ਕਿ ਉਹ ਪੂਰੇ ਮਾਮਲੇ ਦੀ ਜਾਂਚ ਕਰ ਰਹੇ ਹਨ।


ਉਨ੍ਹਾਂ ਕਿਹਾ, "ਅਸੀਂ ਜਾਂਚ ਕਰ ਰਹੇ ਹਾਂ। ਮਾਲ ਮਹਿਕਮੇ ਤੋਂ ਰਿਕਾਰਡ ਮੰਗਿਆ ਗਿਆ ਹੈ। ਹਾਲੇ ਸਾਨੂੰ ਪੂਰਾ ਰਿਕਾਰਡ ਨਹੀਂ ਮਿਲਿਆ। ਜਾਂਚ ਪੂਰੀ ਹੋਣ ਤੋਂ ਬਾਅਦ ਹੀ ਪੱਕੇ ਤੌਰ ਉੱਤੇ ਕੁਝ ਕਿਹਾ ਜਾ ਸਕਦਾ ਹੈ।

# ਆਖ਼ਰ ਕਦੋਂ ਤੱਕ ਸਿਆਸਤਦਾਨਾਂ ਦੇ ਮੋਹਰੇ ਬਣਦੇ ਰਹਿਣਗੇ ਲੋਕ?



ਗਿਆਨੀ ਕੇਵਲ ਸਿੰਘ

ਆਮ ਭਾਰਤੀ ਨੂੰ ਸਿਆਸਤਦਾਨ ਸੱਤਾ ਲਈ 1947 ਤੋਂ ਵਰਤਦੇ ਆ ਰਹੇ ਹਨ। ਵੱਡੀਆਂ ਭੀੜਾਂ, ਜਲਸੇ-ਜਲੂਸ ਵਿਚ ਇਨ੍ਹਾਂ ਦੀ ਢੋਆ-ਢੁਆਈ ਆਮ ਹੈ। ਸਿਰਾਂ ਦੀ ਗਿਣਤੀ ਲਈ ਸਭ ਸਿਆਸਤਦਾਨਾਂ ਦਾ ਇਹ ਖਾਜਾ ਹਨ। ਇਕ-ਦੂਜੇ ਦੇ ਵਿਰੋਧ ਲਈ ਵੀ ਇਹ ਮੋਹਰੇ ਬਣਾਏ ਜਾਂਦੇ ਹਨ। ਭਾਰਤ ਦਾ ਕੋਈ ਸੂਬਾ ਜਾਂ ਇਲਾਕਾ ਹੋਵੇ, ਵਰਤੇ ਜਾਣ ਵਾਲੇ ਆਮ ਭਾਰਤੀ ਗ਼ਰੀਬ ਲੋਕ ਹੀ ਹਨ। ਇਨ੍ਹਾਂ ਦੀਆਂ ਜੀਵਨ ਲੋੜਾਂ ਦੀ ਗਿਣਤੀ ਆਏ ਦਿਨ ਵਧਦੀ ਜਾਂਦੀ ਹੈ ਪਰ ਪੂਰਤੀ ਲਈ ਸੱਤਾਧਾਰੀ ਹਮੇਸ਼ਾ ਬੇ-ਧਿਆਨੇ ਕਰਕੇ ਰੱਖਦੇ ਹਨ। ਇਨ੍ਹਾਂ ਲੋਕਾਂ ਵੱਲੋਂ ਸਿਆਸਤਦਾਨਾਂ ਦੀ ਭੁੱਖ ਪੂਰੀ ਕਰਨ ਲਈ ਖਾਧੇ ਧੱਕੇ, ਕੀਤੀ ਜ਼ਿੰਦਾਬਾਦ-ਮੁਰਦਾਬਾਦ ਕਿਸੇ ਖਾਤੇ ਨਹੀਂ ਪੈਂਦੇ। ਲੋੜਾਂ ਲਈ ਇਹ ਜਿੰਨਾ ਮਰਜ਼ੀ ਚੀਕ-ਚਿਹਾੜਾ ਪਾ ਲੈਣ। ਸੱਤਾ ਹਥਿਆਉਣ ਵਾਲਿਆਂ ਦੇ ਕੰਨ 'ਤੇ ਜੂੰ ਨਹੀਂ ਸਰਕਦੀ। ਆਮ ਲੋਕਾਂ ਦੇ ਧੜੇ ਨੇ, ਕਹਿਣ ਲਈ ਆਗੂ ਵੀ ਨੇ। ਫਿਰ ਕਦਰ-ਕੀਮਤ ਕਿਉਂ ਨਹੀਂ? ਇਹ ਵੱਡਾ ਸਵਾਲ ਹੈ ਜੋ ਨਾ ਕੋਈ ਉਠਾ ਰਿਹਾ ਹੈ, ਨਾ ਹੀ ਕਿਸੇ ਦਿਲੋ-ਦਿਮਾਗ ਵਿਚ ਨੇਕ-ਨੀਅਤੀ ਨਾਲ ਆਪਣੇ-ਆਪ ਉੱਠਿਆ ਹੈ। ਅਖ਼ਬਾਰਾਂ, ਟੀਵੀ ਆਦਿ ਦੇ ਪੱਤਰਕਾਰ ਸਭ ਇਨ੍ਹਾਂ ਦੀ ਭੀੜ ਜਾਂ ਇਕੱਠ ਦੀਆਂ ਤਸਵੀਰਾਂ ਦਿਖਾਉਣਗੇ। ਸਿਆਸਤਦਾਨਾਂ ਦੀ ਹਉਮੈ ਹੋਰ ਪਸਰਦੀ ਹੈ। ਪਰ ਇਨ੍ਹਾਂ ਦੀਆਂ ਜੀਵਨ ਨਾਲ ਜੁੜੀਆਂ ਜੋ ਬੁਨਿਆਦੀ ਮੰਗਾਂ ਹਨ, ਉਨ੍ਹਾਂ ਦੀ ਸਹੀ ਤੇ ਠੋਸ ਆਵਾਜ਼ ਨਹੀਂ ਉੱਠਦੀ। ਭਾਰਤੀ ਆਮ ਲੋਕਾਂ ਦਾ ਦਹਾਕਿਆਂ ਤੋਂ ਭਾਰਤੀ ਸਿਆਸਤਦਾਨ ਸ਼ੋਸ਼ਣ ਕਰ ਰਹੇ ਹਨ। ਸਿਆਸਤਦਾਨ ਵਰਗ ਭਾਰਤੀ ਕਿਰਤੀ ਸਮਾਜ ਦੀ ਗ਼ਰੀਬੀ ਦਾ, ਉਨ੍ਹਾ ਦੇ ਭੋਲੇਪਣ ਦਾ ਤੇ ਘੱਟ ਸਮਝ ਦਾ ਨਾਜਾਇਜ਼ ਫ਼ਾਇਦਾ ਨਿਰੰਤਰ ਲੈਂਦਾ ਆ ਰਿਹਾ ਹੈ ਅਤੇ ਨਿਕਟ ਭਵਿੱਖ ਵਿਚ ਇਸ ਖੇਤਰ ਦੇ ਭਾਈਚਾਰੇ ਨਾਲ ਇਸੇ ਤਰ੍ਹਾਂ ਵਾਪਰਦੇ ਰਹਿਣ ਦੇ ਵੱਡੇ ਆਸਾਰ ਹਨ। ਭਾਰਤ ਅੰਦਰ ਜਾਤ-ਬਰਾਦਰੀ ਆਦਿ ਕਬੀਲਿਆਂ ਦੀ ਹਾਲਤ ਸਦੀਆਂ ਤੋਂ ਬਦ



ਤੋਂ ਬਦਤਰ ਤੁਰੀ ਆ ਰਹੀ ਹੈ। ਸੰਨ 1947 ਤੋਂ ਮਗਰੋਂ ਵੀ ਉਸੇ ਗੁਲਾਮੀ ਦੀਆਂ ਨਵੀਆਂ ਜ਼ੰਜੀਰਾਂ ਇਨ੍ਹਾਂ ਲਈ ਮੁਸੀਬਤ ਹਨ। ਇਨ੍ਹਾਂ ਵਿੱਚੋਂ ਵੱਡੀਆਂ ਸਿਆਸੀ ਧਿਰਾਂ ਦੀ ਡੰਗੋਰੀ ਫੜ ਕੇ ਕੁਝ ਆਗੂ ਵੇਖਣ ਲਈ ਤੇ ਕਹਿਣ ਲਈ ਇਨ੍ਹਾਂ ਭਾਈਚਾਰਿਆਂ ਵਿੱਚੋਂ ਸਮੇਂ-ਸਮੇਂ ਉੱਭਰਦੇ ਤੇ ਸੱਤਾ ਦੇ ਭਾਈਵਾਲਾਂ ਦੇ ਹੱਥਾਂ ਦੇ ਖਿਡੌਣੇ ਬਣਦੇ ਆਏ ਹਨ ਤੇ ਇਸ ਤਰ੍ਹਾਂ ਹੁੰਦਾ ਰਹੇਗਾ। ਨਵੀਆਂ ਸਿਆਸੀ ਜਮਾਤਾਂ ਵੀ ਇਨ੍ਹਾਂ ਭਾਈਚਾਰਿਆਂ ਦੀਆਂ ਦੁਖਦੀਆਂ ਰਗਾਂ 'ਤੇ ਹੱਥ ਰੱਖ ਕੇ ਲੋਕ ਲਹਿਰ ਉਸਾਰ ਕੇ ਸੱਤਾ 'ਤੇ ਪਹੁੰਚਣ ਲਈ ਇਨ੍ਹਾਂ ਦੀ ਬਾਖ਼ੂਬੀ ਵਰਤੋਂ ਕਰਦੀਆਂ ਹਨ ਤੇ ਮਗਰੋਂ ਇਨ੍ਹਾਂ ਦਾ ਹਮਦਰਦ ਬਣ ਕੇ ਕੋਈ ਨਾਲ ਖੜ੍ਹਾ ਨਹੀਂ ਹੁੰਦਾ। ਇਨ੍ਹਾਂ ਲਈ ਹਾਅ ਦਾ ਨਾਅਰਾ ਕੋਈ ਨਹੀਂ ਮਾਰਦਾ? ਪਿਛਲੇ ਦਿਨੀਂ ਆਂਧਰ ਪ੍ਰਦੇਸ਼ ਦੀ ਧਰਤੀ 'ਤੇ ਵਿਜੇਵਾੜਾ ਵਿਖੇ ਗੁਰਪੁਰਬ ਸਮਾਗਮ ਵਾਸਤੇ ਜਾਣ ਦਾ ਸਬੱਬ ਬਣਿਆ। ਜਦੋਂ ਜਹਾਜ਼ ਜ਼ਮੀਨ 'ਤੇ ਉਤਰਨ ਲਈ ਟਿਕਾਣੇ ਵੱਲ ਵਧ ਰਿਹਾ ਸੀ ਤਾਂ ਹੇਠਾਂ ਸਕੂਲਾਂ ਦੀ ਪੀਲੀਆਂ ਬੱਸਾਂ ਹੀ ਬੱਸਾਂ ਦਿਖਾਈ ਦੇ ਰਹੀਆਂ ਸਨ। ਇਕ ਥਾਂ 'ਤੇ ਲੋਕਾਂ ਦਾ ਜਮਘਟਾ ਵੀ ਦਿਸ ਰਿਹਾ ਸੀ ਤਾਂ ਬਹੁਤੀ ਸਮਝ ਨਹੀਂ ਸੀ ਆਈ। ਜਦੋਂ ਸਰਦਾਰ ਹਰਮਿੰਦਰ ਸਿੰਘ ਜੀ ਨੇ ਹਵਾਈ ਅੱਡੇ ਤੋਂ ਗੱਡੀ ਵਿਚ ਬੈਠਾ ਲਿਆ ਤਾਂ ਕਹਿਣ ਲੱਗੇ ਕਿ ਅੱਜ ਭਾਜਪਾ ਵੱਲੋਂ ਰੈਲੀ ਕੀਤੀ ਗਈ ਹੈ। ਸਾਰਾ ਸ਼ਹਿਰ ਤੰਗੀ ਭੋਗ ਰਿਹਾ ਹੈ। ਸੜਕਾਂ ਜਾਮ ਹਨ। ਰਾਹ ਵਿਚ ਗੁਜ਼ਰਦਿਆਂ ਸਭ ਕੁਝ ਅੱਖੀਂ ਵੇਖਿਆ! ਨਹੀਂ ਰਿਹਾ ਗਿਆ ਤੇ ਇਹ ਦੋ ਅੱਖਰ ਲਿਖਣ ਲਈ ਆਤਮਾ ਨੇ ਲਾ ਦਿੱਤਾ। ਭਾਰਤੀ ਸੂਬਾ ਕੋਈ ਵੀ ਹੋਵੇ, ਸਿਆਸਤਦਾਨਾਂ ਦੀ ਭੀੜ ਦਾ ਆਧਾਰ ਗ਼ਰੀਬ ਹੀ ਹੁੰਦਾ ਹੈ। ਇਹੀ 'ਜ਼ਿੰਦਾਬਾਦ ਮੁਰਦਾਬਾਦ' ਦੇ ਨਾਅਰੇ ਲਾਉਂਦਾ ਡਾਂਗਾ ਖਾਂਦਾ, ਪਾਣੀ ਦੀਆਂ ਬਾਛਾੜਾਂ ਖਾਂਦਾ ਹੈ। ਢਿੱਡ ਵੱਡੇ ਸਿਆਸਤਦਾਨਾਂ ਦਾ ਭਰਦਾ ਹੈ। ਨੇਤਾ ਦੋਸਤੀ ਇਨ੍ਹਾਂ ਕਿਰਤੀ ਧਿਰਾਂ ਨੂੰ ਲੁੱਟਣ ਵਾਲੀਆਂ ਜਮਾਤਾਂ ਨਾਲ ਲਾਉਂਦੇ ਤੇ ਨਿਭਾਉਂਦੇ ਹਨ। ਵੇਖਣ ਲਈ ਇਨ੍ਹਾਂ ਵਰਤੇ ਜਾਣ ਵਾਲਿਆਂ ਦੀਆਂ ਕਈਆਂ ਸਹਾਇਕ ਜੱਥੇਬੰਦੀਆਂ, ਯੂਨੀਅਨਾਂ ਹਨ। ਬੜੀ ਵੱਡੀ ਲੋੜ ਹੈ ਭਾਰਤ ਵਿਚ ਇਨ੍ਹਾਂ ਭਾਈਚਾਰਿਆਂ ਨਾਲ ਸੱਚੇ ਦਿਲੋਂ ਹਮਦਰਦੀ ਰੱਖਣ ਵਾਲੀ ਇਮਾਨਦਾਰ ਸਿਆਸੀ ਧਿਰ ਦੀ ਜੋ ਰਾਜਨੀਤੀ ਲਈ ਰਾਜਨੀਤੀ ਨਾ ਕਰੇ ਸਗੋਂ ਸੱਚੇ ਮਨ ਨਾਲ ਐਸੀ ਜੱਥੇਬੰਦ ਲਹਿਰ ਸਾਹਮਣੇ ਆਵੇ ਜੋ ਸਮਾਜ ਦੇ ਲੋੜਵੰਦਾਂ ਲਈ ਰਾਜ ਪ੍ਰਬੰਧ ਇਨ੍ਹਾਂ ਦੀ ਹਕੀਕੀ ਭਾਈਵਾਲੀ ਵਾਲਾ ਦੇਵੇ।

ਜੋ ਦੇਸ਼ ਦੇ ਸਮੂਹਿਕ ਨਾਗਰਿਕਾਂ ਦੇ ਹੱਕਾਂ-ਅਧਿਕਾਰਾਂ ਲਈ ਅਜਿਹਾ ਲੋਕਤੰਤਰ ਉਸਾਰੇ ਜਿਸ ਰਾਹੀਂ ਹਰ ਪ੍ਰਕਾਰ ਦੀ ਚੋਰ-ਬਾਜ਼ਾਰੀ ਲੁੱਟ-ਖਸੁੱਟ ਬੰਦ ਕਰ ਕੇ 'ਲੋਕਾਂ ਦਾ ਰਾਜ, ਲੋਕਾਂ ਲਈ, ਲੋਕਾਂ ਰਾਹੀਂ' ਵਾਲਾ ਹੋਵੇ। ਬੇਰੁਜ਼ਗਾਰੀ ਦਾ ਪੱਕਾ ਹੱਲ ਕਰੇ। ਸਹੀ ਅਰਥਾਂ ਵਿਚ ਰੁਜ਼ਗਾਰ ਦੇ ਸਾਧਨ ਵਧਾ ਕੇ ਲੋੜਵੰਦਾਂ ਲਈ ਕਿਰਤ ਦੇ ਦਰਵਾਜ਼ੇ ਖੁੱਲ੍ਹ ਜਾਣ। ਵਿਧਾਨਪਾਲਿਕਾ, ਕਾਰਜਪਾਲਿਕਾ ਤੇ ਨਿਆਂਪਾਲਿਕਾ ਲੋਕ ਹਿਤੈਸ਼ੀ ਪਹੁੰਚ ਨਾਲ ਕੰਮ ਕਰਨ।

# ਤਾਲਿਬਾਨ ਨਾਲ ਨੇੜਤਾ ਅਤੇ ਵੱਖ-ਵੱਖ ਮੁਲਕਾਂ ਦੀ ਕੂਟਨੀਤੀ

ਨਿਰੂਪਮਾ ਸੁਬਰਾਮਣੀਅਨ

ਅਫ਼ਗਾਨਿਸਤਾਨ ਉੱਪਰ ਕਾਬਜ਼ ਹੋਣ ਤੋਂ ਸਾਢੇ ਤਿੰਨ ਸਾਲਾਂ ਬਾਅਦ ਤਾਲਿਬਾਨ ਹੁਣ ਇੱਕਮਾਤਰ ਅਜਿਹਾ ਅਤਿਵਾਦੀ ਗਰੁੱਪ ਨਹੀਂ ਰਹਿ ਗਿਆ ਜਿਸ ਨੇ ਕਿਸੇ ਦੇਸ਼ ਦੀ ਅਧਿਕਾਰਤ ਹਕੂਮਤ ਨੂੰ ਲਾਹ ਕੇ ਉੱਥੋਂ ਦਾ ਸਮੁੱਚਾ ਕੰਟਰੋਲ ਖੋਹਿਆ ਹੋਵੇ। ਸੀਰੀਆ ਦਾ ਹਯਾਤ ਅਲ-ਸ਼ਾਮ (ਐੱਚਟੀਐੱਸ) ਅਜਿਹਾ ਦੂਜਾ ਕੱਟੜਪੰਥੀ ਸੁੰਨੀ ਗਰੁੱਪ ਹੈ ਜੋ ਨਾਮਜ਼ਦ ਦਹਿਸ਼ਤਗਰਦ ਗਰੁੱਪ ਵੀ ਹੈ ਜਿਸ ਨੇ ਕਿਸੇ ਦੇਸ਼ ਦਾ ਕੰਟਰੋਲ ਆਪਣੇ ਹੱਥਾਂ ਵਿੱਚ ਲਿਆ ਹੈ। ਸੋਮਾਲੀਆ ਦੇ ਅਲ-ਸ਼ਬਾਬ ਨੂੰ ਇਥੋਪੀਆ ਦੀ ਮਦਦ ਨਾਲ ਵਾਪਸ ਦੂੜਾ ਦਿੱਤਾ ਗਿਆ ਸੀ, ਨਹੀਂ ਤਾਂ ਇਸ ਸੂਚੀ ਵਿੱਚ ਤੀਜਾ ਨਾਂ ਇਸ ਦਾ ਹੋਣਾ ਸੀ ਪਰ ਅਜੇ ਇਸ ਸੰਭਾਵਨਾ ਨੂੰ ਮੁੱਢੋਂ ਰੱਦ ਨਹੀਂ ਕੀਤਾ ਗਿਆ।

ਅਫ਼ਗਾਨਿਸਤਾਨ ਅਤੇ ਸੀਰੀਆ ਵਿਚਕਾਰ ਫ਼ਰਕ ਇਹ ਹੈ ਕਿ ਦੁਨੀਆ ਐੱਚਟੀਐੱਸ ਆਗੂ ਅਤੇ ਅਣਅਧਿਕਾਰਤ ਸ਼ਾਸਕ ਅਹਿਮਦ ਅਲ-ਸ਼ਰ੍ਹਾ ਦੇ ਦਰਾਂ 'ਤੇ ਕਤਾਰ ਬੰਨ੍ਹੀ ਖੜ੍ਹੀ ਹੈ। ਇਨ੍ਹਾਂ ਵਿੱਚ ਸਭ ਤੋਂ ਪਹਿਲਾ ਨੰਬਰ ਫਰਾਂਸੀਸੀ ਅਤੇ ਜਰਮਨ ਵਿਦੇਸ਼ ਮੰਤਰੀਆਂ ਦਾ ਹੈ। ਅਬੂ ਮੁਹੰਮਦ ਅਲ-ਜੁਲਾਨੀ ਵਜੋਂ ਆਪਣੇ ਜੰਗੀ ਨਾਂ ਨਾਲ ਜਾਣੇ ਜਾਂਦੇ ਸ਼ਰ੍ਹਾ ਨੇ ਆਪਣੇ ਲੜਾਕੂ ਵਸਤਰ ਲਾਹ ਕੇ ਸੂਟ-ਬੂਟ ਪਹਿਨਣ ਵਿੱਚ ਕੋਈ ਦੇਰ ਨਾ ਲਾਈ ਅਤੇ ਐੱਚਟੀਐੱਸ ਨਾਲ ਜੁੜੇ ਅਤਿਵਾਦ ਅਤੇ ਅਲ-ਕਾਇਦਾ ਨਾਲ ਆਪਣੇ ਜੁੜੇ ਅਤੀਤ ਦੇ ਪਰਛਾਵੇਂ ਨੂੰ ਘਟਾਉਣ ਦੀ ਸੁਰ ਅਪਣਾ ਲਈ। ਹਾਲ ਦੀ ਘੜੀ ਉਸ ਨੂੰ ਫ਼ਿਕਰ ਹੈ ਕਿ ਕਿਤੇ ਸੀਰੀਆ ਦੂਜਾ ਅਫ਼ਗਾਨਿਸਤਾਨ ਭਾਵ ਕੱਟੜ ਧਰਮਤੰਤਰੀ ਮੁਲਕ ਨਾ ਬਣ ਜਾਵੇ। ਅਮਰੀਕਾ ਨੇ ਚਾਹਿਆ ਤਾਂ ਐੱਚਟੀਐੱਸ ਤੋਂ ਛੇਤੀ ਹੀ ਦਹਿਸ਼ਤਗਰਦੀ ਦਾ ਲਕਬ ਲੱਥ ਜਾਵੇਗਾ। ਅਮਰੀਕਾ ਨੇ ਸ਼ਰ੍ਹਾ ਦੇ ਸਿਰ 'ਤੇ ਰੱਖਿਆ ਇੱਕ ਕਰੋੜ ਡਾਲਰ ਦਾ ਇਨਾਮ ਪਹਿਲਾਂ ਹੀ ਹਟਾ ਦਿੱਤਾ ਹੈ।

ਦੂਜੇ ਪਾਸੇ ਕੋਈ ਵੀ ਸਰਕਾਰ ਦੋਗ਼ਲੇਪਣ ਅਤੇ ਭੂ-ਰਾਜਨੀਤੀ ਵਿੱਚ ਫੇਰਬਦਲ ਦੇ ਮਿਆਰਾਂ ਮੁਤਾਬਿਕ ਵੀ ਤਾਲਿਬਾਨ ਦੇ ਲਿੰਗਕ ਵਿਤਕਰੇ ਬਾਰੇ ਆਪਣੀ ਜ਼ੁਬਾਨਬੰਦੀ ਦਾ ਕੋਈ ਢੰਗ ਦਾ ਬਹਾਨਾ ਨਹੀਂ ਲੱਭ ਸਕੀ। ਕਈ ਦੇਸ਼ਾਂ ਦਾ ਉਨ੍ਹਾਂ ਦੀ ਹਕੂਮਤ ਨਾਲ ਕੂਟਨੀਤਕ ਰਾਬਤਾ ਚੱਲ ਰਿਹਾ ਹੈ ਅਤੇ ਕੁਝ ਦੇਸ਼ਾਂ ਨੇ ਪੂਰੀ ਕੂਟਨੀਤਕ ਪ੍ਰਤੀਨਿਧਤਾ ਵੀ ਦਿੱਤੀ ਹੋਈ ਹੈ, ਫਿਰ ਵੀ ਰਸਮੀ ਮਾਨਤਾ ਦੇ ਮਾਮਲੇ ਵਿੱਚ ਐੱਚਟੀਐਸ ਤਾਲਿਬਾਨ ਨੂੰ ਮਾਤ ਦੇ ਸਕਦਾ ਹੈ।

ਅੰਤ ਨੂੰ ਗੱਲ ਇੱਥੇ ਆ ਕੇ ਮੁੱਕਣੀ ਹੈ ਕਿ ਕੌਮਾਂਤਰੀ ਭਾਈਚਾਰੇ ਅਤੇ ਹੋਰ ਦੇਸ਼ ਕੀ ਫ਼ੈਸਲਾ ਕਰਦੇ ਹਨ। ਭਾਰਤ ਦਾ ਵਿਸ਼ਵਾਸ ਹੈ ਕਿ ਉੱਤਰੀ ਪੱਛਮੀ ਸਰਹੱਦਾਂ 'ਤੇ ਸੁਰੱਖਿਆ ਸਰੋਕਾਰਾਂ ਦੀ ਕੁੰਜੀ ਤਾਲਿਬਾਨ ਕੋਲ ਹੈ। ਇਸੇ ਲਈ ਜਿਹੜੀ ਨਵੀਂ ਦਿੱਲੀ ਨੇ ਗਾਜ਼ਾ ਵਿੱਚ ਇਜ਼ਰਾਇਲੀ ਹਮਲਿਆਂ ਬਾਰੇ ਚੁੱਪ ਵੱਟੀ ਹੋਈ ਸੀ, ਇਸ ਨੇ ਦਸੰਬਰ ਮਹੀਨੇ ਅਫ਼ਗਾਨਿਸਤਾਨ ਵਿੱਚ ਪਾਕਿਸਤਾਨ ਦੇ ਹਵਾਈ ਹਮਲਿਆਂ ਦੀ ਨਿੰਦਾ ਕਰਨ ਵਿੱਚ ਖਾਸੀ ਤੇਜ਼ੀ ਦਿਖਾਈ ਜਿਨ੍ਹਾਂ ਦਾ ਨਿਸ਼ਾਨਾ ਭਾਵੇਂ ਤਹਿਰੀਕ-ਏ-ਤਾਲਿਬਾਨ ਦੇ ਅਤਿਵਾਦੀ ਸਨ ਪਰ ਇਨ੍ਹਾਂ ਹਮਲਿਆਂ ਵਿੱਚ 45 ਨਾਗਰਿਕ ਮਾਰੇ ਗਏ ਸਨ।

ਬਿਨਾਂ ਸ਼ੱਕ, ਪਾਕਿਸਤਾਨ-ਅਫ਼ਗਾਨਿਸਤਾਨ ਤਣਾਅ ਕਰ ਕੇ ਇਹ 'ਰਸ' ਪੱਕ ਕੇ ਵਗੇ ਹਨ ਅਤੇ ਦੁਬਈ ਵਿੱਚ ਅਫ਼ਗਾਨਿਸਤਾਨ ਦੇ ਕਾਇਮ ਮੁਕਾਮ ਵਿਦੇਸ਼ ਮੰਤਰੀ ਆਮਿਰ ਖ਼ਾਨ ਮੁਤੱਕੀ ਅਤੇ ਭਾਰਤ ਦੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਵਿਚਕਾਰ ਮੁਲਾਕਾਤ ਜੋ ਭਾਰਤ ਵੱਲੋਂ ਤਾਲਿਬਾਨ ਲਈ ਕੀਤੀ ਹੁਣ ਤੱਕ ਦੀ ਸਭ ਤੋਂ ਉੱਚ ਪੱਧਰੀ ਪੇਸ਼ਕਸ਼ ਸੀ, ਤੋਂ ਦੋ ਮਹੀਨੇ ਬਾਅਦ ਇਸ 'ਉਸਾਰੂ' ਮੀਟਿੰਗ ਦਾ ਪਿੜ ਤਿਆਰ ਹੋਇਆ ਸੀ।

ਪਾਕਿਸਤਾਨ ਦੀਆਂ ਸਾਰੀਆਂ ਨਾਫਰਮਾਨੀਆਂ ਕਰਦੇ ਹੋਇਆਂ ਵੀ, ਅਫ਼ਗਾਨ ਤਾਲਿਬਾਨ ਨੇ ਆਪਣੇ ਮੂਲ ਸਰਪ੍ਰਸਤ ਨਾਲ ਬਹੁਤ ਸਾਰੇ ਸੰਪਰਕ ਬਰਕਰਾਰ ਰੱਖੇ ਹਨ।





ਪਾਕਿਸਤਾਨ ਵਿੱਚ ਪਲ ਕੇ ਜਵਾਨ ਹੋਣ ਵਾਲੇ ਅਤੇ ਆਪਣੀ ਇਸਲਾਮੀ ਸਿੱਖਿਆ ਗ੍ਰਹਿਣ ਕਰਨ ਵਾਲੇ ਮੁਤੱਕੀ ਤਾਲਿਬਾਨ ਦੇ ਬਲੋਚਿਸਤਾਨ ਆਧਾਰਿਤ ਕੋਇਟਾ ਸ਼ੂਰਾ ਦਾ ਹਿੱਸਾ ਸਨ ਅਤੇ ਉਨ੍ਹਾਂ ਨਿੱਜੀ ਤੌਰ 'ਤੇ ਉਸ ਮੁਲਕ ਵਿੱਚ ਬਹੁਤ ਸਾਰੇ ਢੰਗਾਂ ਨਾਲ ਨਿਵੇਸ਼ ਕੀਤਾ ਹੈ। ਤਾਲਿਬਾਨ ਸਰਕਾਰ ਦੇ ਕਈ ਹੋਰ ਮੈਂਬਰਾਂ ਬਾਰੇ ਵੀ ਇਹ ਗੱਲ ਸਹੀ ਹੈ।

ਹਕਾਨੀ ਨੈੱਟਵਰਕ ਜਿਸ ਨੂੰ 2008 ਵਿੱਚ ਅਫ਼ਗਾਨ ਦੂਤਾਵਾਸ 'ਤੇ ਹਮਲੇ ਲਈ ਦੋਸ਼ੀ ਠਹਿਰਾਇਆ ਗਿਆ ਸੀ, ਨਾਲ ਦਿੱਲੀ ਦੇ ਸੰਪਰਕ ਕਿਸੇ ਜਾਸੂਸੀ ਫਿਲਮ ਵਰਗਾ ਜਾਪੇਗਾ ਪਰ ਅੰਤ ਨੂੰ ਇਹ ਹੋਣਾ ਹੀ ਹੈ ਕਿਉਂਕਿ ਸਿਰਾਜੁਦੀਨ ਹਕਾਨੀ ਅਫ਼ਗਾਨਿਸਤਾਨ ਦੇ ਗ੍ਰਹਿ ਮੰਤਰੀ ਹਨ। ਉਂਝ ਦੇਖੋ, ਹਕਾਨੀ ਦੇ ਇਲਾਕੇ ਖੋਸਤ ਵਿਚਲੇ ਕੌਮਾਂਤਰੀ ਹਵਾਈ ਅੱਡੇ 'ਤੇ ਪਹੁੰਚਣ ਵਾਲੇ... ਅਸਲ ਵਿੱਚ ਕੌਣ ਹਨ? ਕੰਧਾਰ ਵਿੱਚ ਟਿਕੇ ਤਾਲਿਬਾਨ ਦੇ ਸਰਬਰਾਹ ਹਿਬਤੁੱਲ੍ਹਾ ਅਖੁੰਡਜ਼ਾਦਾ ਜੋ ਪਾਕਿਸਤਾਨ ਦੀ ਸੱਤਾ ਦੀ ਹਰ ਤਾਰ ਨਾਲ ਜੁੜੇ ਹੋਏ ਹਨ ਤੇ ਉਨ੍ਹਾਂ ਦੇ ਗ਼ਲ ਵੱਢ ਵੈਰ ਦੇ ਬਾਵਜੂਦ, ਪਾਕਿਸਤਾਨ ਦੇ ਤਹਿਰੀਕ-ਏ-ਤਾਲਿਬਾਨ ਦੇ ਹਿੱਸਿਆਂ ਨਾਲ ਸਬੰਧਾਂ ਦੀ ਕੜੀ ਦੂਰ ਤੱਕ ਜਾਂਦੀ ਹੈ।

ਇਸ ਲਈ ਪਾਕਿਸਤਾਨ ਨੇ ਅਫ਼ਗਾਨਿਸਤਾਨ ਦੇ ਬਦਨਾਮ ਸਰਹੱਦੀ ਇਲਾਕਿਆਂ ਉੱਪਰ ਬੰਬਾਰੀ ਵਰਗੇ ਸਿਰੇ ਦਾ ਕਦਮ ਕਿਉਂ ਪੁੱਟਿਆ? ਪਾਕਿਸਤਾਨੀ ਫ਼ੌਜ 'ਤੇ ਨਜ਼ਰ ਰੱਖਣ ਵਾਲਿਆਂ ਦਾ ਵਿਸ਼ਵਾਸ ਹੈ ਕਿ ਫ਼ੌਜ ਦੇ ਮੁਖੀ ਜਨਰਲ ਆਸਿਮ ਮੁਨੀਰ ਅਫ਼ਗਾਨ-ਪਾਕਿਸਤਾਨ ਖੇਤਰ ਵਿੱਚ ਅਮਰੀਕਾ ਦੀ ਰੁਚੀ ਮੁੜ ਜਗਾਉਣ ਦੀਆਂ ਕੋਸ਼ਿਸ਼ਾਂ ਵਿੱਚ ਜੁਟੇ ਹੋਏ ਹਨ। ਆਈਐੱਸਆਈ ਦੇ ਮੁਖੀ ਮੁਹੰਮਦ ਆਸਿਮ ਮਲਿਕ ਨੇ ਤਾਜਿਕਸਤਾਨ ਦਾ ਪ੍ਰਾਈਵੇਟ ਦੌਰਾ ਕੀਤਾ ਹੈ ਜਿੱਥੇ ਤਾਲਿਬਾਨ ਦੇ ਦੁਸ਼ਮਣ 'ਨਾਰਦਰਨ ਅਲਾਇੰਸ' ਦਾ ਟਿਕਾਣਾ ਹੈ ਤੇ ਮਲਿਕ ਦੀ ਰਾਸ਼ਟਰਪਤੀ ਇਮੋਮਾਲੀ ਰਹਿਮਾਨ ਨਾਲ ਮੁਲਾਕਾਤ ਤੋਂ ਵੀ ਕੁਝ ਨਾ ਕੁਝ ਸੁਲਗਣ ਦੇ ਸੰਕੇਤ ਮਿਲੇ ਹਨ ਜਿਸ ਨਾਲ ਅਫ਼ਗਾਨਿਸਤਾਨ ਵਿਚਲਾ ਭਾਰਤੀ ਮੀਡੀਆ ਤੜਫ਼ ਕੇ ਰਹਿ ਗਿਆ ਹੈ। ਇਸੇ ਤਰ੍ਹਾਂ ਆਪਣੇ ਇੱਛਤ ਦਰਸ਼ਕਾਂ ਲਈ ਮੁਤੱਕੀ-ਮਿਸਰੀ ਫੋਟੋ ਅਪਰੇਸ਼ਨ ਰਚਿਆ ਗਿਆ। ਸਾਮਰਾਜਾਂ ਦੇ ਕਬਰਿਸਤਾਨ ਵਿੱਚ ਤਾਲਿਬਾਨ ਸਣੇ ਹਰ ਕੋਈ ਆਪੋ-ਆਪਣੀ ਚਾਲ ਚੱਲ ਰਿਹਾ ਹੈ।

ਭਾਰਤ ਦੀ ਸੁਰੱਖਿਆ ਖ਼ਾਤਿਰ ਤਾਲਿਬਾਨ ਨਾਲ ਰਾਬਤਾ ਅਜਿਹੀ ਜ਼ਰੂਰਤ ਹੈ ਜਿਸ ਤੋਂ ਬਿਨਾਂ ਸਰ ਨਹੀਂ ਸਕਦਾ। ਸਵਾਲ ਇਹ ਨਹੀਂ ਕਿ ਭਾਰਤ ਨੂੰ ਤਾਲਿਬਾਨ ਨਾਲ ਗੱਲਬਾਤ ਕਰਨੀ ਚਾਹੀਦੀ ਹੈ ਬਲਕਿ ਇਹ ਹੈ ਕਿ ਕੀ ਇਸ ਨੂੰ ਬੰਗਲਾਦੇਸ਼ (ਤੇ ਮਿਆਂਮਾਰ) ਵਿੱਚ ਕੀਤੀ ਗਲਤੀ ਅਫ਼ਗਾਨਿਸਤਾਨ ਵਿੱਚ ਦੁਹਰਾਉਣੀ ਚਾਹੀਦੀ ਹੈ? ਜਾਂ ਜਿਵੇਂ 'ਜਿੰਦਲ ਸਕੂਲ ਆਫ ਇੰਟਰਨੈਸ਼ਨਲ ਅਫੇਅਰਜ਼' ਦੇ ਸਹਾਇਕ ਪ੍ਰੋਫੈਸਰ ਰਾਘਵ ਸ਼ਰਮਾ ਦਾ ਸਵਾਲ ਹੈ, ਕੀ ਭਾਰਤ ਕੋਲ ਤਾਲਿਬਾਨ ਨਾਲ ਗੱਲਬਾਤ ਦੀ ਕੋਈ ਰੂਪ-ਰੇਖਾ ਹੈ ਤੇ ਇਸ 'ਚੋਂ ਕੀ ਨਿਕਲਣ ਦੀ ਸੰਭਾਵਨਾ ਹੈ? ਸਾਧਾਰਨ ਸ਼ਬਦਾਂ 'ਚ ਆਖੀਏ ਤਾਂ ਪਾਕਿਸਤਾਨ ਨੂੰ ਖੁੱਡੇ ਲਾਉਣ 'ਤੇ ਖ਼ੁਸ਼ ਹੋਣ ਤੋਂ ਇਲਾਵਾ ਸਾਡੇ ਕੋਲ ਕੋਈ ਹੋਰ ਯੋਜਨਾ ਹੋਣੀ ਚਾਹੀਦੀ ਹੈ।

ਤਾਲਿਬਾਨ ਨਾਲ ਦਿੱਲੀ ਦੀਆਂ ਮੁਲਾਕਾਤਾਂ 'ਚ ਉਹ ਚੀਜ਼ ਗ਼ੈਰ-ਹਾਜ਼ਰ ਹੈ ਜੋ ਅਫ਼ਗਾਨਿਸਤਾਨ 'ਚ ਭਾਰਤ ਦਾ ਅਨਮੋਲ ਰਣਨੀਤਕ ਖ਼ਜ਼ਾਨਾ ਰਹੀ ਹੈ- ਉਸ ਦੇਸ਼ ਦੇ ਲੋਕ। ਇਨ੍ਹਾਂ ਬੈਠਕਾਂ 'ਚੋਂ ਇੱਕ ਚੀਜ਼ ਲਈ ਸਾਰਾ ਕੁਝ ਦਾਅ ਉੱਤੇ ਲਾਉਣ ਦੀ ਬੂਅ ਆਉਂਦੀ ਹੈ। ਅਫ਼ਗਾਨਿਸਤਾਨ ਵਿੱਚ ਚੀਨ ਦੀ ਤਕੜੀ ਮੌਜੂਦਗੀ ਪ੍ਰਤੱਖ ਤੌਰ 'ਤੇ ਇੱਕ ਹੋਰ ਕਾਰਨ ਹੈ ਕਿ ਭਾਰਤ ਕਿਉਂ ਕਾਬੁਲ 'ਚ ਰਹਿਣਾ ਚਾਹੁੰਦਾ ਹੈ। ਉਂਝ, ਇਹ ਚੀਨੀ ਹਨ ਜੋ ਹੁਣ ਅਫ਼ਗਾਨ ਵਿਦਿਆਰਥੀਆਂ ਨੂੰ ਵਜ਼ੀਫ਼ਾ ਦੇ ਰਹੇ ਹਨ; ਇਸ ਮੋਰਚੇ 'ਤੇ ਭਾਰਤ ਦੀ ਕਾਇਰਤਾ ਨੇ ਇਸ ਨੂੰ ਉਨ੍ਹਾਂ ਨੂੰ ਵਾਪਸ ਬੁਲਾਉਣ ਤੋਂ ਵੀ ਵਾਂਝਾ ਕਰ ਦਿੱਤਾ ਹੈ ਜਿਨ੍ਹਾਂ ਦੀ ਪੜ੍ਹਾਈ 'ਚ 2021 ਵਿੱਚ ਉਸ ਵੇਲੇ ਵਿਘਨ ਪੈ ਗਿਆ ਸੀ ਜਦੋਂ ਸੁਰੱਖਿਆ ਦੇ ਲਿਹਾਜ਼ ਨਾਲ ਹਜ਼ਾਰਾਂ ਵੀਜ਼ੇ ਅਚਾਨਕ ਰੱਦ ਕਰ ਦਿੱਤੇ ਗਏ ਸਨ।

ਭਾਰਤ ਚੁੱਪ-ਚਾਪ ਕਾਬੁਲ ਨੂੰ ਪਾਣੀ ਦੀ ਸਪਲਾਈ ਦੇਣ ਵਾਲੇ ਸ਼ਾਹਤੂਤ ਡੈਮ ਵਰਗੇ ਅਧੂਰੇ ਪ੍ਰਾਜੈਕਟ ਮੁੜ ਹੱਥਾਂ 'ਚ ਲੈ ਸਕਦਾ ਹੈ ਜਿਸ ਬਾਰੇ ਤਾਲਿਬਾਨ ਘੱਟੋ-ਘੱਟ ਤਿੰਨ ਸਾਲਾਂ ਤੋਂ ਦਿੱਲੀ ਨੂੰ ਕਹਿ ਰਿਹਾ ਹੈ। ਪਿਛਲੇ ਸਾਲ ਸਰਕਾਰ ਨੇ ਹੇਰਾਤ 'ਚ ਭਾਰਤ ਦੇ ਬਣਾਏ ਸਲਮਾ ਡੈਮ ਦੀ ਜਾਂਚ ਲਈ ਇੰਜਨੀਅਰ ਭੇਜੇ ਸਨ। ਭਾਰਤ ਕੋਲ ਚੀਨ ਵਾਂਗ ਖੁੱਲ੍ਹਾ ਧਨ ਨਹੀਂ ਪਰ ਇਸ ਕੋਲ ਜੋ ਹੈ ਜਾਂ ਸੀ, ਉਹ ਅਫ਼ਗਾਨਾਂ ਦੀ ਸਦਭਾਵਨਾ ਹੈ, ਤੇ ਅਫ਼ਗਾਨ ਚਾਹੁੰਦੇ ਹਨ ਕਿ ਭਾਰਤ ਨੂੰ ਬੰਦ ਰਾਹ ਮੁੜ ਖੋਲ੍ਹਣੇ ਚਾਹੀਦੇ ਹਨ।

ਪੱਛਮ 'ਚ ਹਰੇਕ ਮੁਲਕ ਨੇ ਅਫ਼ਗਾਨਿਸਤਾਨ 'ਚ ਆਪਣੇ ਦੋਸਤਾਂ ਤੇ ਸਾਥੀਆਂ ਲਈ ਥਾਂ ਛੱਡ ਦਿੱਤੀ ਹੈ, ਫਿਰ ਭਾਵੇਂ ਇਹ ਤਾਲਿਬਾਨ ਨਾਲ ਦੂਰੋਂ ਹੀ ਤਾਲਮੇਲ ਰੱਖਣ ਦਾ ਮਾਮਲਾ ਕਿਉਂ ਨਾ ਹੋਵੇ। ਭਾਰਤ ਕੋਲ ਕਿਸੇ ਸਮੇਂ 40000 ਅਫ਼ਗਾਨ ਵਾਸੀ ਸਨ ਜਿਨ੍ਹਾਂ ਵਿੱਚੋਂ ਬਹੁਤੇ ਵਿਦਿਆਰਥੀ ਸਨ। ਸੁਰੱਖਿਆ ਲਈ ਕੋਈ ਖ਼ਤਰਾ ਨਹੀਂ ਸੀ। ਹੁਣ ਕੁਝ ਹਜ਼ਾਰ ਹੀ ਰਹਿ ਗਏ ਹਨ। ਭਾਰਤ ਦੀ ਨਾ-ਮਨਜ਼ੂਰੀ ਕਾਰਨ ਨਿਰਾਸ਼ ਤੇ ਉਲਝੇ ਕੁਝ ਤਾਂ ਅਫ਼ਗਾਨਿਸਤਾਨ 'ਚ ਆਪਣੀਆਂ ਅਨਿਸ਼ਚਤ ਮੰਜ਼ਿਲਾਂ ਵੱਲ ਪਰਤ ਗਏ, ਬਾਕੀਆਂ ਨੂੰ ਕਿਸੇ ਹੋਰ ਮੁਲਕ ਦੇ ਵੀਜ਼ੇ ਮਿਲ ਗਏ।

ਅਫ਼ਗਾਨਾਂ ਨੂੰ ਪਾਕਿਸਤਾਨ, ਚੀਨ, ਤੁਰਕੀ, ਇਰਾਨ ਜਾਂ ਯੂਰੋਪ ਦੇ ਮੁਲਕਾਂ ਕੋਲ ਗੁਆ ਲੈਣਾ ਭਾਰਤ ਲਈ ਆਈਐੱਸਆਈ ਮੁਖੀ ਦੇ ਤਾਜਿਕਸਤਾਨ ਦੌਰੇ ਨਾਲੋਂ ਕਿਤੇ ਜ਼ਿਆਦਾ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ। ਭਾਰਤ ਜਿਸ ਨੇ ਕਾਬੁਲ 'ਚ 2022 ਵਿੱਚ ਆਪਣਾ ਦੂਤਾਵਾਸ 'ਤਕਨੀਕੀ ਟੀਮ' ਨਾਲ ਮੁੜ ਖੋਲ੍ਹ ਲਿਆ ਹੈ, ਨੂੰ ਦਿੱਲੀ ਵਿੱਚ ਆਪਣੇ ਕੂਟਨੀਤਕ ਮਿਸ਼ਨਾਂ ਲਈ ਤਾਲਿਬਾਨ ਦੀਆਂ ਨਿਯੁਕਤੀਆਂ ਸਵੀਕਾਰ ਕਰਨੀਆਂ ਚਾਹੀਦੀਆਂ ਹਨ; ਮੁੰਬਈ ਵਿੱਚ ਇਹ ਪਹਿਲਾਂ ਹੀ ਹੋ ਚੁੱਕਾ ਹੈ।

ਨਾਲ ਹੀ ਇਸ ਨੂੰ ਅਫ਼ਗਾਨਾਂ ਲਈ ਵੀ ਆਪਣੇ ਦਰ ਖੋਲ੍ਹਣੇ ਚਾਹੀਦੇ ਹਨ। ਅਫ਼ਗਾਨ ਵੀਜ਼ਿਆਂ ਦੀ ਪ੍ਰਕਿਰਿਆ ਅੱਗੇ ਨਾ ਤੋਰਨ ਲਈ ਸੁਰੱਖਿਆ ਫ਼ਿਕਰਾਂ ਦਾ ਹਵਾਲਾ ਦੇਣਾ ਇਹ ਕਹਿਣ ਵਰਗਾ ਹੈ ਕਿ ਭਾਰਤੀ ਸੁਰੱਖਿਆ ਏਜੰਸੀਆਂ ਸਮਰੱਥ ਨਹੀਂ। ਤਾਲਿਬਾਨ ਚਾਹੁੰਦਾ ਹੈ ਕਿ ਭਾਰਤ ਵੀਜ਼ਾ ਦੇਣਾ ਸ਼ੁਰੂ ਕਰੇ। ਅਫ਼ਗਾਨ ਔਰਤਾਂ ਨੂੰ ਇੱਥੇ ਉਨ੍ਹਾਂ ਦੀ ਪੜ੍ਹਾਈ ਲਈ ਵਾਪਸ ਸੱਦ ਕੇ ਦਿੱਲੀ ਸ਼ੁਰੂਆਤ ਕਰ ਸਕਦਾ ਹੈ, ਨਾਲ ਹੀ ਤਾਲਿਬਾਨ ਨੂੰ ਐੱਚ-ਟੀਐੱਸ ਤੋਂ ਸਿੱਖਿਆ ਲੈਣ ਦਾ ਇਸ਼ਾਰਾ ਵੀ ਕਰ ਸਕਦਾ ਹੈ। ਭਾਰਤੀ ਕਲਪਨਾ ਕਰਦੇ ਹਨ ਕਿ ਉਨ੍ਹਾਂ ਦਾ ਮੁਲਕ 'ਮਹਾਂ ਖੇਡ' (ਕੂਟਨੀਤਕ ਤੇ ਸਿਆਸੀ ਅਸਰ ਰਸੂਖ਼ ਦੀ ਮੁਕਾਬਲੇਬਾਜ਼ੀ) ਵਿਚ ਸ਼ਾਮਲ ਹੈ ਪਰ 'ਮਹਾਂ ਖੇਡ' ਕਮਜ਼ੋਰ ਦਿਲਾਂ ਲਈ ਨਹੀਂ ਬਣੀ।

# ਚਰਚਾ ਵਿਚ ਆ ਗਿਆ ਹੈ ਜੇਲ੍ਹ ਤੋਂ ਚੋਣਾਂ ਲੜਨ ਦਾ ਮੁੱਦਾ

ਦਿੱਲੀ ਦੰਗੇ ਦੇ ਮੁਲਜ਼ਮ ਤਾਹਿਰ ਹੁਸੈਨ ਵੱਲੋਂ ਚੋਣ ਲੜਨ ਲਈ ਜ਼ਮਾਨਤ ਦੀ ਮੰਗ ’ਤੇ ਸੁਪਰੀਮ ਕੋਰਟ ਨੇ ਇਹ ਸਹੀ ਕਿਹਾ ਕਿ ਅਜਿਹੇ ਲੋਕਾਂ ਦੇ ਚੋਣ ਲੜਨ ’ਤੇ ਰੋਕ ਲੱਗਣੀ ਚਾਹੀਦੀ ਹੈ। ਬਦਕਿਸਮਤੀ ਨਾਲ ਅਜਿਹਾ ਉਦੋਂ ਤੱਕ ਸੰਭਵ ਨਹੀਂ ਜਦੋਂ ਤੱਕ ਮੌਜੂਦਾ ਕਾਨੂੰਨ ਵਿਚ ਬਦਲਾਅ ਨਹੀਂ ਹੁੰਦਾ। ਇਸ ਬਦਲਾਅ ਵਾਸਤੇ ਸਰਕਾਰ ਨੂੰ ਪਹਿਲ ਕਰਨੀ ਹੋਵੇਗੀ ਤੇ ਉਸ ਨੂੰ ਸਿਆਸੀ ਪਾਰਟੀਆਂ ਦਾ ਸਮਰਥਨ ਹਾਸਲ ਕਰਨਾ ਹੋਵੇਗਾ।

ਕਹਿਣਾ ਔਖਾ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ ਉਸ ਕਾਨੂੰਨ ਨੂੰ ਬਦਲਣ ਲਈ ਤਿਆਰ ਹੁੰਦੀਆਂ ਹਨ ਜਾਂ ਨਹੀਂ, ਜੋ ਜੇਲ੍ਹ ਵਿਚ ਬੰਦ ਲੋਕਾਂ ਨੂੰ ਚੋਣ ਲੜਨ ਦੀ ਆਗਿਆ ਦਿੰਦਾ ਹੈ। ਇਹ ਆਗਿਆ ਇਸ ਮਾਨਤਾ ਦੇ ਆਧਾਰ ’ਤੇ ਮਿਲੀ ਹੋਈ ਹੈ ਕਿ ਦੋਸ਼ ਸਿੱਧ ਨਾ ਹੋਣ ਤੱਕ



ਹਰ ਵਿਅਕਤੀ ਨਿਰਦੋਸ਼ ਹੈ। ਇਸ ਕਾਰਨ ਹੀ ਕਈ ਲੋਕ ਜੇਲ੍ਹ ਵਿਚ ਬੰਦ ਹੋਣ ਤੋਂ ਬਾਅਦ ਵੀ ਚੋਣਾਂ ਲੜਦੇ ਹਨ ਤੇ ਚੋਣ ਪ੍ਰਚਾਰ ਲਈ ਜ਼ਮਾਨਤ ਦੀ ਮੰਗ ਕਰਦੇ ਹਨ।

ਇਨ੍ਹਾਂ ’ਚ ਉਹ ਵੀ ਹੁੰਦੇ ਹਨ ਜੋ ਗੰਭੀਰ ਅਪਰਾਧਾਂ ਦੇ ਦੋਸ਼ ’ਚ ਜੇਲ੍ਹ ਵਿਚ ਬੰਦ ਹੁੰਦੇ ਹਨ। ਤ੍ਰਾਸਦੀ ਇਹ ਹੈ ਕਿ ਅਜਿਹੇ ਕਈ ਲੋਕ ਚੋਣਾਂ ਜਿੱਤ ਵੀ ਜਾਂਦੇ ਹਨ ਕਿਉਂਕਿ ਉਹ ਜਾਤ-ਪਾਤ, ਧਰਮ, ਖੇਤਰ ਦੇ ਨਾਂ ’ਤੇ ਜਾਂ ਫਿਰ ਆਪਣੀ ਬੇਗੁਨਾਹੀ ਦਾ ਰੋਣਾ ਰੋ ਕੇ ਲੋਕਾਂ ਦੀਆਂ ਭਾਵਨਾਵਾਂ ਦਾ ਫ਼ਾਇਦਾ ਚੁੱਕਣ ’ਚ ਸਮਰੱਥ ਹੋ ਜਾਂਦੇ ਹਨ। ਹੋਣਾ ਤਾਂ ਇਹ ਚਾਹੀਦਾ ਹੈ ਕਿ ਵੋਟਰ ਆਪਣੇ ਪ੍ਰਤੀਨਿਧਾਂ ਦੀ ਚੋਣ ਪਰਪੱਕਤਾ ਨਾਲ ਕਰਨ ਪਰ ਕਈ ਵਾਰ ਅਜਿਹਾ ਨਹੀਂ ਹੁੰਦਾ।

ਇਸ ਦਾ ਸਬੂਤ ਇਹ ਹੈ ਕਿ ਖ਼ਾਲਿਸਤਾਨ ਪੱਖੀ ਅੰਮ੍ਰਿਤਪਾਲ ਸਿੰਘ ਵੱਲੋਂ ਬੀਤੇ ਸਾਲ ਹੋਈਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਦੀ ਖਡੂਰ ਸਾਹਿਬ ਸੀਟ ਤੇ ਟੈਰਰ ਫੰਡਿੰਗ ਦੇ ਦੋਸ਼ ਹੇਠ ਤਿਹਾੜ ਜੇਲ੍ਹ ਵਿਚ ਬੰਦ ਇੰਜੀਨੀਅਰ ਰਸ਼ੀਦ ਵੱਲੋਂ ਜੰਮੂ-ਕਸ਼ਮੀਰ ਦੀ ਬਾਰਾਮੁੱਲਾ ਸੀਟ ਤੋਂ ਚੋਣ ਜਿੱਤ ਲਈ ਗਈ ਸੀ। ਇਸ ਤੋਂ ਬਾਅਦ ਵਿਧਾਨ ਸਭਾ ਚੋਣਾਂ ਵਿਚ ਰਸ਼ੀਦ ਨੂੰ ਇਸ ਆਧਾਰ ’ਤੇ ਚੋਣ ਪ੍ਰਚਾਰ ਦੀ ਆਗਿਆ ਮਿਲ ਗਈ ਸੀ ਕਿ ਉਹ ਆਪਣੀ ਪਾਰਟੀ ਦਾ ਮੁਖੀ ਹੈ।

ਇਸ ਤੋਂ ਵੱਡੀ ਤ੍ਰਾਸਦੀ ਹੋਰ ਕੋਈ ਨਹੀਂ ਕਿ ਜੇਲ੍ਹ ਵਿਚ ਬੰਦ ਲੋਕਾਂ ਨੂੰ ਵੋਟ ਪਾਉਣ ਦੀ ਆਗਿਆ ਤਾਂ ਨਹੀਂ ਹੁੰਦੀ ਪਰ ਉਹ ਚੋਣ ਲੜਨ ਲਈ ਆਜ਼ਾਦ ਹੁੰਦੇ ਹਨ। ਚੋਣ ਲੜਨ ਲਈ ਜ਼ਮਾਨਤ ਮੰਗ ਰਹੇ ਤਾਹਿਰ ਹੁਸੈਨ ’ਤੇ ਹਿੰਸਾ ਭੜਕਾਉਣ ਦੇ ਬੇਹੱਦ ਗੰਭੀਰ ਦੋਸ਼ ਹਨ ਪਰ ਇਸ ਨਾਲ ਸੰਸਦ ਮੈਂਬਰ ਓਵੈਸੀ ਨੂੰ ਕੋਈ ਫ਼ਰਕ ਨਹੀਂ ਪਿਆ। ਉਨ੍ਹਾਂ ਨੇ ਸਭ ਕੁਝ ਜਾਣਦੇ ਹੋਏ ਵੀ ਉਸ ਨੂੰ ਆਪਣੀ ਪਾਰਟੀ ਵੱਲੋਂ ਦਿੱਲੀ ਵਿਧਾਨ ਸਭਾ ਦਾ ਉਮੀਦਵਾਰ ਬਣਾ ਦਿੱਤਾ।

ਇਹ ਸਮਝਿਆ ਜਾਣਾ ਚਾਹੀਦਾ ਹੈ ਕਿ ਅੱਤਵਾਦ, ਵੱਖਵਾਦ, ਦੰਗੇ ਅਤੇ ਹੱਤਿਆ ਵਰਗੇ ਸੰਗੀਨ ਅਪਰਾਧਾਂ ਵਿਚ ਸ਼ਾਮਲ ਹੋਣ ਵਾਲੇ ਮੁਲਜ਼ਮਾਂ ਨੂੰ ਜੇਲ੍ਹ ਵਿਚ ਬੰਦ ਹੋਣ ਤੋਂ ਬਾਅਦ ਵੀ ਚੋਣ ਲੜਨ ਦੀ ਖੁੱਲ੍ਹ ਮਿਲਣ ਨਾਲ ਭਾਰਤੀ ਲੋਕਤੰਤਰ ਦਾ ਮਾਣ ਨਹੀਂ ਵਧਦਾ। ਇਸ ਨਾਲ ਤਾਂ ਰਾਜਨੀਤੀ ਦੇ ਅਪਰਾਧੀਕਰਨ ਨੂੰ ਹੀ ਬਲ ਮਿਲਦਾ ਹੈ। ਵਾਜਬ ਇਹ ਹੋਵੇਗਾ ਕਿ ਸੰਗੀਨ ਦੋਸ਼ਾਂ ਵਿਚ ਜੇਲ੍ਹ ਵਿਚ ਬੰਦ ਲੋਕਾਂ ਨੂੰ ਚੋਣ ਲੜਨ ਤੋਂ ਰੋਕਿਆ ਜਾਵੇ।

# ‘ਕਾਹਲੀ ਅੱਗੇ ਟੋਏ’ ਤੋਂ ਬੇਪਰਵਾਹ ਟਰੰਪ

ਡਾ. ਤਜਿੰਦਰ ਵਿਰਲੀ

ਡੋਨਾਲਡ ਟਰੰਪ ਨੇ ਦੂਜੀ ਵਾਰ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਦੇ ਪਹਿਲੇ ਹੀ ਦਿਨ ਹਲਚਲ ਪੈਦਾ ਕਰ ਦਿੱਤੀ। ਉਨ੍ਹਾਂ ਨੇ ‘ਅਮਰੀਕਾ ਨੂੰ ਮਹਾਨ ਬਣਾਉਣ ਲਈ ਕਈ ਕਾਰਜਕਾਰੀ ਹੁਕਮ ਪਾਸ ਕਰ ਕੇ ਸਾਰੀ ਦੁਨੀਆ ਨੂੰ ਭਾਜੜ ਪਾ ਦਿੱਤੀ ਹੈ। ਕਿਹਾ ਜਾ ਰਿਹਾ ਹੈ ਕਿ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਅਮਰੀਕਾ ਦੇ ਵੱਖ-ਵੱਖ ਮੁਲਕਾਂ ਨਾਲ ਸਬੰਧਾਂ ਉੱਤੇ ਸਿੱਧਾ ਅਸਰ ਪੈਣ ਦੇ ਆਸਾਰ ਹਨ। ਮੈਕਸੀਕੋ ਬਾਰਡਰ ’ਤੇ ਐਮਰਜੈਂਸੀ ਲਾਗੂ ਕਰ ਦਿੱਤੀ ਹੈ ਜਿਸ ਨਾਲ ਕੋਈ ਵੀ ਬੰਦਾ ਉਨ੍ਹਾਂ ਬਾਰਡਰਾਂ ਤੋਂ ਅਮਰੀਕਾ ’ਚ ਦਾਖ਼ਲ ਨਹੀਂ ਹੋ ਸਕਦਾ। ਜੇ ਦਾਖ਼ਲ ਹੋ ਗਿਆ ਤਾਂ ਉਸੇ ਵਕਤ ਗੋਲ਼ੀ ਮਾਰਨ ਤੱਕ ਦੇ ਹੁਕਮ ਵੀ ਦੇ ਦਿੱਤੇ ਹਨ। ਟਰੰਪ ਨੇ ਕੈਨੇਡਾ ਨਾਲ ਵਪਾਰ ਉੱਤੇ 25% ਟੈਕਸ ਲਾਉਣ ਦਾ ਫ਼ੈਸਲਾ 1 ਫਰਵਰੀ ਨੂੰ ਲੈਣ ਦਾ ਦਿੱਤਾ ਸੰਕੇਤ ਦਿੱਤਾ ਹੈ। ਇਸ ਫ਼ੈਸਲੇ ਨਾਲ ਕੈਨੇਡਾ ਦੀ ਆਰਥਿਕਤਾ ਨੂੰ ਬਹੁਤ ਵੱਡਾ ਝਟਕਾ ਲੱਗਣ ਵਾਲਾ ਹੈ।



ਪੰਜ ਲੱਖ ਤੋਂ ਉੱਪਰ ਲੋਕ ਇਕੱਲੇ ਓਂਟਾਰੀਓ ’ਚ ਹੀ ਬੇਰੁਜ਼ਗਾਰ ਹੋ ਜਾਣਗੇ। ਟਰੰਪ ਨੇ ਕੈਨੇਡਾ ਨੂੰ ਅਮਰੀਕਾ ਦਾ ਫ਼ਾਇਦਾ ਚੁੱਕਣ ਵਾਲਾ ਕਮਜ਼ੋਰ ਦੇਸ਼ ਕਿਹਾ ਕਿਉਂਕਿ ਲੱਖਾਂ ਲੋਕ ਪਿਛਲੇ ਕੁਝ ਸਾਲਾਂ ਵਿਚ ਕੈਨੇਡਾ ਤੋਂ ਅਮਰੀਕਾ ਦਾ ਬਾਰਡਰ ਟੱਪੇ ਸਨ ਜਿਨ੍ਹਾਂ ਵਿਚ ਜ਼ਿਆਦਾ ਭਾਰਤੀ ਵਿਦਿਆਰਥੀ ਹਨ। ਇਸ ਦਾ ਨੁਕਸਾਨ ਹੁਣ ਸਾਰੇ ਕੈਨੇਡਾ ਦੇ ਲੋਕਾਂ ਨੂੰ ਭੁਗਤਣਾ ਪੈ ਸਕਦਾ ਹੈ। ਇਸ ਫ਼ੈਸਲੇ ਨਾਲ ਕੈਨੇਡਾ ਦੀ ਪੂਰੀ ਰਾਜਨੀਤੀ ਵਿਚ ਭੱਜ-ਦੌੜ ਮਚੀ ਹੋਈ ਹੈ। ਟਰੰਪ ਨੇ ਯੂਕਰੇਨ ਨੂੰ ਜਾਂਦੇ ਸਾਰੇ ਹਥਿਆਰਾਂ ਦੇ ਸਮੁੰਦਰੀ ਜਹਾਜ਼ ਰੋਕ ਦਿੱਤੇ ਹਨ। ਇਸ ਨਾਲ ਅਮਰੀਕਾ ਦੀ ਸ਼ਹਿ ਤੇ ਲੜਨ ਵਾਲਾ ਯੂਕਰੇਨ ਫ਼ਿਕਰਮੰਦ ਹੋ ਗਿਆ ਹੈ। ਟਰੰਪ ਨੇ ਇਕ ਹੁਕਮ ’ਤੇ ਦਸਤਖ਼ਤ ਕਰ ਕੇ ਅਮਰੀਕਾ ਦਾ ਨਾਤਾ ‘ਵਿਸ਼ਵ ਸਿਹਤ ਸੰਗਠਨ’ ਨਾਲੋਂ ਤੋੜ ਦਿੱਤਾ ਹੈ ਤੇ ਦੋਸ਼ ਲਾਇਆ ਕਿ ਇਸ ਆਲਮੀ ਏਜੰਸੀ ਨੇ ਕੋਵਿਡ-19 ਮਹਾਮਾਰੀ ਨੂੰ ਸਹੀ ਢੰਗ ਨਾਲ ਨਹੀਂ ਸੀ ਨਜਿੱਠਿਆ। ਹਾਲਾਂਕਿ ਕੋਰੋਨਾ ਸੰਕਟ ਨਾਲ ਨਜਿੱਠਣ ਦੀ ਟਰੰਪ ਦੀ ਖ਼ੁਦ ਦੀ ਪਹੁੰਚ ਗ਼ੈਰ-ਵਿਗਿਆਨਕ ਸੀ।

ਸੰਨ 2020 ਵਿਚ ਅਮਰੀਕਾ ’ਚ ਸਾਢੇ ਤਿੰਨ ਲੱਖ ਤੋਂ ਵੱਧ ਮੌਤਾਂ ਰਿਪੋਰਟ ਹੋਈਆਂ ਸਨ। ਡਬਲਿਊਐੱਚ ਤੋਂ ਵੱਖ ਹੋ ਕੇ ਅਮਰੀਕੀ ਰਾਸ਼ਟਰਪਤੀ ਨੇ ਭਵਿੱਖ ’ਚ ਕਿਸੇ ਵੀ ਬਿਮਾਰੀ ਨਾਲ ਆਲਮੀ ਪੱਧਰ ’ਤੇ ਇਕ ਹੋ ਕੇ ਲੜਨ ਦਾ ਵਾਅਦਾ ਤੋੜ ਦਿੱਤਾ ਹੈ। ਟਰੰਪ ਨੇ ਅਮਰੀਕਾ ਨੂੰ ਪੈਰਿਸ ਜਲਵਾਯੂ ਸੰਧੀ ’ਚੋਂ ਬਾਹਰ ਕਰਨ ਦੇ ਆਦੇਸ਼ ’ਤੇ ਵੀ ਦਸਤਖ਼ਤ ਕਰ ਦਿੱਤੇ ਹਨ। ਇਸ ਸਮਝੌਤੇ ਦਾ ਮੁੱਖ ਟੀਚਾ ਆਲਮੀ ਤਪਸ਼ ਨੂੰ ਸਨਅਤੀ ਯੁੱਗ ਤੋਂ ਪਹਿਲਾਂ ਦੇ ਪੱਧਰਾਂ ਤੋਂ 1.5 ਸੈਲਸੀਅਸ ਵੱਧ ਤੱਕ ਕਾਬੂ ਕਰਨਾ ਹੈ। ਪਿਛਲਾ ਸਾਲ ਦਰਜਜ ਰਿਕਾਰਡ ਵਿਚ ਧਰਤੀ ਲਈ ਸਭ ਤੋਂ ਗਰਮ ਰਿਹਾ ਹੈ। ਅਮਰੀਕਾ ਵੱਲੋਂ ਖਹਿੜਾ ਛੁਡਾਉਣ ਤੋਂ ਬਾਅਦ ਇਹ ਟੀਚਾ ਹੁਣ ਹੋਰ ਵੀ ਅਸੰਭਵ ਜਾਪਣ ਲੱਗ ਪਿਆ ਹੈ। ਟਰੰਪ ਨੇ ਬ੍ਰਿਕਸ ਦੇਸ਼ਾਂ ਨੂੰ ਸਾਫ਼ ਚਿਤਾਵਨੀ ਦਿੱਤੀ ਹੈ ਕਿ ਜੇ ਉਨ੍ਹਾਂ ਨੇ ਵਪਾਰਕ ਤੌਰ ’ਤੇ ਡਾਲਰਾਂ ਵਿਚ ਕਾਰੋਬਾਰ ਛੱਡਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਦੇ ਮਾਲ ਉੱਪਰ 100 ਫ਼ੀਸਦੀ ਟੈਕਸ ਲਾਇਆ ਜਾਵੇਗਾ।

ਯਾਦ ਰਹੇ ਕਿ ਭਾਰਤ ਬ੍ਰਿਕਸ ਸੰਗਠਨ ਦਾ ਮੈਂਬਰ ਹੈ। ਦੁਨੀਆ ਭਰ ਵਿਚ ਆਪਣੇ-ਆਪ ਨੂੰ ਮਨੁੱਖੀ ਕਦਰਾਂ-ਕੀਮਤਾਂ ਦਾ ਲੰਬੜਦਾਰ ਕਹਾਉਣ ਵਾਲਾ ਦੇਸ਼ ਹੁਣ ਟਰਾਂਸਜੈਂਡਰ ਦੀ ਮਾਨਤਾ ਖ਼ਤਮ ਕਰ ਦੇਵੇਗਾ। ‘ਗਲਫ ਆਫ ਮੈਕਸੀਕੋ’ ਦਾ ਨਾਂ ਬਦਲ ਕੇ ‘ਗਲਫ ਆਫ ਅਮਰੀਕਾ’ ਕੀਤਾ ਜਾ ਰਿਹਾ ਹੈ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਾਨ ਐੱਫ ਕੈਨੇਡੀ ਸਮੇਤ ਹੋਰ ਸਾਰੇ ਨੇਤਾਵਾਂ ਜਿਨ੍ਹਾਂ ਦੇ ਕਤਲ 60 ਸਾਲ ਪਹਿਲਾਂ ਹੋ ਗਏ ਸਨ, ਉਨ੍ਹਾਂ ਦੇ ਸਾਰੇ ਦਸਤਾਵੇਜ਼ਾਂ ਨੂੰ ਜਨਤਕ ਕਰਨ ਦਾ ਐਲਾਨ ਕਰ ਦਿੱਤਾ ਹੈ।

ਟਰੰਪ ਨੇ 6 ਜਨਵਰੀ 2021 ਨੂੰ ਅਮਰੀਕੀ ਸੰਸਦ ’ਤੇ ਧਾਵਾ ਬੋਲਣ ਵਾਲੀ ਭੀੜ ਵਿਚ ਸ਼ਾਮਲ 1500 ਗੋਰੇ ਨਸਲਪ੍ਰਸਤਾਂ ਦੀ ਰਿਹਾਈ ਦਾ ਹੁਕਮ ਦੇ ਦਿੱਤਾ ਹੈ ਤਾਂ ਕਿ ਇਸ ਤਰ੍ਹਾਂ ਦੇ ਲੋਕ ਹੀ ਉਸ ਦੀ ਅਖੌਤੀ ਰਾਸ਼ਟਰਵਾਦੀ ਨੀਤੀ ਨਾਲ ਸਹਿਮਤ ਹੋਣਗੇ। ਟਰੰਪ ਨੇ ਆਉਂਦਿਆਂ ਹੀ ਐਲਾਨ ਕਰ ਦਿੱਤਾ ਹੈ ਕਿ ਅਮਰੀਕਾ ਵਿਚ ਰਾਸ਼ਟਰਵਾਦ ਦੇ ਵਿਕਾਸ ਵਾਸਤੇ ਵਿਦਿਆਰਥੀਆਂ ਨੂੰ ਸਕੂਲਾਂ ਵਿਚ ਰਾਸ਼ਟਰਵਾਦ ਦਾ ਪਾਠ ਪੜ੍ਹਾਇਆ ਜਾਵੇਗਾ। ਉਨ੍ਹਾਂ ਨੇ ਇਹ ਵੀ ਐਲਾਨ ਕਰ ਦਿੱਤਾ ਕਿ ਖੱਬੇ-ਪੱਖੀ ਵਿਚਾਰਾਂ ਲਈ ਅਮਰੀਕਾ ਦੀ ਧਰਤੀ ’ਤੇ ਕੋਈ ਵੀ ਥਾਂ ਨਹੀਂ ਹੋਵੇਗੀ। ਟਰੰਪ ਨੇ ਆਉਂਦਿਆਂ ਹੀ ਬਾਇਡਨ ਦੇ 78 ਫ਼ੈਸਲਿਆਂ ਨੂੰ ਰੱਦ ਕਰ ਦਿੱਤਾ। ਅਠਾਰਾਂ ਹਜ਼ਾਰ ਗ਼ੈਰ-ਕਾਨੂੰਨੀ ਭਾਰਤੀਆਂ ਨੂੰ ਭਾਰਤ ਵਾਪਸ ਭੇਜਣ ਦਾ ਫ਼ੈਸਲਾ ਲੈ ਲਿਆ ਗਿਆ ਹੈ। ਇਸ ਫ਼ੈਸਲੇ ਲਈ ਭਾਰਤ ਸਰਕਾਰ ਨੇ ਵੀ ਹਾਮੀ ਭਰ ਦਿੱਤੀ ਹੈ। ਇਕ ਅਨੁਮਾਨ ਮੁਤਾਬਕ, ਅਮਰੀਕਾ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਆਉਣ ਵਾਲੇ ਪਰਵਾਸੀਆਂ ਦੀ ਗਿਣਤੀ 1.3 ਕਰੋੜ ਤੋਂ ਵੱਧ ਦੱਸੀ ਜਾਂਦੀ ਹੈ ਜਿਨ੍ਹਾਂ ਵਿਚ ਭਾਰਤੀਆਂ ਦਾ ਅਨੁਪਾਤ ਵੀ ਘੱਟ ਨਹੀਂ। ਟਰੰਪ ਨੇ ਐਲਾਨ ਤਾਂ ਕਰ ਦਿੱਤਾ ਹੈ। ਪ੍ਰਸ਼ਾਸਨ ਵੱਲੋਂ ਵੱਡੇ ਪੱਧਰ ’ਤੇ ਲੋਕਾਂ ਨੂੰ ਵਾਪਸ ਭੇਜਣ ਦੇ ਮੱਦੇਨਜ਼ਰ ਭਾਰਤ ਸਰਕਾਰ ਆਪਣੇ ਉਨ੍ਹਾਂ 18000 ਨਾਗਰਿਕਾਂ ਨੂੰ ਵਾਪਸ ਲੈਣ ਦੀ ਯੋਜਨਾ ’ਤੇ ਕੰਮ ਕਰਨ ਲੱਗ ਪਈ ਹੈ ਜਿਹੜੇ ਇਸ ਵੇਲੇ ਅਮਰੀਕਾ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਹਨ। ਅਮਰੀਕੀ ਥਿੰਕ ਟੈਂਕ ‘ਪਿਊ ਰਿਸਰਚ ਸੈਂਟਰ’ ਮੁਤਾਬਕ ਅਮਰੀਕਾ ਵਿਚ ਲਗਪਗ 7,25,000 ਅਜਿਹੇ ਭਾਰਤੀ ਪਰਵਾਸੀ ਹਨ ਜਿਹੜੇ ਬਿਨਾਂ ਦਸਤਾਵੇਜ਼ਾਂ ਤੋਂ ਉੱਥੇ ਟਿਕੇ ਹੋਏ ਹਨ। ਮੈਕਸੀਕੋ ਤੇ ਅਲ-ਸਲਵਾਡੋਰ ਤੋਂ ਬਾਅਦ ਇਹ ਤੀਜਾ ਸਭ ਤੋਂ ਵੱਡਾ ਗਰੁੱਪ ਹੈ। ਭਾਰਤ ਆਪਣੇ ਗ਼ੈਰ-ਨਿਯਮਤ ਨਾਗਰਿਕਾਂ ਕਾਰਨ ਹੋਣ ਵਾਲੀ ਸ਼ਰਮਿੰਦਗੀ ਤੋਂ ਬਚਣ ਦਾ ਰਾਹ ਤਲਾਸ਼ ਰਿਹਾ ਹੈ। ਇਹ ਇਕ ਤਰ੍ਹਾਂ ਦਾ ਅਪਮਾਨ ਹੀ ਹੈ ਜੋ ਭਾਰਤ ਨੂੰ ਸਹਿਣਾ ਪਏਗਾ। ਆਖ਼ਰਕਾਰ, ਟਰੰਪ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ‘ਪਿਆਰੇ ਮਿੱਤਰ ਜੋ ਹਨ, ਤੇ ਕਿਸੇ ਵੀ ਤਰ੍ਹਾਂ ਦੀ ਤਕਰਾਰ ਦੁਵੱਲੇ ਸਬੰਧਾਂ ਲਈ ਚੰਗੀ ਨਹੀਂ ਹੈ। ਇਸ ਨੂੰ ਸਵੀਕਾਰ ਕੇ ਹੀ ਅੱਗੇ ਵਧਿਆ ਜਾ ਸਕਦਾ ਹੈ।

ਟਰੰਪ ਨਾਲ ਦੋਸਤਾਨਾ ਸਬੰਧਾਂ ਦੇ ਬਾਵਜੂਦ ਮੋਦੀ ਸਰਕਾਰ ਕਥਿਤ ਤੌਰ ’ਤੇ ਕਿਸੇ ਵੀ ਅਣਕਿਆਸੀ ਅਮਰੀਕੀ ਕਾਰਵਾਈ ਤੋਂ ਸਾਵਧਾਨ ਹੈ ਜੋ ਵਪਾਰ ਯੁੱਧ ਦਾ ਕਾਰਨ ਬਣ ਸਕਦੀ ਹੈ। ਸਤਾਰਾਂ ਸਤੰਬਰ ਨੂੰ ਟਰੰਪ ਨੇ ਭਾਰਤ ਨੂੰ ਆਪਣੇ ਦੇਸ਼ ਨਾਲ ਵਪਾਰਕ ਸਬੰਧਾਂ ਦਾ ‘ਬਹੁਤ ਵੱਡਾ ਦੁਰਵਿਵਹਾਰ ਕਰਨ ਵਾਲਾ’ ਕਿਹਾ। ਉਨ੍ਹਾਂ ਨੇ ਭਾਰਤ ਦੇ ਉੱਚ ਆਯਾਤ ਟੈਕਸਾਂ ਦੀ ਆਲੋਚਨਾ ਕੀਤੀ ਅਤੇ ਜਵਾਬੀ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਹੈ। ਜਮਾਂਦਰੂ ਨਾਗਰਿਕਤਾ ਦਾ ਹੱਕ ਵੀ ਟਰੰਪ ਦੇ ਆਦੇਸ਼ ਨਾਲ ਖ਼ਤਮ ਕਰ ਦਿੱਤਾ ਗਿਆ ਹੈ।

ਇਨ੍ਹਾਂ ਵਿਵਾਦਤ ਕਦਮਾਂ ਦਾ ਪੂਰੇ ਅਮਰੀਕਾ ਵਿਚ ਜ਼ੋਰਦਾਰ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ। ਪਰਵਾਸੀ ਹੱਕਾਂ ਬਾਰੇ ਗਰੁੱਪ ਦੇ ਇਕ ਗੱਠਜੋੜ ਨੇ ਜਨਮ ਤੋਂ ਨਾਗਰਿਕਤਾ ਮਿਲਣ ਦੇ ਫ਼ੈਸਲੇ ’ਤੇ ਰੋਕ ਸਬੰਧੀ ਹੁਕਮ ਨੂੰ ਚੁਣੌਤੀ ਦਿੱਤੀ ਹੈ ਅਤੇ ਕਿਹਾ ਹੈ ਕਿ ਇਹ ਗ਼ੈਰ-ਸੰਵਿਧਾਨਕ ਹੈ। ਇਸ ਅਣਕਿਆਸੇ ਹੁਕਮ ਕਾਰਨ ਅਮਰੀਕਾ ਵਿਚ ਸਮਾਜ ਦੇ ਵੱਖ-ਵੱਖ ਤਬਕਿਆਂ ਵਿਚ ਭਾਰੀ ਰੋਸ ਅਤੇ ਘਬਰਾਹਟ ਪਾਈ ਜਾ ਰਹੀ ਹੈ। ਇਸ ਤੋਂ ਇਲਾਵਾ 22 ਸੂਬਿਆਂ ਦੇ ਅਟਾਰਨੀ ਜਨਰਲਾਂ ਨੇ ਵੀ ਦੋ ਸੰਘੀ ਜ਼ਿਲ੍ਹਾ ਅਦਾਲਤਾਂ ’ਚ ਹੁਕਮਾਂ ’ਤੇ ਰੋਕ ਲਈ ਟਰੰਪ ਖ਼ਿਲਾਫ਼ ਕੇਸ ਕੀਤਾ ਹੈ। ਉਕਤ ਤੋਂ ਸਾਫ਼ ਹੈ ਕਿ ਟਰੰਪ ਦੇ ਫ਼ੈਸਲਿਆਂ ਤੋਂ ਲੋਕ ਕਿੰਨੇ ਪਰੇਸ਼ਾਨ ਹਨ।







# ਬੱਚਿਆਂ ਦੇ ਮੂੰਹ ਵੱਲ ਤੱਕ ਕੇ ਆਸ ਲਗਾ ਰਹੇ ਨੇ ਵਿਦੇਸ਼ ਗਏ ਮਾਪੇ

ਡਾ. ਅੰਤਰਪ੍ਰੀਤ ਸਿੰਘ ਬੈਨੀਪਾਲ

ਪੰਜਾਬ ਦੇ ਰੁਝਾਨਾਂ ਵਿਚ ਇਹ ਆਮ ਦੇਖਣ ਨੂੰ ਮਿਲਦਾ ਹੈ ਕਿ ਜਦੋਂ ਔਲਾਦ ਜਵਾਨੀ ਪਹਿਰੇ ਵਿਚ ਆਉਂਦੀ ਹੈ ਤਾਂ ਮਾਪਿਆਂ ਦੇ ਸੁਪਨੇ ਉਸ ਦੇ ਦਿਲਚਸਪੀ ਵਾਲੇ ਪੇਸ਼ੇ ਨੂੰ ਭੁਲਾ ਕੇ ਉਸ ਨੂੰ ਵਿਦੇਸ਼ ਭੇਜਣ ਤੱਕ ਸੀਮਤ ਹੁੰਦੇ ਹਨ। ਦਰਅਸਲ, ਔਲਾਦ ਦੇ ਆਪਣੇ ਸੁਪਨਿਆਂ ਨੂੰ ਹੌਲੀ-ਹੌਲੀ ਕੇਵਲ ਦੇਸ਼ ਛੱਡ ਕੇ ਜਾਣ ਵੱਲ ਨੂੰ ਤਬਦੀਲ ਕਰ ਦਿੱਤਾ ਜਾਂਦਾ ਤੇ ਕਿਤੇ ਨਾ ਕਿਤੇ ਔਲਾਦ ਦਾ ਟੀਚਾ ਕੇਵਲ ਕਿਸੇ ਅੰਗਰੇਜ਼ੀ ਭਾਸ਼ਾ ਦੇ ਮਾਮੂਲੀ ਜਿਹੇ ਟੈਸਟ ਵਿਚ ਬੈਂਡ ਲੈਣ ਵਿਚ ਤਬਦੀਲ ਹੋ ਜਾਂਦਾ ਹੈ।

ਇਸ ਦੌਰਾਨ ਔਲਾਦ ਨੂੰ ਆਪਣੇ ਹੁਨਰ ਅਤੇ ਕਾਬਲੀਅਤ ਦਿਸਣੇ ਬੰਦ ਹੋ ਜਾਂਦੇ ਹਨ। ਔਲਾਦ ਅਤੇ ਮਾਪਿਆਂ ਨੇ ਅਜਿਹੇ ਅੰਗਰੇਜ਼ੀ ਭਾਸ਼ਾ ਦੇ ਟੈਸਟਾਂ ਨੂੰ ਹੀ ਕਾਬਲੀਅਤ ਅਤੇ ਡਿਗਰੀ ਦਾ ਦਰਜਾ ਦੇ ਦਿੱਤਾ। ਜੇਕਰ ਪਰਿਵਾਰ ਦਾ ਕੋਈ ਬੱਚਾ ਜਾਂ ਬੱਚੀ ਅਜਿਹੀ ਕਾਲਪਨਿਕ ਡਿਗਰੀ ਹਾਸਲ ਕਰ ਕੇ ਲੱਖਾਂ ਰੁਪਏ ਖ਼ਰਚ ਕੇ ਕਿਸੇ ਮਾਮੂਲੀ ਜਿਹੇ ਕੋਰਸ ਵਿਚ ਦਾਖ਼ਲ ਹੋ ਕੇ ਆਪਣੇ ਹੁਨਰ ਨੂੰ ਭੁਲਾ ਕੇ ਵਿਦੇਸ਼ ਚਲਾ ਜਾਂਦਾ ਹੈ ਤਾਂ ਇਸ ’ਤੇ ਮਾਪੇ ਬੇਹੱਦ ਮਾਣ ਮਹਿਸੂਸ ਕਰਦੇ ਹਨ। ਜਦਕਿ ਇਹ ਕੇਵਲ ਇਕ ਅੰਨ੍ਹਾ ਅਨੁਸਰਣ ਹੈ ਜਿਸ ਵਿਚ ਮਾਪੇ ਅਤੇ ਬੱਚੇ, ਆਪਣੇ-ਆਪ ਅਤੇ ਭਵਿੱਖ ਨੂੰ ਦੇਖ ਨਹੀਂ ਪਾਉਂਦੇ। ਅਸਲੀਅਤ ਇਹ ਹੈ ਕਿ ਮਾਪਿਆਂ ਦਾ ਟੀਚਾ ਹੀ ਔਲਾਦ ਨੂੰ ਵਿਦੇਸ਼ ਭੇਜਣ ਤੱਕ ਦਾ ਹੁੰਦਾ, ਬੇਗਾਨੇ ਦੇਸ਼ ’ਚ ਜਾ ਕੇ ਕਾਮਯਾਬੀ ਮਿਲੇ ਜਾਂ ਨਾ ਮਿਲੇ। ਹੁਣ ਵਿਦੇਸ਼ੀ ਕਾਮਯਾਬੀ ਦੀ ਵੀ ਪੰਜਾਬੀ ਮਾਪਿਆਂ ਦੀ ਆਪਣੀ ਪਰਿਭਾਸ਼ਾ ਹੈ-ਕਿ ਮੁੰਡਾ ਉੱਥੋਂ ਦਾ ਪੱਕਾ ਵਸਨੀਕ ਹੋ ਗਿਆ ਜਾਂ ਨਹੀਂ ਭਾਵ ਪੀਆਰ ਮਿਲ ਗਈ ਤਾਂ ਕਾਮਯਾਬ, ਨਹੀਂ ਤਾਂ ਸੰਘਰਸ਼। ਅਜਿਹਾ ਸਭ ਦੇਖ ਕੇ ਜਾਪਦਾ ਹੈ ਕਿ ਪੰਜਾਬੀ ਮਾਪਿਆਂ ਨੇ ਇਕ ਰੀਤ ਤੋਰ ਲਈ ਜਿਸ ਵਿਚ ਪਦਾਰਥਵਾਦ ਨੂੰ ਇਸ ਹੱਦ ਤੱਕ ਤਰਜੀਹ ਦਿੱਤੀ ਗਈ ਕਿ ਇਸ ਦੇ ਲਾਲਚ ਵਿਚ ਉਨ੍ਹਾਂ ਨੇ ਆਪਣੇ ਬੱਚੇ ਦੇ ਹੁਨਰ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਨ ਦੇ ਨਾਲ-ਨਾਲ ਉਸ ਦੇ ਸੁਪਨੇ ਹੀ ਬਦਲ ਦਿੱਤੇ। ਇਸ ਦੌਰਾਨ ਬੱਚਿਆਂ ਦੀ ਸ਼ਖ਼ਸੀਅਤ ਵਿਚ ਕਦਰਾਂ-ਕੀਮਤਾਂ ਦੇ ਸੰਕਲਪ ਦਾ ਤਾਂ ਵਜੂਦ ਹੀ ਨਹੀਂ ਰਿਹਾ। ਜਦੋਂ ਔਲਾਦ ਮਾਪਿਆਂ ਨੂੰ ਧੰਨਵਾਦ ਕਰਦੀ ਵਿਦੇਸ਼ ਨੂੰ ਰਵਾਨਾ ਹੋ ਜਾਂਦੀ ਹੈ ਤਾਂ ਉਸ ਦੀ ਜ਼ਿੰਦਗੀ ਦਾ ਇਕ ਨਵਾਂ ਪੜਾਅ ਸ਼ੁਰੂ ਹੁੰਦਾ ਹੈ। ਇਹ ਪੜਾਅ ਹੁੰਦਾ ਹੈ ਨਵੀਂ ਜਗ੍ਹਾ ’ਤੇ ਜ਼ਿੰਦਗੀ ਚੱਲਦੀ ਰੱਖਣ ਦਾ ਦਿਸ਼ਾਹੀਣ ਸੰਘਰਸ਼-ਜਿਸ ਨੂੰ ਚਲਾਉਂਦੇ-ਚਲਾਉਂਦੇ ਸੋਚ ਸੀਮਤ ਹੋ ਜਾਂਦੀ ਹੈ ਕਿ ਬਸ ਪੀਆਰ ਮਿਲ ਜਾਏ। ਇੱਥੇ ਇਹ ਸਪਸ਼ਟ ਕਰਨਾ ਵਾਜਬ ਹੋਵੇਗਾ ਕਿ ਜ਼ਰੂਰੀ ਨਹੀਂ ਕਿ ਹਰੇਕ ਪਰਵਾਸ ਕਰਨ ਵਾਲੇ ਬੱਚੇ ਅਤੇ ਉਸ ਦੇ ਮਾਪਿਆਂ ਨਾਲ ਇਹ ਸਭ ਹੋਵੇ ਪਰ ਬਹੁਤਾਤ ਵਿਚ ਪੰਜਾਬੀ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨਾਲ ਇਹੀ ਬੀਤ ਰਿਹਾ ਹੈ। ਕਿਵੇਂ ਨਾ ਕਿਵੇਂ ਅਜਿਹੇ ਬੱਚਿਆਂ ਵਿੱਚੋਂ ਬਹੁਤਾਤ ਵਿਚ ਬੱਚੇ ਪੱਕੇ ਨਿਵਾਸੀ ਬਣਨ ਦਾ ਟੀਚਾ ਹਾਸਲ ਕਰ ਹੀ ਲੈਂਦੇ ਨੇ।

ਤੇ ਹੁਣ ਸ਼ੁਰੂ ਹੁੰਦਾ ਉਨ੍ਹਾਂ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦੇ ਸੰਘਰਸ਼ ਦੇ ਬੂਰ ਦਾ ਸਮਾਂ। ਜਦੋਂ ਬੱਚੇ ਉੱਥੋਂ ਦੇ ਪੱਕੇ ਨਿਵਾਸੀ ਹੋ ਗਏ ਤਾਂ ਉਨ੍ਹਾਂ ਨੂੰ ਪਹਿਲਾਂ ਅਹਿਸਾਸ ਹੋਣਾ ਸ਼ੁਰੂ ਹੁੰਦਾ ਹੈ ਕਿ ਅੱਜ ਉਸ ਕੋਲ ਪੱਕੇ ਹੋਣ ਤੋਂ ਬਿਨਾਂ ਕੋਈ ਪ੍ਰਾਪਤੀ ਹੈ ਹੀ ਨਹੀਂ। ਕਿਤੇ ਨਾ ਕਿਤੇ ਮਨ ’ਚ ਸਵਾਲ ਉੱਠਣ ਲੱਗਦੇ ਨੇ ਕਿ ਪਰਿਵਾਰ ਤੋਂ ਦੂਰ ਰਹਿ ਕੇ ਕਾਹਦਾ ਸੰਘਰਸ਼ ਕੀਤਾ? ਦੂਜੇ ਮੁਲਕ ਵਿਚ ਪੱਕੇ ਹੋਣ ਲਈ? ਪੱਕੇ ਤਾਂ ਪਹਿਲਾਂ ਹੀ ਸੀ ਆਪਣੇ ਦੇਸ਼ ਵਿਚ ਜਿੱਥੇ ਜਨਮ ਹੋਇਆ। ਸ਼ਾਇਦ ਜੇ ਕਿਤੇ ਇੰਨੀ ਊਰਜਾ ਆਪਣੇ ਦੇਸ਼ ਵਿਚ ਰਹਿ ਕੇ ਕਿਸੇ ਪ੍ਰਤਿਭਾਸ਼ਾਲੀ ਦਿਸ਼ਾ ਵੱਲ ਲਗਾਈ ਹੁੰਦੀ ਤਾਂ ਸ਼ਾਇਦ ਇੰਨਾ ਬੇਬੁਨਿਆਦ ਸੰਘਰਸ਼ ਨਾ ਕਰਨਾ ਪੈਂਦਾ। ਪਰ ਇਸ ਬੇਬੁਨਿਆਦ ਸੰਘਰਸ਼ ਦੌਰਾਨ ਜ਼ਿੰਦਗੀ ਦੇ ਅਤਿ ਜ਼ਰੂਰੀ ਤੇ ਫ਼ੈਸਲਾਕੈਂਨ ਸਾਲ ਬਰਬਾਦ ਹੋ ਚੁੱਕੇ ਹੁੰਦੇ ਹਨ ਕਿ ਹੁਣ ਪਿੱਛੇ ਮੁੜ ਕੇ ਦੇਖਣਾ ਹੋਰ ਵੀ ਜੋਖ਼ਮ ਭਰਿਆ ਹੋ ਜਾਂਦਾ ਹੈ। ਅਜਿਹਾ ਇਸ ਲਈ ਕਿਉਂਕਿ ਆਪਣੇ ਅਤੇ ਆਪਣੇ ਮਾਪਿਆਂ ਦੇ ਲਏ ਫ਼ੈਸਲੇ ਨੂੰ ਇੰਨੇ ਸਾਲ ਬਰਬਾਦ ਕਰਨ ਤੋਂ ਬਾਅਦ ਗ਼ਲਤ ਕਹਿਣਾ ਸਮਾਜ ਅੱਗੇ ਬੇਹੱਦ ਸ਼ਰਮਨਾਕ ਮਹਿਸੂਸ ਹੁੰਦਾ ਹੈ। ਨਾਲ ਹੀ ਇਸ ਲੰਬੇ ਵਕਫ਼ੇ ਤੋਂ ਬਾਅਦ ਮੁੜ ਤੋਂ ਉੱਥੋਂ ਹੀ ਸ਼ੁਰੂਆਤ ਕਰਨਾ ਹੋਰ ਵੀ ਸੰਘਰਸ਼ਸ਼ੀਲ ਜਾਪਦਾ ਹੈ ਜਿਸ ਨੂੰ ਛੇਤੀ-ਛੇਤੀ ਸਮਾਜ ਵੀ ਕਬੂਲ ਨਹੀਂ ਕਰਨ ਦਿੰਦਾ। ਅਜਿਹੇ ਵਿਚ ਮਨ ਨੂੰ ਸਮਝਾਉਣਾ ਹੀ ਪੈਂਦਾ ਹੈ ਤੇ ਮਜਬੂਰੀ ਨੂੰ ਆਪਣੇ ਅੰਦਰ ਹੀ ਦਬਾਉਣਾ ਪੈਂਦਾ ਹੈ। ਇਹ ਤਾਂ ਸੀ ਬੱਚਿਆਂ ਨੂੰ ਸੋਝੀ ਆਉਣ ਵੇਲੇ ਦਾ ਸਮਾਂ, ਪਰ ਹਾਲੇ ਮਾਪਿਆਂ ਨੇ ਆਪਣੇ ਵੱਲੋਂ ਔਲਾਦ ’ਤੇ ਅਸਿੱਧੇ ਤੌਰ ’ਤੇ ਥੋਪੇ ਫ਼ੈਸਲਿਆਂ ਦਾ ਸਵਾਦ ਨਹੀਂ ਚੱਖਿਆ।

ਅਕਸਰ ਜਦੋਂ ਕੋਈ ਵੀ ਪਰਵਾਸ ਕਰ ਚੁੱਕੀ ਔਲਾਦ ਨੂੰ ਵਿਦੇਸ਼ ਵਿਚ ਪੀਆਰ ਹਾਸਲ ਹੋ ਜਾਂਦੀ ਹੈ ਤਾਂ ਮਾਪਿਆਂ ਦਾ ਇਸ਼ਾਰਾ ਵਿਆਹ ਵੱਲ ਇਹ ਸੋਚਦੇ ਹੋਏ ਕੀਤਾ ਜਾਂਦਾ ਹੈ ਕਿ ਹੁਣ ਉਨ੍ਹਾਂ ਦੀ ਔਲਾਦ ਸੈੱਟ ਹੋ ਗਈ ਹੈ ਤੇ ਯੋਗ ਰਿਸ਼ਤਾ ਕਰ ਕੇ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਈਆਂ ਜਾਣ। ਅਜਿਹੇ ਵਿਚ ਔਲਾਦ ਨੂੰ ਵੀ ਥੋੜ੍ਹਾ ਧਿਆਨ ਬਦਲਣ ਦਾ ਮੌਕਾ ਮਿਲ ਜਾਂਦਾ ਹੈ। ਵਿਆਹ ਹੋਣ ’ਤੇ ਮਹੀਨਾ ਕੁ ਸਾਰਿਆਂ ਦਾ ਬੇਹੱਦ ਖ਼ੁਸ਼ੀਆਂ ਵਿਚ ਨਿਕਲਦਾ ਹੈ ਕਿਉਂਕਿ ਇਕ ਤਾਂ ਵਿਆਹ ਦਾ ਮੌਕਾ ਤੇ ਦੂਜਾ ਬੱਚਿਆਂ ਦਾ ਮਾਪਿਆਂ ਨਾਲ ਮੇਲ। ਅਸਲੀਅਤ ਤੋਂ ਅਣਜਾਣ ਮਾਪਿਆਂ ਦਾ ਪੈਰ ਨਹੀਂ ਥੱਲੇ ਲੱਗਦਾ ਤੇ ਬਹੁਤਾ ਮਾਣ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਦੇ ਲਏ ਫ਼ੈਸਲੇ ਨੂੰ ਬੂਰ ਪਿਆ। ਓਧਰ ਹੁਣ ਔਲਾਦ ’ਤੇ ਹੋਰ ਵੀ ਦਬਾਅ ਵਧ ਜਾਂਦਾ ਹੈ ਕਿਉਂ ਜੋ ਜੀਵਨ ਸਾਥੀ ਨੂੰ ਵੀ ਸੰਭਾਲਣਾ ਹੈ, ਉਹ ਵੀ ਵਿਦੇਸ਼ੀ ਸੱਭਿਆਚਾਰ ਵਿਚ। ਇਸ ਤੋਂ ਬਾਅਦ ਵਿਦੇਸ਼ੀ ਘਰ ਵਿਚ ਉਸ ਮੁਲਕ ਦਾ ਨਾਗਰਿਕ ਬੱਚਾ ਜਨਮ ਲੈਂਦਾ ਹੈ ਤੇ ਹੁਣ ਵਾਰੀ ਆਉਂਦੀ ਹੈ ਮਾਪਿਆਂ ਦੀ। ਹੁਣ ਤੱਕ ਮਾਪਿਆਂ ਨੇ ਕੇਵਲ ਘੁੰਮ ਕੇ ਦੂਜਾ ਮੁਲਕ ਦੇਖਿਆ ਹੁੰਦਾ ਹੈ ਪਰ ਹੁਣ ਸਮਾਂ ਆਉਂਦਾ ਹੈ ਇਸ ਬੇਗਾਨੇ ਮੁਲਕ ਵਿਚ ਸਮਾਂ ਬਿਤਾਉਣ ਦਾ। ਦਰਅਸਲ, ਵਿਦੇਸ਼ ਵਿਚ ਘਰ ਬੈਠੇ ਨੂੰ ਖਾਣਾ ਨਹੀਂ ਮਿਲਦਾ-ਇਹ ਉੱਥੋਂ ਦਾ ਆਦਰਸ਼ ਹੈ। ਮਾਪਿਆਂ ਦੇ ਦੇਸ਼ ਦੀ ਮੁਦਰਾ ਨਾਲ ਇੱਥੋਂ ਦੀਆਂ ਲੋੜਾਂ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ ਤੇ ਆਰਥਿਕ ਤੌਰ ’ਤੇ ਵੀ ਮਾਪਿਆਂ ਨੂੰ ਬੱਚਿਆਂ ਦੇ ਮੂੰਹ ਵੱਲ ਤੱਕ ਕੇ ਆਸ ਲਗਾਉਣੀ ਪੈਂਦੀ ਹੈ ਜੋ ਕਿ ਸਿੱਧੇ ਤੌਰ ’ਤੇ ਆਰਥਿਕ ਗੁਲਾਮੀ ਵੱਲ ਇਸ਼ਾਰਾ ਹੁੰਦਾ ਹੈ।



ਨੂੰਹ-ਪੁੱਤ ਕੰਮ ’ਤੇ ਨਹੀਂ ਜਾਣਗੇ ਤਾਂ ਘਰ ਦੇ ਹਾਲਾਤ ਦਾ ਮਿਆਰ ਡਿੱਗਣਾ ਲਾਜ਼ਮੀ ਹੈ ਅਤੇ ਅਜਿਹੇ ਵਿਚ ਮਾਪੇ ਆਪਣੇ-ਆਪ ਨੂੰ ਅਣਡਿੱਠਾ ਕੀਤਾ ਮਹਿਸੂਸ ਕਰਨ ਲੱਗਦੇ ਹਨ ਜਿਸ ਕਰਕੇ ਹੌਲੀ-ਹੌਲੀ ਉਨ੍ਹਾਂ ਦਾ ਇਸ ਮੁਲਕ ਵਿਚ ਜੀਅ ਲੱਗਣੋਂ ਹਟ ਜਾਂਦਾ ਹੈ। ਉਹ ਮਾਪੇ ਜਿਨ੍ਹਾਂ ਨੇ ਆਪਣੇ ਦੇਸ਼ ਵਿਚ ਪੂਰੀ ਆਜ਼ਾਦੀ ਮਾਣ ਕੇ ਆਪਣੇ ਬਚਪਨ ਤੋਂ ਲੈ ਕੇ ਜਵਾਨੀ ਦੇ ਅੰਤ ਤੱਕ ਜ਼ਿੰਦਗੀ ਨੂੰ ਆਨੰਦ ਨਾਲ ਮਾਣਿਆ ਸੀ, ਅੱਜ ਇਕ ਅਜਿਹੀ ਜਗ੍ਹਾ ਆਣ ਕੇ ਕਮਰੇ ਵਿਚ ਤਾੜੇ ਗਏ ਜਿੱਥੇ ਉਨ੍ਹਾਂ ਦਾ ਸਮਾਜਿਕ ਤਾਣਾ- ਬਾਣਾ ਮੌਜੂਦ ਨਹੀਂ ਤੇ ਉਹ ਵੀ ਜ਼ਿੰਦਗੀ ਦੇ ਅਜਿਹੇ ਪੜਾਅ ਵਿਚ ਜਦੋਂ ਉਨ੍ਹਾਂ ਦੇ ਬੁਢਾਪੇ ਦੀ ਸ਼ੁਰੂਆਤ ਹੈ। ਬੜੇ ਚਾਅ ਨਾਲ ਵਿਦੇਸ਼ ਆਏ ਮਾਪਿਆਂ ਨੂੰ ਦਿਨਾਂ ਵਿਚ ਹੀ ਜ਼ਿੰਦਗੀ ਸਜ਼ਾ ਜਾਪਣ ਲੱਗ ਜਾਂਦੀ ਹੈ। ਜਾਪੇ ਵੀ ਕਿਉਂ ਨਾ, ਜਿਹਨੇ ਸਾਰੀ ਉਮਰ ਇਕ ਖੁੱਲ੍ਹੇ ਮਾਹੌਲ ਵਿਚ ਹੰਢਾਈ ਹੋਵੇ ਤੇ ਅਚਾਨਕ ਉਸ ਨੂੰ ਕਿਸੇ ਹੋਰ ਮੁਲਕ ਦੇ ਸਿਸਟਮ ਅਨੁਸਾਰ ਢਲਣਾ ਪੈ ਜਾਵੇ ਤਾਂ ਸਜ਼ਾ ਮੰਨਣਾ ਵਾਜਬ ਹੀ ਹੈ। ਮਾਂ ਦੀ ਮੁੱਖ ਜ਼ਿੰਮੇਵਾਰੀ ਛੋਟੇ ਬੱਚੇ ਨੂੰ ਸਾਂਭਣ ਤੋਂ ਲੈ ਕੇ ਘਰ ਦੇ ਹਰ ਉਹ ਕੰਮ ਕਰਨ ਦੀ ਮੱਲੋਮੱਲੀ ਬਣ ਜਾਂਦੀ ਹੈ ਜੋ ਆਪਣੇ ਦੇਸ਼ ਵਿਚ ਘਰੇਲੂ ਔਰਤਾਂ ਚਾਅ ਨਾਲ ਕਰਦੀਆਂ ਸਨ ਜਾਂ ਘਰ ਵਿਚ ਨੌਕਰਾਣੀਆਂ ਕਰਦੀਆਂ ਸਨ। ਇਸੇ ਤਰ੍ਹਾਂ ਪਿਤਾ ਦੀ ਡਿਊਟੀ ਨਿੱਕੇ ਬੱਚਿਆਂ ਨੂੰ ਸਕੂਲ, ਪਾਰਕ ਆਦਿ ਲਿਜਾਣ ਤੋਂ ਲੈ ਕੇ ਘਰ ’ਚ ਲੋੜੀਂਦੀਆਂ ਵਸਤਾਂ ਦਾ ਪ੍ਰਬੰਧ ਕਰਨ ਦੀ ਲੱਗਦੀ ਹੈ। ਆਪਣੇ ਦੇਸ਼ ਵਿਚ ਭਾਵੇਂ ਮੀਆਂ-ਬੀਵੀ ’ਚ ਅਣਬਣ ਹੀ ਰਹਿੰਦੀ ਹੋਵੇ ਪਰ ਹੁਣ ਦੋਵਾਂ ਨੂੰ ਇਕ-ਦੂਜੇ ਦਾ ਸਹਾਰਾ ਬਣ ਕੇ ਜੀਣਾ ਪੈਂਦਾ ਹੈ। ਜੀਅ ਤਾਂ ਕਰਦਾ ਕਿ ਨੂੰਹ-ਪੁੱਤ ਨੂੰ ਆਖ ਦੇਈਏ ਕਿ ਸਾਨੂੰ ਵਾਪਸ ਭੇਜ ਦਿਉ ਪਰ ਦੂਜੇ ਪਾਸੇ ਪੋਤੇ/ਪੋਤੀ ਦਾ ਮੋਹ ਅਜਿਹਾ ਕਰਨ ਤੋਂ ਰੋਕ ਦਿੰਦਾ ਹੈ ਕਿਉਂਕਿ ਇੰਜ ਜਾਪਦਾ ਹੈ ਕਿ ਜੇਕਰ ਅਸੀਂ ਵੀ ਕੋਲ ਨਾ ਰਹੇ ਤਾਂ ਇਹ ਨਵੀਂ ਪੀੜ੍ਹੀ ਰੁਲ ਜਾਵੇਗੀ ਤੇ ਨਾ ਹੀ ਵਾਪਸ ਜਾ ਕੇ ਔਲਾਦ ਨਾਲ ਰਹਿਣ ਦਾ ਮੌਕਾ ਮਿਲਣਾ। ਬਸ, ਇਸ ਉਮੀਦ ’ਚ ਕੱਟੀ ਜਾਂਦੇ ਹਨ ਕਿ ਸ਼ਾਇਦ ਹਾਲਾਤ ਅੱਜ ਨਾਲੋਂ ਬਿਹਤਰ ਹੋ ਜਾਣ। ਇਸ ਦੇ ਨਾਲ ਹੀ ਜੇ ਕੋਈ ਵਾਪਸ ਜਾਣ ਦੀ ਫਰਿਆਦ ਰੱਖਦਾ ਤਾਂ ਘਰੇਲੂ ਹਾਲਾਤ ਨੂੰ ਮੂਹਰੇ ਰੱਖਿਆ ਜਾਂਦਾ ਕਿ ਕਿਸੇ ਇਕ ਨੂੰ ਕੰਮ ਛੱਡ ਕੇ ਬੱਚੇ ਸਾਂਭਣੇ ਪੈਣੇ ਹਨ ਤਾਂ ਘਰੇਲੂ ਮਿਆਰ ਡਿੱਗ ਜਾਵੇਗਾ ਜਿਸ ਦੇ ਜ਼ਿੰਮੇਵਾਰ ਮਾਪਿਆਂ ਨੂੰ ਮੰਨਿਆ ਜਾਵੇਗਾ।

ਅਜਿਹੇ ਵਿਚ ਮਨ ਨੂੰ ਸ਼ਾਂਤ ਕਰਨ ਲਈ ਪਾਰਕਾਂ ਅਦਿ ਵਿਚ ਆਪਣੇ ਹਮਉਮਰਾਂ ਨਾਲ ਮੁਲਾਕਾਤਾਂ ਹੁੰਦੀਆਂ ਤੇ ਦੁੱਖ-ਸੁੱਖ ਸਾਂਝੇ ਹੋ ਜਾਂਦੇ ਨੇ ਪਰ ਘਰ ਵਿਚ ਆਣ ਕੇ ਫਿਰ ਤੋਂ ਸਭ ਮਜਬੂਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੀਆਂ ਤਾਂ ਫਿਰ ਵੀ ਘਰੋਂ ਬਾਹਰ ਘੁੰਮ-ਫਿਰ ਆਉਂਦਾ ਹੈ ਕਿਸੇ ਕੰਮ ਕਰਕੇ ਪਰ ਬੀਵੀ ਦੀ ਹਾਲਤ ਦਿਨ-ਬ-ਦਿਨ ਨੌਕਰਾਣੀ ਵਾਲੀ ਬਣਦੀ ਜਾਂਦੀ ਹੈ। ਵੇਲੇ-ਕੁਵੇਲੇ ਬਹੁਤ ਥੋੜ੍ਹੇ ਸਮੇਂ ਲਈ ਆਪਣੇ ਦੇਸ਼ ਜਾਣ ਦਾ ਮੌਕਾ ਦਿੱਤਾ ਜਾਂਦਾ ਪਰ ਪੋਤੇ/ਪੋਤੀ ਦਾ ਹਵਾਲਾ ਦੇ ਕੇ ਮੁੜਨਾ ਹੀ ਪੈਂਦਾ।

### ਗ਼ਲਤ ਫ਼ੈਸਲਿਆਂ ਦਾ ਨਤੀਜਾ

ਬੁਢਾਪੇ ਤੇ ਨਿਰਾਸ਼ਾ ਦੇ ਇਸ ਦੌਰ ਵਿਚ ਹੁਣ ਮਜਬੂਰੀ ਵਾਲਾ ਪੜਾਅ ਚੱਲ ਪੈਂਦਾ ਹੈ ਤੇ ਇਸ ਘੁਟਣ ਵਿਚ ਮਾਪਿਆਂ ਦਾ ਬੱਚਿਆਂ ਨਾਲ ਮੋਹ ਘਟਣਾ ਸ਼ੁਰੂ ਹੋ ਜਾਂਦਾ ਹੈ ਤੇ ਪਰਵਾਸ ਕਰਨ ਵਾਲੇ ਫ਼ੈਸਲੇ ਨੂੰ ਜ਼ਿੰਦਗੀ ਦਾ ਸਭ ਤੋਂ ਗ਼ਲਤ ਫ਼ੈਸਲਾ ਮੰਨਿਆ ਜਾਣ ਲੱਗਦਾ ਹੈ। ਜਿਉਂ-ਜਿਉਂ ਪੋਤਾ/ਪੋਤੀ ਵੱਡੇ ਹੁੰਦੇ ਜਾਂਦੇ ਨੇ, ਤਿਵੇਂ-ਤਿਵੇਂ ਮਾਪਿਆਂ ਤੇ ਬੱਚਿਆਂ ਵਿਚ ਵਖਰੇਵੇਂ ਵੀ ਵਧਣ ਲੱਗਦੇ ਨੇ। ਪੋਤਾ-ਪੋਤੀ ਵੀ ਉੱਥੋਂ ਦੇ ਸੱਭਿਆਚਾਰ ਵਿਚ ਘੁਲ-ਮਿਲ ਜਾਂਦੇ ਨੇ ਤੇ ਉਹ ਵੀ ਤਵੱਜੋਂ ਦੇਣੋਂ ਹਟ ਜਾਂਦੇ ਨੇ।

ਹੁਣ ਮਾਪਿਆਂ ਕੋਲ ਗੁਆਉਣ ਲਈ ਕੁਝ ਨਹੀਂ ਬਚਦਾ। ਘੁਟ ਕੇ ਰਹਿਣ ਦੀ ਆਦਤ ਵੀ ਲਗਪਗ ਪੈ ਚੁੱਕੀ ਹੁੰਦੀ ਹੈ ਪਰ ਇਕ ਅਹਿਮ ਅਹਿਸਾਸ ਜ਼ਿਹਨ ਅੰਦਰ ਹੋਣ ਲੱਗਦਾ ਹੈ ਆਪਣੇ ਬੱਚਿਆਂ ਨੂੰ ਬਿਨਾਂ ਕਿਸੇ ਏਜੰਡੇ ਦੇ ਵਿਦੇਸ਼ ਭੇਜ ਕੇ ਆਪਣੇ ਹੱਥੀਂ ਆਪਣੀ ਜ਼ਿੰਦਗੀ ਨਰਕ ਬਣਾ ਕੇ ਬੁਢਾਪਾ ਰੋਲ਼ ਲਿਆ। ਐਸਾ ਨਹੀਂ ਕਿ ਹਰ ਘਰ ਦੀ ਇਹੀ ਕਹਾਣੀ ਹੈ ਪਰ ਪੰਜਾਬ ਦੇ ਬਹੁਤ ਸਾਰੇ ਅਜਿਹੇ ਘਰ ਹਨ ਜਿਨ੍ਹਾਂ ਦੇ ਜੀਆਂ ਨੇ ਅਜਿਹੇ ਗ਼ਲਤ ਫ਼ੈਸਲਿਆਂ ਦਾ ਨਤੀਜਾ ਭੁਗਤਿਆ ਤੇ ਭੁਗਤ ਰਹੇ ਨੇ।

# ਡੋਨਾਲਡ ਟਰੰਪ ਲਈ ਚੁਣੌਤੀ ਬਣੇ ਬ੍ਰਿਕਸ ਮੁਲਕ, ਡਾਲਰ ਲਈ ਮੁਸੀਬਤ ਬਣ ਸਕਦੀ ਹੈ ਨਵੀਂ ਕਰੰਸੀ

ਨਵੀਂ ਦਿੱਲੀ- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਲਗਾਤਾਰ ਭਾਰਤ ਅਤੇ ਚੀਨ ਸਮੇਤ ਕਈ ਦੇਸ਼ਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਭਾਰਤ ਸਮੇਤ ਸਾਰੇ ਬ੍ਰਿਕਸ ਦੇਸ਼ਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਹ ਅਮਰੀਕੀ ਡਾਲਰ ਦੀ ਬਜਾਏ ਕਿਸੇ ਵਿਕਲਪਿਕ ਮੁਦਰਾ ਵਿੱਚ ਲੈਣ-ਦੇਣ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਉਨ੍ਹਾਂ 'ਤੇ 100 ਪ੍ਰਤੀਸ਼ਤ ਟੈਕਸ ਲਗਾਇਆ ਜਾਵੇਗਾ। ਅਜਿਹਾ ਕਰਨ ਵਾਲਿਆਂ ਨੂੰ ਅਮਰੀਕੀ ਬਾਜ਼ਾਰ ਤੋਂ ਬਾਹਰ ਰੱਖਿਆ ਜਾਵੇਗਾ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ 'ਤੇ ਲਿਖਿਆ,"ਜੇ ਬ੍ਰਿਕਸ ਦੇਸ਼ ਡਾਲਰ ਦੇ ਬਦਲ ਵਜੋਂ ਇੱਕ ਬਦਲਵੀਂ ਮੁਦਰਾ ਬਣਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਉਨ੍ਹਾਂ ਨੂੰ 100 ਪ੍ਰਤੀਸ਼ਤ ਤੱਕ ਦੇ ਟੈਰਿਫ ਦਾ ਸਾਹਮਣਾ ਕਰਨਾ ਪੈ ਸਕਦਾ ਹੈ।" ਅਜਿਹਾ ਕਰਨ ਵਾਲਿਆਂ ਨੂੰ ਅਮਰੀਕੀ ਬਾਜ਼ਾਰ ਤੋਂ ਵੀ ਬਾਹਰ ਰੱਖਿਆ ਜਾਵੇਗਾ। ਹੁਣ ਮੈਂ ਕਿਸੇ ਵੀ ਦੇਸ਼ ਨੂੰ ਡਾਲਰ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਨੂੰ ਬਰਦਾਸ਼ਤ ਨਹੀਂ ਕਰਾਂਗਾ। ਇਸ ਲਈ, ਇਹ ਮਹੱਤਵਪੂਰਨ ਹੈ ਕਿ ਅਜਿਹੇ ਦੇਸ਼ ਇਹ ਵਾਅਦਾ ਕਰਨ ਕਿ ਉਹ ਨਾ ਤਾਂ ਬ੍ਰਿਕਸ ਮੁਦਰਾ ਬਣਾਉਣਗੇ ਅਤੇ ਨਾ ਹੀ ਲੈਣ-ਦੇਣ ਵਿੱਚ ਡਾਲਰ ਦੀ ਥਾਂ ਕਿਸੇ ਹੋਰ ਮੁਦਰਾ ਦੀ ਵਰਤੋਂ ਕਰਨਗੇ। ਜੇਕਰ ਅਜਿਹਾ ਹੁੰਦਾ ਹੈ ਤਾਂ ਉਨ੍ਹਾਂ ਨੂੰ ਅਮਰੀਕਾ ਨੂੰ ਅਲਵਿਦਾ ਕਹਿਣਾ ਪਵੇਗਾ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਦਸੰਬਰ 2024 ਵਿੱਚ, ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਡਾਲਰ ਦੀ ਬਜਾਏ ਕਿਸੇ ਹੋਰ ਮੁਦਰਾ ਨੂੰ ਚੁਣਿਆ ਗਿਆ ਤਾਂ ਇਸਦੇ ਗੰਭੀਰ ਨਤੀਜੇ ਭੁਗਤਣ ਦੀ ਚਿਤਾਵਨੀ ਦਿੱਤੀ ਸੀ।

### ਵਿਦੇਸ਼ ਮੰਤਰੀ ਨੇ ਸਪੱਸ਼ਟ ਕੀਤਾ

ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਭਾਰਤ ਅਮਰੀਕੀ ਡਾਲਰ ਨੂੰ ਬਦਲਣ ਦਾ ਸਮਰਥਨ ਨਹੀਂ ਕਰਦਾ। ਨਾ ਹੀ ਇਹ ਇਸਦੇ ਹੱਕ ਵਿੱਚ ਹੈ। ਭਾਰਤ ਆਪਣੇ ਵਪਾਰਕ ਹਿੱਤਾਂ ਦੀ ਰੱਖਿਆ ਲਈ ਸਿਰਫ਼ ਵਿਕਲਪਿਕ ਹੱਲ ਲੱਭ ਰਿਹਾ ਹੈ।



### ਕਿੰਨਾ ਸ਼ਕਤੀਸ਼ਾਲੀ ਹੈ ਬ੍ਰਿਕਸ

ਬ੍ਰਿਕਸ ਦਾ ਅਰਥ ਹੈ ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ। ਹਾਲਾਂਕਿ, ਹੁਣ ਮਿਸ ਇਥੋਪੀਆ, ਇੰਡੋਨੇਸ਼ੀਆ, ਈਰਾਨ ਅਤੇ ਯੂਏਈ ਵੀ ਇਸ ਸਮੂਹ ਵਿੱਚ ਸ਼ਾਮਲ ਹੋ ਗਏ ਹਨ। ਸਾਲ 2024 ਵਿੱਚ ਹੋਈ ਬ੍ਰਿਕਸ ਕਾਨਫਰੰਸ ਵਿੱਚ, 13 ਹੋਰ ਦੇਸ਼ ਵੀ ਅਸਥਾਈ ਮੈਂਬਰ ਬਣੇ ਹਨ।

### ਕੀ ਚਾਹੁੰਦੇ ਹਨ ਬ੍ਰਿਕਸ ਦੇਸ਼

ਬ੍ਰਿਕਸ ਦੇਸ਼ ਡਾਲਰ 'ਤੇ ਨਿਰਭਰਤਾ ਘਟਾਉਣਾ ਚਾਹੁੰਦੇ ਹਨ। ਇਹ ਸਾਲ 2023 ਹੈ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਬ੍ਰਿਕਸ ਸੰਮੇਲਨ ਵਿੱਚ ਕਿਹਾ ਕਿ ਹੁਣ ਸਾਨੂੰ ਰਾਸ਼ਟਰੀ ਮੁਦਰਾਵਾਂ ਵਿੱਚ ਵਪਾਰ ਵਧਾਉਣਾ ਚਾਹੀਦਾ ਹੈ। ਇਸਦਾ ਸਮਰਥਨ 2024 ਵਿੱਚ ਵੀ ਕੀਤਾ ਗਿਆ ਸੀ।

### ਕਿਉਂ ਤਣਾਅ ਵਿੱਚ ਹੈ ਟਰੰਪ

ਦਰਅਸਲ, ਸਾਲ 2023 ਤੋਂ ਪਹਿਲਾਂ, ਤੇਲ ਦਾ 100 ਪ੍ਰਤੀਸ਼ਤ ਵਪਾਰ ਡਾਲਰਾਂ ਵਿੱਚ ਹੁੰਦਾ ਸੀ, ਪਰ ਹੁਣ ਇਹ ਘੱਟ ਕੇ 80 ਪ੍ਰਤੀਸ਼ਤ ਰਹਿ ਗਿਆ ਹੈ। ਤੇਲ ਵਪਾਰ ਵਿੱਚ ਡਾਲਰ ਦੇ 80 ਪ੍ਰਤੀਸ਼ਤ ਤੱਕ ਡਿੱਗਣ ਦਾ ਕਾਰਨ ਅਮਰੀਕਾ ਵੱਲੋਂ ਚੀਨ ਅਤੇ ਰੂਸ 'ਤੇ ਲਗਾਈਆਂ ਗਈਆਂ ਪਾਬੰਦੀਆਂ ਹਨ।

ਅਮਰੀਕੀ ਪਾਬੰਦੀਆਂ ਕਾਰਨ, ਦੋਵੇਂ ਦੇਸ਼ ਆਪਣੀਆਂ ਮੁਦਰਾਵਾਂ ਵਿੱਚ ਅੰਤਰਰਾਸ਼ਟਰੀ ਵਪਾਰ ਵੀ ਕਰ ਰਹੇ ਹਨ। ਦੋਵੇਂ ਦੇਸ਼ ਬ੍ਰਿਕਸ ਦਾ ਹਿੱਸਾ ਹਨ। ਇਸੇ ਲਈ ਇਹ ਪ੍ਰਸਤਾਵ ਰੱਖਿਆ ਜਾ ਰਿਹਾ ਹੈ ਕਿ ਬ੍ਰਿਕਸ ਦੀ ਆਪਣੀ ਮੁਦਰਾ ਹੋਣੀ ਚਾਹੀਦੀ ਹੈ ਤਾਂ ਜੋ ਅਮਰੀਕਾ 'ਤੇ ਦਬਾਅ ਪਾਇਆ ਜਾ ਸਕੇ।

ਡੋਨਾਲਡ ਟਰੰਪ ਜਾਣਦੇ ਹਨ ਕਿ ਜੇਕਰ ਬ੍ਰਿਕਸ ਦੇਸ਼ ਇੱਕ ਵਿਕਲਪਿਕ ਮੁਦਰਾ ਚੁਣਦੇ ਹਨ, ਤਾਂ ਡਾਲਰ ਦੀ ਵਰਤੋਂ ਵਿੱਚ ਭਾਰੀ ਗਿਰਾਵਟ ਆ ਸਕਦੀ ਹੈ।

### ਕਿੰਨੀ ਗੰਭੀਰ ਹੈ ਟਰੰਪ ਦੀ ਧਮਕੀ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ 'ਅਮਰੀਕਾ ਨੂੰ ਦੁਬਾਰਾ ਮਹਾਨ ਬਣਾਉਣ' ਦਾ ਵਾਅਦਾ ਕਰਦੇ ਹੋਏ ਸੱਤਾ ਵਿੱਚ ਵਾਪਸ ਆਏ ਹਨ।

ਅਜਿਹੀ ਸਥਿਤੀ ਵਿੱਚ, ਟਰੰਪ ਡਾਲਰ ਦੀ ਮਜ਼ਬੂਤੀ ਬਣਾਈ ਰੱਖਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਉਹ ਮੈਕਸੀਕੋ 'ਤੇ 25 ਪ੍ਰਤੀਸ਼ਤ ਟੈਰਿਫ ਲਗਾ ਕੇ ਸ਼ੁਰੂਆਤ ਕਰ ਰਹੇ ਹਨ।

# Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Harpreet Singh Padam 510-695-6435

Gurpreet Singh Padam 510-962-2593

email: padambuilders@gmail.com

Licensed # 1019803


Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ


Harpreet Singh Padam

3143 ARDEN ROAD, HAYWARD, CA- 94545


# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

**ਸਾਡੀ ਵਿਸ਼ੇਸਤਾ**

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138

# AAA AUTO AND BODY WORKS INC.

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ, ਪੇਂਟਿੰਗ/ਡੈਂਟਿੰਗ ਦਾ ਕੰਮ।

ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।

24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ

(Towing Facility Available)

ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



ਜਸਬੀਰ ਸਿੰਘ ਤੱਖਰ

510-755-2132

593 Industrial PKWY West
Hayward, CA 94544

# CALIFORNIA IMMIGRATION SERVICES INC.

CISI

Your Registered & Bonded 'Immigration-Consultants'



ROSY (Kanwal) KAUR
Immigration Consultant

408-422-8585
510-573-3666

website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377

# TASTE OF INDIA

**specialist- Gurh Dee Barfee, Gurh Diyaan Jalebian**

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ




ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ

lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# Quick Lube & Smog

OFFICIAL LAMP ADJUSTING STATION — OFFICIAL BRAKE ADJUSTING STATION

**Auto repair, Diagnostics & Smog Check Station**

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

**SUKHWINDER BHELLA**

510-757-6775 gogibhella@gmail.com

# TENNYSON AUTO

**Car Sale Service and Repair**

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544



# GRAND OPENING FAIRWAY AUTO CENTRE BODY SHOP

ਸੋਮਵਾਰ ਤੋਂ ਸ਼ੁੱਕਰਵਾਰ 9 ਤੋਂ 5, ਸ਼ਨਿਚਰਵਾਰ ਨੂੰ 9 ਤੋਂ 2 ਵਜੇ ਤੱਕ

ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖ਼ਸ਼ ਤੇ ਤਜਰਬੇਕਾਰ ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ

Our Expertise Services.. As offers below

15% Off Any Selected Servises Until January 30, 2025

* All Accicents Insurance Claims are accepted it.
* Repairs Fiber Glasses for Trucks & Cars.
* Straighten Frames & Scratch Removal from cars
* Build Customs Design Cars per cust
* Replace Brakes & Rooters for cars
* Engine Lights & Car Maintenances
* Body Repairs & Paint Restoration

Our Services Hours
Monday to Friday (9:00 AM to 5:00 PM)
Saturday 9:00 AM to 2:00 PM and Sunday (Closed)



Gurdial Aujla
510-552-0856

1620 doolittle Dr, San Leandro, CA 94577
510-538-2983
Email: 1fairwayautocenter@gmail.com

# Moon Indian Cuisine

MOON indian cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਠੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100-1000 ਬੰਦਿਆਂ ਤੱਕ ਵੱਡੀ ਤੋਂ ਵੱਡੀ ਪਾਰਟੀ ਲਈ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

**Over 30 Years Experience in Restaurant & Catering Business**

## ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Contact: (Paul) 510-978-7170
www.moonindiancuisine.net

# ਪਰਮਾਣੂ ਪਰਿਵਾਰਾਂ ਦਾ ਰੁਝਾਨ ਸਮਾਜਿਕ ਨੈਤਿਕਤਾ ਨੂੰ ਸਿਊਂਕ ਵਾਂਗ ਖਾ ਰਿਹਾ ਹੈ



ਪ੍ਰਿਅੰਕਾ ਸੌਰਭ

ਪਰਮਾਣੂ ਪਰਿਵਾਰਾਂ ਦੇ ਵਧ ਰਹੇ ਪ੍ਰਭਾਵ, ਜਿਸ ਵਿੱਚ ਮਾਤਾ-ਪਿਤਾ ਅਤੇ ਬੱਚਿਆਂ ਦੇ ਛੋਟੇ ਪਰਿਵਾਰ ਸ਼ਾਮਲ ਹਨ, ਨੇ ਸਮੂਹ ਦੇ ਆਪਣੇ ਪਰਿਵਾਰ, ਖਾਸ ਤੌਰ 'ਤੇ ਕਦਰਾਂ-ਕੀਮਤਾਂ ਨੂੰ ਉਭਾਰਨ ਵਿੱਚ ਇਸ ਦੇ ਰਵਾਇਤੀ ਕਾਰਜ ਨੂੰ ਕਾਫ਼ੀ ਉਤਸ਼ਾਹਿਤ ਕੀਤਾ ਹੈ। ਸ਼ਹਿਰੀਕਰਨ, ਵਿੱਤੀ ਦਬਾਅ ਅਤੇ ਵਿਅਕਤੀਵਾਦੀ ਜੀਵਨਸ਼ੈਲੀ ਦੁਆਰਾ ਸੰਚਾਲਿਤ ਇਸ ਤਬਦੀਲੀ ਨੇ ਕਦਰਾਂ-ਕੀਮਤਾਂ ਨੂੰ ਤਬਦੀਲ ਕਰਨ ਦੇ ਤਰੀਕੇ ਨੂੰ ਬਦਲ ਦਿੱਤਾ ਹੈ। ਜਦੋਂ ਕਿ ਪਰਮਾਣੂ ਪਰਿਵਾਰ ਸੁਤੰਤਰਤਾ ਅਤੇ ਵਿਅਕਤੀਗਤ ਵਿਕਾਸ ਦੀ ਇਜਾਜ਼ਤ ਦਿੰਦੇ ਹਨ, ਉਹਨਾਂ ਨੂੰ ਸੱਭਿਆਚਾਰਕ, ਨੈਤਿਕ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਸੰਚਾਰਿਤ ਕਰਨ ਵਿੱਚ ਵੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਪਹਿਲਾਂ ਵਿਸਤ੍ਰਿਤ ਆਪਣੇ ਪਰਿਵਾਰਕ ਢਾਂਚੇ ਦੁਆਰਾ ਸੀਮੇਂਟ ਕੀਤੇ ਗਏ ਸਨ। ਕਦਰਾਂ-ਕੀਮਤਾਂ ਨੂੰ ਪੈਦਾ ਕਰਨ ਲਈ ਇੱਕ ਸੰਸਥਾ ਵਜੋਂ ਪਰਿਵਾਰ ਉੱਤੇ ਪ੍ਰਭਾਵ ਮੁੱਲ ਪ੍ਰਸਾਰਣ ਵਿੱਚ ਵਿਸਤ੍ਰਿਤ ਪਰਿਵਾਰ ਦੀ ਭੂਮਿਕਾ ਘੱਟ ਗਈ ਹੈ।

ਪਰੰਪਰਾਗਤ ਸੰਯੁਕਤ ਪਰਿਵਾਰਾਂ ਵਿੱਚ, ਦਾਦਾ-ਦਾਦੀ, ਚਾਚੇ ਅਤੇ ਮਾਸੀ ਕਹਾਣੀ ਸੁਣਾਉਣ, ਸਲਾਹ ਦੇਣ ਅਤੇ ਸਮੂਹਿਕ ਕਦਰਾਂ-ਕੀਮਤਾਂ ਜਿਵੇਂ ਕਿ ਬਜ਼ੁਰਗਾਂ ਨੂੰ ਪਛਾਣ ਦੀ ਭਾਵਨਾ ਅਤੇ ਨੈੱਟਵਰਕ ਪੈਦਾ ਕਰਨ ਵਿੱਚ ਮਹੱਤਵਪੂਰਨ ਭੂਮਿਕਾਵਾਂ ਨਿਭਾਉਂਦੇ ਹਨ। ਪਰਮਾਣੂ ਪਰਿਵਾਰਾਂ ਦੇ ਨਾਲ, ਇਹ ਅੰਤਰ-ਪੀੜ੍ਹੀ ਬੰਧਨ ਕਮਜ਼ੋਰ ਹੋ ਗਿਆ ਹੈ, ਵੱਖ-ਵੱਖ ਦ੍ਰਿਸ਼ਟੀਕੋਣਾਂ ਦੇ ਬੱਚਿਆਂ ਦੇ ਐਕਸਪੋਜਰ ਨੂੰ ਸੀਮਤ ਕਰਦਾ ਹੈ। ਕਨਫਿਊਸ਼ਸ ਨੇ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਨੇਕੀ ਦੀ ਪਹਿਲੀ ਸਮਰੱਥਾ ਹੋਣ 'ਤੇ ਜ਼ੋਰ ਦਿੱਤਾ। ਬਹੁ-ਪੀੜ੍ਹੀ ਜੀਵਨ ਦਾ ਨਿਘਾਰ ਇਸ ਨੈਤਿਕ ਸਿੱਖਿਆ ਨੂੰ ਵੀ ਕਮਜ਼ੋਰ ਕਰ ਸਕਦਾ ਹੈ। ਪ੍ਰਮਾਣੂ ਪਰਿਵਾਰਾਂ ਵਿੱਚ, ਮਾਪੇ ਕਦਰਾਂ-ਕੀਮਤਾਂ ਪ੍ਰਦਾਨ ਕਰਨ ਦਾ ਸਾਰਾ ਬੋਝ ਝੱਲਦੇ ਹਨ, ਇਸ ਨੂੰ ਨਿਯਮਤ ਪੇਸ਼ੇਵਰ ਵਚਨਬੱਧਤਾਵਾਂ ਨਾਲ ਜੋੜਦੇ ਹੋਏ। ਇਹ ਸਮੇਂ ਦੀ ਕਮੀ ਜਾਂ ਤਣਾਅ ਕਾਰਨ ਘਟ ਸਕਦਾ ਹੈ। ਸ਼ਹਿਰੀ ਪਰਮਾਣੂ ਪਰਿਵਾਰ ਹਮਦਰਦੀ ਜਾਂ ਧੀਰਜ ਦੀ ਕੋਚਿੰਗ ਨਾਲੋਂ ਵਿਦਿਅਕ ਪੂਰਤੀ ਨੂੰ ਤਰਜੀਹ ਦੇ ਸਕਦੇ ਹਨ, ਜਿਸ ਨਾਲ ਬੱਚਿਆਂ ਵਿੱਚ ਵਿਅਕਤੀਗਤ ਰਵੱਈਆ ਪੈਦਾ ਹੁੰਦਾ ਹੈ।

ਪ੍ਰਮਾਣੂ ਪਰਿਵਾਰ ਖੁਦਮੁਖਤਿਆਰੀ, ਫੈਸਲੇ ਲੈਣ ਅਤੇ ਨਿੱਜੀ ਜ਼ਿੰਮੇਵਾਰੀ ਵਰਗੀਆਂ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਦੇ ਹਨ, ਜੋ ਮੌਜੂਦਾ ਸਮਾਜਕ ਮੰਗਾਂ ਨਾਲ ਮੇਲ ਖਾਂਦੀਆਂ ਹਨ। ਜੌਹਨ ਸਟੂਅਰਟ ਮਿੱਲ ਨੇ ਵਿਅਕਤੀਗਤ ਅਤੇ ਸਮਾਜਿਕ ਤਰੱਕੀ ਲਈ ਜ਼ਰੂਰੀ ਗੁਣਾਂ ਵਜੋਂ ਵਿਅਕਤੀਗਤ ਆਜ਼ਾਦੀ ਅਤੇ ਸਵੈ-ਨਿਰਭਰਤਾ ਦੀ ਕਦਰ ਕੀਤੀ, ਜੋ ਪ੍ਰਮਾਣੂ ਪਰਿਵਾਰ ਪ੍ਰਭਾਵਸ਼ਾਲੀ ਢੰਗ ਨਾਲ ਵੇਚਦੇ ਹਨ। ਪ੍ਰਮਾਣੂ ਪਰਿਵਾਰ ਅਕਸਰ ਆਪਣੇ ਪਰਿਵਾਰ ਦੀਆਂ ਲੋੜਾਂ ਨੂੰ ਪਹਿਲ ਦਿੰਦੇ ਹਨ, ਜੋ ਬਿਨਾਂ ਸ਼ੱਕ ਸਾਂਝੇ ਪਰਿਵਾਰ ਪ੍ਰਣਾਲੀ ਲਈ ਜ਼ਰੂਰੀ ਸਨ, ਸਾਂਝੀਆਂ ਕਦਰਾਂ-ਕੀਮਤਾਂ ਜਿਵੇਂ ਕਿ ਸਾਂਝੇਦਾਰੀ, ਕੁਰਬਾਨੀ ਅਤੇ ਆਪਸੀ ਸਹਾਇਤਾ ਬਾਰੇ ਜਾਗਰੂਕਤਾ ਨੂੰ ਘਟਾਉਂਦਾ ਹੈ। ਤਿਉਹਾਰ, ਜੋ ਕਦੇ ਸਾਂਝੇ ਪਰਿਵਾਰਾਂ ਵਿੱਚ ਨੈੱਟਵਰਕ ਅਤੇ ਸੱਭਿਆਚਾਰਕ ਬੰਧਨ ਨੂੰ ਮਜ਼ਬੂਤ ਕਰਦੇ ਸਨ, ਹੁਣ ਅਲੱਗ-ਥਲੱਗ ਮਨਾਏ ਜਾਂਦੇ ਹਨ। ਜਦੋਂ ਕਿ ਰਵਾਇਤੀ ਪ੍ਰਣਾਲੀਆਂ ਕਮਜ਼ੋਰ ਹੋ ਰਹੀਆਂ ਹਨ, ਪਰਮਾਣੂ ਪਰਿਵਾਰ ਸਿੱਖਿਆ ਲਈ ਸਕੂਲਾਂ, ਪੀਅਰ ਗਰੁੱਪਾਂ ਅਤੇ ਵਰਚੁਅਲ ਪ੍ਰਣਾਲੀਆਂ 'ਤੇ ਜ਼ਿਆਦਾ ਨਿਰਭਰ ਹੁੰਦੇ ਜਾ ਰਹੇ ਹਨ।

ਹਾਲਾਂਕਿ, ਨਿੱਜੀ ਸਲਾਹ ਦੀ ਘਾਟ ਵੀ ਨੈਤਿਕ ਵਿਕਾਸ ਦੀ ਘਾਟ ਦਾ ਕਾਰਨ ਬਣ ਸਕਦੀ ਹੈ। ਪਰਮਾਣੂ ਪਰਿਵਾਰਾਂ ਵਿੱਚ, ਇੱਕ ਤੋਂ ਵੱਧ ਸਥਿਤੀਆਂ ਤੋਂ ਮਾਡਲਾਂ ਦੀ ਅਣਹੋਂਦ ਬੱਚਿਆਂ ਦੀ ਕਈ ਗੁਣਾਂ ਨੂੰ ਵੇਖਣ ਅਤੇ ਅਧਿਐਨ ਕਰਨ ਦੀ ਯੋਗਤਾ ਨੂੰ ਵੀ ਸੀਮਤ ਕਰ ਸਕਦੀ ਹੈ। ਪ੍ਰਮਾਣੂ ਪਰਿਵਾਰਾਂ 'ਤੇ ਵੱਧ ਰਹੇ ਜ਼ੋਰ ਨੇ ਵਿਕਾਸਸ਼ੀਲ ਮੁੱਲਾਂ ਵਿੱਚ ਪਰਿਵਾਰ ਦੀ ਸਥਿਤੀ ਨੂੰ ਮੁੜ ਆਕਾਰ ਦਿੱਤਾ ਹੈ। ਸੁਤੰਤਰਤਾ ਅਤੇ ਸਵੈ-ਨਿਰਭਰਤਾ ਨੂੰ ਉਤਸ਼ਾਹਿਤ ਕਰਦੇ ਹੋਏ, ਇਹ ਅਕਸਰ ਵਿਸਤ੍ਰਿਤ ਪਰਿਵਾਰਾਂ ਦੁਆਰਾ ਪ੍ਰਦਾਨ ਕੀਤੀ ਗਈ ਸਮੂਹਿਕ ਜਾਣਕਾਰੀ ਅਤੇ ਸੱਭਿਆਚਾਰਕ ਪਰੰਪਰਾਵਾਂ ਪ੍ਰਤੀ ਜਾਗਰੂਕਤਾ ਨੂੰ ਘਟਾਉਂਦਾ ਹੈ। ਇਸ ਪਾੜੇ ਨੂੰ ਪੂਰਾ ਕਰਨ ਲਈ, ਪਰਮਾਣੂ ਪਰਿਵਾਰਾਂ ਨੂੰ ਸੁਚੇਤ ਪਾਲਣ-ਪੋਸ਼ਣ, ਨੈੱਟਵਰਕ ਕਨੈਕਸ਼ਨਾਂ ਨੂੰ ਉਤਸ਼ਾਹਿਤ ਕਰਨ, ਅਤੇ ਜ਼ੁੰਮੇਵਾਰੀ ਨਾਲ ਆਧੁਨਿਕ ਉਪਕਰਣਾਂ ਦਾ ਲਾਭ ਉਠਾਉਣ 'ਤੇ ਜ਼ੋਰ ਦੇ ਕੇ, ਸੁਚੇਤ ਤੌਰ 'ਤੇ ਅਨੁਕੂਲ ਹੋਣਾ ਚਾਹੀਦਾ ਹੈ। ਜਿਵੇਂ ਕਿ ਕਨਫਿਊਸ਼ੀਅਸ ਨੇ ਕਿਹਾ ਸੀ, "ਰਾਜ ਦੀ ਊਰਜਾ ਘਰ ਦੀ ਅਖੰਡਤਾ ਤੋਂ ਪ੍ਰਾਪਤ ਹੁੰਦੀ ਹੈ," ਇਹ ਉਜਾਗਰ ਕਰਦੇ ਹੋਏ ਕਿ ਪਰਿਵਾਰ, ਭਾਵੇਂ ਉਹਨਾਂ ਦੀ ਬਣਤਰ ਦਾ ਕੋਈ ਫਰਕ ਨਹੀਂ ਪੈਂਦਾ, ਨੈਤਿਕ ਨਾਗਰਿਕਾਂ ਨੂੰ ਆਕਾਰ ਦੇਣ ਲਈ ਕੀਮਤੀ ਰਹਿੰਦੇ ਹਨ।

ਪ੍ਰਮਾਣੂ ਪਰਿਵਾਰ-ਪਰਿਵਾਰ ਪ੍ਰਾਈਮੇਟ ਮਨੁੱਖੀ ਸਮਾਜ ਦਾ ਇੱਕ "ਜੀਵ-ਵਿਗਿਆਨਕ" ਵਰਤਾਰਾ ਹੈ। ਇਹ ਮਨੁੱਖੀ ਵਿਕਾਸ ਦੇ ਵਿਕਾਸਵਾਦੀ ਸੰਗ੍ਰਹਿ ਵਿੱਚ ਇੱਕ ਅਨੁਕੂਲ ਰੂਪ ਨਹੀਂ ਹੈ ਅਤੇ ਨਾ ਹੀ ਆਰਥਿਕ ਸਮਾਜ ਵਿੱਚ ਇੱਕ ਉਪਯੋਗੀ ਚੀਜ਼ ਹੈ। ਇਸ ਦੀ ਬਜਾਇ, ਇਹ ਮਨੁੱਖੀ ਸਮੇਂ ਅਤੇ ਸਮਾਜਿਕ ਸਪੇਸ ਵਿੱਚ ਲਗਭਗ ਰਿਵਾਜ ਹੈ। ਇਸ ਦਾ ਨਿਊਕਲੀਅਸ ਪਤੀ-ਪਤਨੀ ਅਤੇ ਮਾਤਾ-ਪਿਤਾ-ਬੱਚਿਆਂ ਦੀ ਇਕਾਈ ਹੈ। ਇਸ ਦਾ ਸਧਾਰਣ ਰੂਪ ਅਕਸਰ ਮੌਤ ਜਾਂ ਤਿਆਗ ਜਾਂ ਔਲਾਦ ਦੇ ਨੁਕਸਾਨ ਕਾਰਨ ਗਲਤ ਹੋ ਜਾਂਦਾ ਹੈ, ਪਰ ਇਸਦਾ ਮਾਡਲ ਰੂਪ ਵੱਧ ਤੋਂ ਵੱਧ ਸਥਿਰ ਹੁੰਦਾ ਹੈ। ਸਾਰੀਆਂ ਸਥਿਤੀਆਂ ਵਿੱਚ ਪਤੀ-ਪਤਨੀ ਦੇ ਬਜ਼ੁਰਗ ਮਾਤਾ-ਪਿਤਾ ਅਤੇ ਕਈ ਵਾਰ ਪਰਿਵਾਰ ਦੇ ਅੰਦਰ ਵਾਧੂ ਵਿਸਤ੍ਰਿਤ ਪਰਿਵਾਰ ਹੁੰਦੇ ਹਨ, ਹਾਲਾਂਕਿ ਇਹ ਅਰਧ-ਬਾਹਰੀ ਕਾਰਕ ਲੋੜ ਅਤੇ ਧਾਰਮਿਕ ਧਾਰਮਿਕਤਾ ਤੋਂ ਇਲਾਵਾ ਹੋਰ ਕਿਸੇ ਕਾਰਨ ਕਰਕੇ ਨਹੀਂ ਹੁੰਦੇ ਹਨ। ਵੱਖ-ਵੱਖ ਸਮਾਜਿਕ ਸਥਿਤੀਆਂ ਵਿੱਚ ਪ੍ਰਮਾਣੂ ਪਰਿਵਾਰ ਬਾਹਰੀ ਸਮਾਜ ਵਿੱਚ "ਕਬੀਲਿਆਂ", ਜਾਤਾਂ, ਪਿੰਡਾਂ ਅਤੇ ਜਨਤਕ ਨਿਯਮਾਂ ਦੁਆਰਾ ਵੱਖ-ਵੱਖ ਤਰੀਕਿਆਂ ਦੀ ਵਰਤੋਂ ਕਰਦੇ ਹੋਏ ਇੱਕਜੁੱਟ ਹੁੰਦੇ ਹਨ।

ਪੱਛਮੀ ਸਮਾਜ ਵਿੱਚ ਪਰਮਾਣੂ ਇਕਾਈ ਅਧਿਆਤਮਿਕ ਨੌਕਰਸ਼ਾਹੀ ਲਈ ਨੈਤਿਕ ਤੌਰ 'ਤੇ ਪ੍ਰਬੰਧਨ ਅਤੇ ਪ੍ਰਸ਼ਾਸਨ ਦੇ ਉਦੇਸ਼ਾਂ ਲਈ ਸਿਵਲ ਰੈਗੂਲੇਸ਼ਨ ਲਈ ਵਧੇਰੇ ਮੁਸ਼ਕਲ ਹੋ ਗਈ ਹੈ। ਰਿਸ਼ਤੇਦਾਰ, ਅਜ਼ੀਜ਼ਾਂ ਤੋਂ ਇਲਾਵਾ, ਸ਼ਕਤੀ ਗੁਆ ਚੁੱਕੇ ਹਨ। ਇਸ ਨੇ ਉਸਦੇ ਆਪਣੇ ਪਰਿਵਾਰ ਨੂੰ ਉਸਦੀ ਅਤਿ ਨੈਤਿਕਤਾ ਦੀ ਸਾਬਕਾ ਸਥਿਤੀ ਨਾਲੋਂ ਵਧੇਰੇ "ਤੱਥਵਾਦੀ" ਬਣਾ ਦਿੱਤਾ ਹੈ। ਨਤੀਜੇ ਵਜੋਂ ਪਰਮਾਣੂ ਪਰਿਵਾਰ ਕਮਜ਼ੋਰ ਹੋ ਗਿਆ ਹੈ ਕਿਉਂਕਿ ਇਹ ਵੱਡੇ ਪੱਧਰ 'ਤੇ ਧਰਮ ਦਾ ਸੰਗਠਨ ਹੈ ਅਤੇ ਮੁਕੱਦਮੇਬਾਜ਼ੀ ਅਤੇ ਜਨਤਕ ਨਿਯਮਾਂ ਦੀ ਸਹਾਇਤਾ ਨਾਲ ਹੁਣ ਬਹੁਤ ਨਿਯੰਤਰਣਯੋਗ ਨਹੀਂ ਹੈ। ਇਸ ਲਈ ਇਹ ਪੱਛਮੀ ਦੇਸ਼ਾਂ ਵਿੱਚ ਚੰਗੀ ਤਰ੍ਹਾਂ ਨਹੀਂ ਚੱਲਦਾ, ਜੋ ਆਮ ਤੌਰ 'ਤੇ ਬੁਨਿਆਦੀ ਮੂਲ ਮੁੱਲਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਇਹ ਪਰਿਵਾਰਕ ਕਾਰਪੋਰੇਸ਼ਨਾਂ ਦੇ ਸੁਧਾਰ ਵੱਲ ਅਗਵਾਈ ਕਰਦਾ ਹੈ ਜੋ "ਜੰਮਤੀ" ਨੈਤਿਕ ਦਬਾਅ ਨੂੰ ਤਸਵੀਰ ਵਿੱਚ ਵਾਪਸ ਲਿਆਉਂਦਾ ਹੈ। ਪਰਮਾਣੂ ਪਰਿਵਾਰ ਪਰਿਵਾਰ ਦੀ ਕਿਸਮਤ, ਜਿਸ ਨੂੰ ਇੱਥੇ "ਵਿਰੋਧੀ ਕ੍ਰਾਂਤੀ" ਕਿਹਾ ਜਾਂਦਾ ਹੈ, ਸੰਭਾਵਤ ਤੌਰ 'ਤੇ ਅਗਲੀ ਪੀੜ੍ਹੀ ਵਿੱਚ ਰਿਸ਼ਤੇਦਾਰਾਂ ਤੋਂ ਵੱਧ ਰਹੀ ਸਹਾਇਤਾ ਵਿੱਚੋਂ ਇੱਕ ਹੋਵੇਗਾ।

ਸਮਾਜਿਕ ਢਾਂਚੇ ਵਿੱਚ ਇੰਨਾ ਬਦਲਾਅ ਆ ਗਿਆ ਹੈ ਕਿ ਹੁਣ ਲਿਵ-ਇਨ ਰਿਲੇਸ਼ਨਸ਼ਿਪ ਅਤੇ ਵਿਆਹੁਤਾ ਮਾਮਲਿਆਂ ਵਿੱਚ ਥੋੜ੍ਹਾ ਜਿਹਾ ਫਰਕ ਪੈ ਸਕਦਾ ਹੈ, ਜਿਸ ਦੇ ਨਤੀਜੇ ਵਜੋਂ ਔਰਤਾਂ ਅਤੇ ਮਰਦ ਵਿਆਹੁਤਾ ਸਬੰਧਾਂ ਵਿੱਚ ਦਿਲਚਸਪੀ ਨਹੀਂ ਰੱਖਦੇ ਅਤੇ ਕੁਆਰੇ ਰਹਿਣ ਨੂੰ ਤਰਜੀਹ ਦੇਣ ਲੱਗ ਪਏ ਹਨ। ਗਲਤੀ ਪਰਿਵਾਰ ਦੇ ਕਿਸੇ ਮੈਂਬਰ ਦੀ ਬਜਾਏ ਪੱਛਮੀ ਕਦਰਾਂ-ਕੀਮਤਾਂ ਨੂੰ ਤਰਜੀਹ ਦੇਣ ਵਿੱਚ ਹੈ। ਅਸੀਂ ਭਾਰਤੀਆਂ ਨੇ ਹੁਣ ਆਪਣੀਆਂ ਜ਼ਿੰ-ਮੇਵਾਰੀਆਂ ਨੂੰ ਨਿਭਾਉਣ ਨਾਲੋਂ ਆਪਣੇ ਆਪ ਨੂੰ ਦੂਰ ਕਰਨਾ ਬਿਹਤਰ ਸਮਝਣਾ ਸ਼ੁਰੂ ਕਰ ਦਿੱਤਾ ਹੈ।

ਹੁਣ ਪੱਛਮ ਵਿੱਚ ਆਪਣੇ ਹੀ ਪਰਿਵਾਰਾਂ ਦੇ ਲੋਕਾਂ ਵਿੱਚ ਕਈ ਪੀੜ੍ਹੀਆਂ ਦੇ ਥੋੜ੍ਹੇ-ਥੋੜ੍ਹੇ ਅੰਤਰਾਲ 'ਤੇ ਚੱਕਰਵਾਤੀ ਤੌਰ 'ਤੇ ਘੁੰਮਣ ਦਾ ਰੁਝਾਨ ਹੈ। 55,000 ਪਰਿਵਾਰਾਂ ਦਾ ਅਧਿਐਨ ਇਹ ਸੁਝਾਇਆ ਗਿਆ ਉਲਟਾ ਦਰਸਾਉਂਦਾ ਹੈ।

> **ਪ੍ਰਮਾਣੂ ਪਰਿਵਾਰਾਂ ਦੀ ਵਧਦੀ ਗਿਣਤੀ ਨੇ ਸਾਡੇ ਸਮਾਜ ਦਾ ਸੁਭਾਅ ਬਦਲ ਦਿੱਤਾ ਹੈ। ਅੱਜ ਦੇ ਬੱਚਿਆਂ ਨੂੰ ਉਹ ਕਦਰਾਂ-ਕੀਮਤਾਂ ਅਤੇ ਅਨੁਸ਼ਾਸਨ ਨਹੀਂ ਮਿਲ ਰਿਹਾ, ਜੋ ਉਨ੍ਹਾਂ ਨੂੰ ਸੰਯੁਕਤ ਪਰਿਵਾਰਾਂ ਤੋਂ ਵਿਰਸੇ 'ਚ ਮਿਲਦੀਆਂ ਹਨ ਅਤੇ ਇਸ ਦੇ ਸਿੱਟੇ ਵਜੋਂ ਪਰਿਵਾਰਾਂ ਦਾ ਟੁੱਟਣਾ, ਘਰੇਲੂ ਹਿੰਸਾ, ਅਸੁਰੱਖਿਆ ਦੀ ਭਾਵਨਾ, ਖੁਦਕੁਸ਼ੀ, ਬਲਾਤਕਾਰ, ਅਗਵਾ ਆਦਿ ਵਰਗੀਆਂ ਸਮਾਜਿਕ ਸਮੱਸਿਆਵਾਂ ਪੈਦਾ ਹੋ ਗਈਆਂ ਹਨ। ਸਮਾਜ ਨੇ ਆਪਣੇ ਪੈਰ ਪਸਾਰ ਲਏ ਹਨ। ਸਾਡੇ ਬਜ਼ੁਰਗਾਂ ਦੀ ਹਾਲਤ ਸਭ ਤੋਂ ਚਿੰਤਾਜਨਕ ਬਣ ਗਈ ਹੈ। ਉਂਜ, ਪਰਮਾਣੂ ਪਰਿਵਾਰਾਂ ਦੇ ਵਧਣ ਦਾ ਮੂਲ ਕਾਰਨ ਸੰਯੁਕਤ ਪਰਿਵਾਰਾਂ ਦੀਆਂ ਪਾਬੰਦੀਆਂ, ਰੀਤੀ-ਰਿਵਾਜਾਂ ਅਤੇ ਪਰੰਪਰਾਵਾਂ ਹਨ। ਲੋਕਾਂ ਨੂੰ ਅੱਜ ਵੀ ਆਪਣੀ ਸੋਚ ਨੂੰ ਸਮੇਂ ਅਨੁਸਾਰ ਢਾਲਣ ਦੀ ਲੋੜ ਹੈ।**

# ਰਾਹੁਲ ਅਤੇ ਕੇਜਰੀਵਾਲ 'ਚ ਕਿਉਂ ਖੜਕੀ

ਨਵੀਂ ਦਿੱਲੀ- 'ਮੁਹੱਬਤ ਕੀ ਦੁਕਾਨ' ਚਲਾਉਣ ਵਾਲੇ ਕਾਂਗਰਸੀ ਨੇਤਾ ਰਾਹੁਲ ਗਾਂਧੀ ਪਿਛਲੇ ਅੱਠ ਮਹੀਨਿਆਂ ਵਿਚ ਆਮ ਆਦਮੀ ਪਾਰਟੀ (ਆਪ) ਦੇ ਕਨਵੀਨਰ ਅਰਵਿੰਦ ਕੇਜਰੀਵਾਲ ਲਈ ਬਹੁਤ ਕੁਝ ਬਦਲ ਚੁੱਕੇ ਹਨ ਜਾਂ ਇਹ ਕਹੋ ਕਿ ਸਿਆਸੀ ਮਜਬੂਰੀ ਨੇ ਉਸ ਦੇ ਦਿਲ 'ਚ ਕੇਜਰੀਵਾਲ ਲਈ 'ਮੁਹੱਬਤ' ਦੀ ਥਾਂ 'ਨਫ਼ਰਤ' ਪੈਦਾ ਕਰ ਦਿੱਤੀ ਹੈ।



ਅੱਠ ਮਹੀਨੇ ਪਹਿਲਾਂ ਜਦੋਂ ਦੇਸ਼ ਵਿੱਚ ਲੋਕ ਸਭਾ ਚੋਣਾਂ ਹੋ ਰਹੀਆਂ ਸਨ, ਉਸ ਸਮੇਂ ਰਾਹੁਲ ਗਾਂਧੀ ਤੇ ਅਰਵਿੰਦ ਕੇਜਰੀਵਾਲ ਇਕੱਠੇ ਚੋਣਾਂ ਲੜ ਰਹੇ ਸਨ। ਦੇਸ਼ ਭਰ ਵਿਚ ਦੋਵਾਂ ਪਾਰਟੀਆਂ ਵਿਚਾਲੇ 22 ਸੀਟਾਂ 'ਤੇ ਜੁਗਲਬੰਦੀ ਸੀ। ਉਦੋਂ ਰਾਹੁਲ ਨੇ ਮਈ, 2024 ਵਿਚ ਦਿੱਲੀ 'ਚ ਇਕ ਮੀਟਿੰਗ ਵਿਚ ਕਿਹਾ ਸੀ ਕਿ ਇਸ ਚੋਣ ਵਿਚ ਮੇਰੀ ਵੋਟ ਕੇਜਰੀਵਾਲ ਨੂੰ ਜਾਵੇਗੀ ਅਤੇ ਕੇਜਰੀਵਾਲ ਦੀ ਵੋਟ ਕਾਂਗਰਸ ਨੂੰ ਜਾਵੇਗੀ ਪਰ ਜਿਸ ਤਰ੍ਹਾਂ ਮਈ 2024 ਤੋਂ ਜਨਵਰੀ, 2025 ਤਕ ਮੌਸਮ ਨੇ ਕਰਵਟ ਲਈ, ਠੀਕ ਉਸੇ ਤਰ੍ਹਾਂ ਰਾਹੁਲ ਨੇ ਵੀ ਯੂ-ਟਰਨ ਲੈ ਲਿਆ।

ਰਾਹੁਲ ਦੇ ਬਿਆਨਾਂ ਵਿਚ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੀ ਪਾਰਟੀ 'ਤੇ ਲਗਾਤਾਰ ਹਮਲੇ ਹੋ ਰਹੇ ਸਨ। ਸੱਤਾ ਤੋਂ ਲਾਂਭੇ ਕਰਨ ਦੇ ਨਾਲ ਦਿੱਲੀ 'ਚ ਕਾਂਗਰਸ ਨੂੰ ਜ਼ੀਰੋ 'ਤੇ ਲਿਆਉਣ ਵਾਲੇ ਅਰਵਿੰਦ ਕੇਜਰੀਵਾਲ ਅਤੇ ਰਾਹੁਲ ਗਾਂਧੀ ਵਿਚਕਾਰ ਨੇੜਤਾ 2023 ਵਿਚ ਸ਼ੁਰੂ ਹੋਈ ਸੀ। ਜਦੋਂ ਸਾਰੀਆਂ ਵਿਰੋਧੀ ਪਾਰਟੀਆਂ ਕੇਂਦਰ ਦੀ ਭਾਜਪਾ ਸਰਕਾਰ ਨੂੰ ਉਖਾੜ ਸੁੱਟਣ ਦੇ ਇਰਾਦੇ ਨਾਲ ਆਈ ਐੱਨ ਡੀ ਆਈ ਏ ਦੇ ਬੈਨਰ ਹੇਠ ਇਕੱਠੀਆਂ ਹੋਈਆਂ। ਇੱਥੇ ਰਾਹੁਲ ਅਤੇ ਕੇਜਰੀਵਾਲ ਇੱਕ ਮੰਚ 'ਤੇ ਪਹੁੰਚੇ। ਇਸ ਤੋਂ ਬਾਅਦ ਮਾਰਚ 2024 ਵਿਚ ਜਦੋਂ ਕੇਜਰੀਵਾਲ ਨੂੰ ਆਬਕਾਰੀ ਨੀਤੀ ਘੁਟਾਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ, ਤਾਂ ਰਾਹੁਲ ਗਾਂਧੀ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ।

ਰਾਹੁਲ ਨੇ ਟਵਿਟਰ 'ਤੇ ਪੋਸਟ ਕੀਤੀ ਸੀ ਤੇ ਕੇਜਰੀਵਾਲ ਦੀ ਗ੍ਰਿਫਤਾਰੀ ਨੂੰ ਲੋਕਤੰਤਰ ਦਾ ਕਤਲ ਕਿਹਾ ਸੀ। 'ਆਪ' ਅਤੇ ਕਾਂਗਰਸ ਨੇ ਲੋਕ ਸਭਾ ਚੋਣਾਂ ਇਕੱਠੀਆਂ ਲੜੀਆਂ ਸਨ। 'ਆਪ' ਚਾਰ ਸੀਟਾਂ 'ਤੇ ਚੋਣ ਲੜ ਰਹੀ ਸੀ ਜਦੋਂ ਕਿ ਕਾਂਗਰਸ ਤਿੰਨ ਸੀਟਾਂ 'ਤੇ ਚੋਣ ਲੜ ਰਹੀ ਸੀ। ਦੋਵੇਂ ਇੱਕ ਵੀ ਸੀਟ 'ਤੇ ਸਫਲ ਨਹੀਂ ਹੋਏ। ਇਸ ਤੋਂ ਬਾਅਦ ਕਾਂਗਰਸੀ ਆਗੂਆਂ ਦੇ ਸੁਰ ਬਦਲਣੇ ਸ਼ੁਰੂ ਹੋ ਗਏ। ਉਸ ਨੇ ਦੋਸ਼ ਲਾਉਣਾ ਸ਼ੁਰੂ ਕਰ ਦਿੱਤਾ ਕਿ ਕਾਂਗਰਸੀ ਵਰਕਰਾਂ ਨੇ 'ਆਪ' ਦਾ ਸਮਰਥਨ ਕੀਤਾ ਪਰ ਬਦਲੇ ਵਿਚ ਉਨ੍ਹਾਂ ਨੂੰ 'ਆਪ' ਤੋਂ ਕੋਈ ਸਮਰਥਨ ਨਹੀਂ ਮਿਲਿਆ।

ਹੌਲੀ-ਹੌਲੀ ਕਾਂਗਰਸੀ ਆਗੂਆਂ ਨੂੰ ਲੱਗਣ ਲੱਗਿਆ ਕਿ ਜੇ ਉਹ ਇਕੱਠੇ ਵਿਧਾਨ ਸਭਾ ਚੋਣਾਂ ਲੜਦੇ ਹਨ, ਤਾਂ ਪਾਰਟੀ ਦੀ ਹੋਂਦ ਹੀ ਖ਼ਤਰੇ ਵਿਚ ਪੈ ਜਾਵੇਗੀ। ਆਪ ਵੱਲੋਂ ਕੋਈ ਦਿਲਚਸਪੀ ਨਹੀਂ ਦਿਖਾਈ ਗਈ। ਅਜਿਹੀ ਸਥਿਤੀ ਵਿਚ ਦੋਵਾਂ ਧਿਰਾਂ ਨੇ ਆਪਣੇ ਰਸਤੇ ਬਦਲ ਲਏ। ਕਾਂਗਰਸ ਨੇ ਆਪਣੇ ਵੱਡੇ ਆਗੂਆਂ ਨੂੰ ਚੋਣ ਮੈਦਾਨ ਵਿਚ ਉਤਾਰਿਆ।

**ਮੌਸਮ ਵਾਂਗ ਰਾਹੁਲ ਨੇ ਵੀ ਲਿਆ ਯੂ-ਟਰਨ**

ਅਜਿਹੀ ਸਥਿਤੀ ਵਿਚ ਸਵਾਲ ਇਹ ਉੱਠਦਾ ਹੈ ਕਿ ਰਾਹੁਲ ਅੱਠ ਮਹੀਨੇ ਪਹਿਲਾਂ ਸਹੀ ਸੀ ਜਾਂ ਹੁਣ। ਰਾਹੁਲ ਨੇ ਉਦੋਂ ਕਿਹਾ ਸੀ, 'ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਤੋਂ ਡਰਿਆ ਹੋਇਆ ਤਾਨਾਸ਼ਾਹ, ਇਕ ਮਰਿਆ ਹੋਇਆ ਲੋਕਤੰਤਰ ਬਣਾਉਣਾ ਚਾਹੁੰਦਾ ਹੈ। ਲੋਕ ਸਭਾ ਚੋਣਾਂ ਦੌਰਾਨ ਕੇਜਰੀਵਾਲ ਕਾਂਗਰਸ ਦਾ ਬਟਨ ਦਬਾਏਗਾ ਤੇ ਮੈਂ 'ਆਪ' ਨੂੰ ਵੋਟ ਦੇਵਾਂਗਾ।"

ਰਾਹੁਲ ਹੁਣ (ਆਪਣੇ 31 ਜਨਵਰੀ ਦੇ ਭਾਸ਼ਣ ਵਿੱਚ) ਕਹਿ ਰਹੇ ਹਨ ਕਿ ਅਰਵਿੰਦ ਕੇਜਰੀਵਾਲ ਝੂਠਾ, ਭ੍ਰਿਸ਼ਟ ਅਤੇ ਦਲਿਤ ਅਤੇ ਪਛੜੇ ਵਰਗ ਦਾ ਵਿਰੋਧੀ ਹੈ, ਕੇਜਰੀਵਾਲ ਸਿਰਫ਼ ਝੂਠੇ ਵਾਅਦੇ ਕਰਦਾ ਹੈ।

# ਗਿਆਨੀ ਹਰਪ੍ਰੀਤ ਸਿੰਘ ਮਾਮਲੇ 'ਚ ਜਾਂਚ ਕਮੇਟੀ ਨੂੰ ਦਿੱਤਾ ਹੋਰ ਸਮਾਂ

ਅੰਮ੍ਰਿਤਸਰ- ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਤਿੰਨ ਮੈਂਬਰੀ ਜਾਂਚ ਕਮੇਟੀ ਨੂੰ ਜਾਂਚ ਲਈ ਇਕ ਮਹੀਨੇ ਦਾ ਸਮਾਂ ਹੋਰ ਵਧਾ ਦਿੱਤਾ ਗਿਆ ਹੈ। ਬੀਤੇ ਸਾਲ 19 ਦਸੰਬਰ ਨੂੰ ਗਿਆਨੀ ਹਰਪ੍ਰੀਤ ਸਿੰਘ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਹੰਗਾਮੀ ਇਕੱਤਰਤਾ ਸੱਦ ਕੇ ਗਿਆਨੀ ਹਰਪ੍ਰੀਤ ਸਿੰਘ 'ਤੇ ਗੁਰਪ੍ਰੀਤ ਸਿੰਘ ਵੱਲੋਂ ਲਗਾਏ ਗਏ ਦੋਸ਼ਾਂ ਦੀ ਪੜਤਾਲ ਲਈ ਤਿੰਨ ਮੈਂਬਰੀ ਕਮੇਟੀ ਗਠਿਤ ਕੀਤੀ ਸੀ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਤੇ ਅੰਤ੍ਰਿੰਗ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ ਨੂੰ ਸ਼ਾਮਲ ਕੀਤਾ ਸੀ। ਇਸ ਕਮੇਟੀ ਨੂੰ ਜਾਂਚ ਲਈ 15 ਦਿਨ ਦਾ ਸਮਾਂ ਦਿੱਤਾ ਸੀ ਜਦਕਿ ਕਮੇਟੀ ਦੀ ਮੰਗ ਤੇ ਅੰਤ੍ਰਿੰਗ ਕਮੇਟੀ ਨੇ 31 ਦਸੰਬਰ ਦੀ ਇਕੱਤਰਤਾ ਵਿਚ ਇਕ ਮਹੀਨੇ ਦਾ ਸਮਾਂ ਹੋਰ ਵਧਾ ਦਿੱਤਾ ਸੀ। ਹੁਣ ਕਮੇਟੀ ਵੱਲੋਂ ਦੁਬਾਰਾ ਮੰਗ ਕਰਨ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਾਂਚ ਲਈ ਇਕ ਮਹੀਨੇ ਦਾ ਸਮਾਂ ਹੋਰ ਵਧਾ ਦਿੱਤਾ ਹੈ। ਜਿੱਥੇ ਜਾਂਚ ਲਈ ਮਹੀਨੇ ਦੇ ਸਮੇਂ ਦਾ ਵਾਧਾ ਕੀਤਾ ਕੀਤਾ ਗਿਆ ਹੈ, ਉੱਥੇ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ 'ਤੇ ਵੀ ਇਕ ਮਹੀਨੇ ਦੀ ਰੋਕ ਵੱਧ ਗਈ। ਦੱਸਣਯੋਗ ਹੈ ਕਿ 19 ਦਸੰਬਰ 2024 ਤੋਂ ਗਿਆਨੀ ਹਰਪ੍ਰੀਤ ਸਿੰਘ 'ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੀਆਂ ਸੇਵਾਵਾਂ ਨਿਭਾਉਣ ਲਈ ਰੋਕ ਲਗਾਈ ਗਈ ਹੈ ਅਤੇ ਉਸ ਦਿਨ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਜਥੇਦਾਰ ਦੀਆਂ ਕਾਰਜਕਾਰੀ ਸੇਵਾਵਾਂ ਨਿਭਾ ਰਹੇ ਹਨ।

ਯਾਦ ਰਹੇ, ਪਿਛਲੇ ਦਿਨੀ ਪੱਤਰਕਾਰਾਂ ਦੇ ਸਵਾਲ ਦੇ ਜਵਾਬ ਦਿੰਦੇ ਹੋਏ ਗਿਆਨੀ ਹਰਪ੍ਰੀਤ ਸਿੰਘ ਨੇ ਜਾਂਚ ਕਮੇਟੀ 'ਤੇ ਸਵਾਲੀਆ ਚਿੰਨ ਲਗਾਉਂਦਿਆਂ ਕਿਹਾ ਸੀ, ''ਇਨ੍ਹਾਂ ਨੇ ਗੰਦ ਘੋਲ ਕੇ ਸਿਰ ਵਿਚ ਪਾਉਣੈ, ਜਦੋਂ ਮਰਜ਼ੀ ਪਾ ਲੈਣ''। ਗਿਆਨੀ ਹਰਪ੍ਰੀਤ ਸਿੰਘ ਨੇ ਤਿੰਨ ਮੈਂਬਰੀ ਕਮੇਟੀ 'ਤੇ ਕਈ ਵਾਰ ਸ਼ਬਦੀ ਵਾਰ ਕੀਤੇ ਹਨ, ਜੋ ਸਾਬਤ ਕਰਦਾ ਹੈ ਕਿ ਉਨ੍ਹਾਂ ਨੂੰ ਤਿੰਨ ਮੈਂਬਰੀ ਕਮੇਟੀ ਦੀ ਜਾਂਚ 'ਤੇ ਵਿਸ਼ਵਾਸ ਨਹੀਂ ਹੈ।

# ਭਾਰਤ ਦੇ ਟੈਕਸਦਾਤਿਆਂ ਨੂੰ 12 ਲੱਖ ਤੱਕ ਦੀ ਆਮਦਨ 'ਤੇ ਮਿਲੀ ਟੈਕਸ ਛੋਟ

ਨਵੀਂ ਦਿੱਲੀ- ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਬਜਟ 2025-26 ਨੂੰ ਲੋਕਾਂ ਵੱਲੋਂ, ਲੋਕਾਂ ਦਾ ਤੇ ਲੋਕਾਂ ਲਈ ਬਜਟ ਦੇ ਤੌਰ 'ਤੇ ਪਰਿਭਾਸ਼ਤ ਕੀਤਾ ਹੈ। ਉਨ੍ਹਾਂ ਕਿਹਾ ਕਿ ਮੱਧ ਵਰਗ ਨੂੰ ਟੈਕਸ ਕਟੌਤੀ ਦਾ ਤੋਹਫ਼ਾ ਦੇਣ ਦੇ ਵਿਚਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੂਰਾ ਸਮਰਥਨ ਮਿਲਿਆ ਸੀ ਪਰ ਲੋਕ ਸੇਵਕਾਂ (ਅਫ਼ਸਰਾਂ) ਨੂੰ ਸਮਝਾਉਣ ਲਈ ਕਾਫ਼ੀ ਵਕਤ ਲੱਗਾ। ਵਿੱਤ ਮੰਤਰੀ ਨੇ ਇਕ ਇੰਟਰਵਿਊ ਦੌਰਾਨ ਦੱਸਿਆ ਕਿ ਅਸੀਂ ਮੱਧ ਵਰਗ ਦੀ ਅਵਾਜ਼ ਸੁਣੀ ਹੈ। ਮੱਧ ਵਰਗ ਲੰਮੇ ਸਮੇਂ ਤੋਂ ਸ਼ਿਕਾਇਤ ਕਰ ਰਿਹਾ ਸੀ ਕਿ ਈਮਾਨਦਾਰੀ ਨਾਲ ਟੈਕਸ ਦੇਣ ਦੇ ਬਾਵਜੂਦ ਉਨ੍ਹਾਂ ਦੀ ਖ਼ਾਹਸ਼ਾਂ ਪੂਰੀਆਂ ਕਰਨ ਲਈ ਕੋਈ ਕਦਮ ਨਹੀਂ ਚੁੱਕਿਆ ਜਾ ਰਿਹਾ। ਇਨਕਮ ਟੈਕਸ ਦੇਣ ਵਾਲੇ ਲੋਕ ਚਾਹੁੰਦੇ ਸਨ ਕਿ ਸਰਕਾਰ ਇਹੋ-ਜਿਹੇ ਕਦਮ ਚੁੱਕੇ, ਜਿਸ ਨਾਲ ਮਹਿੰਗਾਈ ਤੇ ਜ਼ਿੰਦਗੀਆਂ ਦੀਆਂ ਹੋਰ ਚੁਣੌਤੀਆਂ ਦਾ ਸਾਹਮਣਾ ਅਸਾਨੀ ਨਾਲ ਕੀਤਾ ਜਾ ਸਕੇ।

ਪ੍ਰਧਾਨ ਮੰਤਰੀ ਨੇ ਇਸ ਵਰਗ ਨੂੰ ਰਾਹਤ ਦੇਣ ਲਈ ਰਸਤਾ ਕੱਢਣ ਦਾ ਕੰਮ ਸੀਤਾਰਮਨ ਨੂੰ ਸੌਂਪਿਆ ਸੀ। ਮੋਦੀ ਤਾਂ ਵੱਡੀ ਟੈਕਸ ਕਟੌਤੀ ਲਈ ਤੁਰੰਤ ਸਹਿਮਤ ਹੋ ਗਏ ਪਰ ਵਿੱਤ ਮੰਤਰਾਲਾ ਤੇ ਸੈਂਟਰਲ ਬੋਰਡ ਆਫ ਡਾਇਰੈਕਟ ਟੈਕਸਿਜ਼ (ਸੀਬੀਡੀਟੀ) ਦੇ ਅਧਿਕਾਰੀਆਂ ਨੂੰ ਤਿਆਰ ਕਰਨ ਵਿਚ ਥੋੜ੍ਹਾ ਸਮਾਂ ਲੱਗਾ। ਇਨ੍ਹਾਂ ਅਫ਼ਸਰਾਂ ਨੂੰ ਇਸ ਗੱਲ ਦੀ ਚਿੰਤਾ ਸੀ ਕਿ ਏਨੀ ਵੱਡੀ ਟੈਕਸ ਕਟੌਤੀ ਨਾਲ ਮਾਲੀਆ ਇਕੱਠਾ ਕਰਨ ਵਿਚ ਦਿੱਕਤਾਂ ਆਉਣਗੀਆਂ। ਕੇਂਦਰ ਸਰਕਾਰ ਦੀਆਂ ਜਨਤਕ ਭਲਾਈ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਸਮੇਤ ਹੋਰਨਾਂ ਖ਼ਰਚਿਆਂ ਲਈ ਵਸੀਲੇ ਚਾਹੀਦੇ ਹੁੰਦੇ ਹਨ। ਸੀਤਾਰਮਨ ਨੇ ਸ਼ਨਿੱਚਰਵਾਰ ਨੂੰ ਆਪਣਾ ਅੱਠਵਾਂ ਬਜਟ ਪੇਸ਼ ਕਰਦੇ ਹੋਏ ਨਿੱਜੀ ਆਮਦਨ ਕਰ ਦੀ ਹੱਦ ਨੂੰ ਵਧਾਉਣ ਬਾਰੇ ਐਲਾਨ ਕੀਤਾ ਸੀ। ਇਸ ਨਾਲ ਹੁਣ 12 ਲੱਖ ਰੁਪਏ ਤੱਕ ਦੀ ਆਮਦਨ 'ਤੇ ਟੈਕਸ ਦੇਣਦਾਰੀ ਸਿਫ਼ਰ ਹੋ ਗਈ ਹੈ। ਪਹਿਲਾਂ ਸੱਤ ਲੱਖ ਰੁਪਏ ਤੱਕ ਆਮਦਨ ਟੈਕਸ ਮੁਕਤ ਸੀ, ਇਸ ਤੋਂ ਇਲਾਵਾ ਟੈਕਸ ਸਲੈਬ ਵਿਚ ਵੀ ਤਬਦੀਲੀ ਕੀਤੀ ਗਈ ਹੈ।

ਇਸ ਨਾਲ 12 ਲੱਖ ਰੁਪਏ ਤੋਂ ਵੱਧ ਕਮਾਉਣ ਵਾਲਿਆਂ ਨੂੰ 1.1 ਲੱਖ ਰੁਪਏ ਤੱਕ ਬਚਾਉਣ ਵਿਚ ਮਦਦ ਮਿਲੇਗੀ। ਟੈਕਸ ਛੋਟ ਦੀ ਹੱਦ ਨੂੰ ਇਕ ਵਾਰ ਵਿਚ 5 ਲੱਖ ਰੁਪਏ ਤੱਕ ਇਜ਼ਾਫ਼ਾ ਹੁਣ ਤੱਕ ਦੀ ਸਭ ਤੋਂ ਵੱਡੀ ਰਾਹਤ ਹੈ। ਇਹ 2005 ਤੇ 2023 ਵਿਚਾਲੇ ਦਿੱਤੀਆਂ ਤਮਾਮ ਟੈਕਸ ਰਾਹਤਾਂ ਦੇ ਬਰਾਬਰ ਹੈ। ਵਿੱਤ ਮੰਤਰੀ ਨੇ ਕਿਹਾ ਕਿ ਮੇਰਾ ਮੰਨਣਾ ਹੈ ਕਿ ਪ੍ਰਧਾਨ ਮੰਤਰੀ ਨੇ ਇਸ ਟੈਕਸ ਰਾਹਤ ਨੂੰ ਬਹੁਤ ਸ਼ਬਦਾਂ ਵਿਚ ਬਹੁਤ ਚੰਗੀ ਤਰ੍ਹਾਂ ਨਾਲ ਪੇਸ਼ ਕੀਤਾ ਹੈ।




# ਸਵੇਰੇ ਉੱਠਦੇ ਹੀ ਪੇਟ 'ਚ ਹੁੰਦੀ ਹੈ ਐਸੀਡਿਟੀ

ਸਵੇਰੇ ਉੱਠਣ ਤੋਂ ਬਾਅਦ ਪੇਟ ਵਿੱਚ ਐਸਿਡਿਟੀ ਇੱਕ ਆਮ ਸਮੱਸਿਆ ਹੈ, ਜੋ ਕਿ ਬਹੁਤ ਸਾਰੇ ਲੋਕਾਂ ਨੂੰ ਪਰੇਸ਼ਾਨ ਕਰਦੀ ਹੈ। ਇਹ ਸਮੱਸਿਆ ਆਮ ਤੌਰ 'ਤੇ ਗਲਤ ਖਾਣ-ਪੀਣ ਦੀਆਂ ਆਦਤਾਂ, ਤਣਾਅ ਅਤੇ ਜੀਵਨ ਸ਼ੈਲੀ ਨਾਲ ਸਬੰਧਤ ਹੋਰ ਕਾਰਨਾਂ ਕਰਕੇ ਹੁੰਦੀ ਹੈ। ਅੱਜ ਅਸੀਂ ਤੁਹਾਨੂੰ ਕੁਝ ਅਜਿਹੇ ਉਪਾਅ ਦੱਸ ਰਹੇ ਹਾਂ ਜੋ ਤੁਹਾਨੂੰ ਸਵੇਰੇ ਉੱਠਣ ਵੇਲੇ ਐਸੀਡਿਟੀ ਤੋਂ ਰਾਹਤ ਦਿਵਾ ਸਕਦੇ ਹਨ।

**1. ਨਿੰਬੂ ਅਤੇ ਅਦਰਕ:** ਸਵੇਰੇ ਉੱਠਦੇ ਹੀ ਨਿੰਬੂ ਦਾ ਰਸ ਅਤੇ ਅਦਰਕ ਦਾ ਇੱਕ ਟੁਕੜਾ ਇੱਕ ਗਲਾਸ ਪਾਣੀ ਵਿੱਚ ਮਿਲਾ ਕੇ ਪੀਣ ਨਾਲ ਐਸੀਡਿਟੀ ਤੋਂ ਰਾਹਤ ਮਿਲਦੀ ਹੈ। ਸਵੇਰੇ ਉੱਠਣ ਤੋਂ ਬਾਅਦ ਤੁਸੀਂ ਇਸ ਨੁਸਖੇ ਨੂੰ ਅਪਣਾ ਸਕਦੇ ਹੋ। ਇਸ ਨਾਲ ਤੁਹਾਨੂੰ ਕਾਫੀ ਫਾਇਦਾ ਮਿਲੇਗਾ।

**2. ਔਲਿਆਂ ਦਾ ਜੂਸ ਹੈ ਫਾਇਦੇਮੰਦ:** ਆਂਵਲਾ



ਇੱਕ ਕੁਦਰਤੀ ਐਂਟੀਸਾਈਡ ਹੈ ਜੋ ਐਸੀਡਿਟੀ ਨੂੰ ਘੱਟ ਕਰਨ ਵਿੱਚ ਮਦਦ ਕਰਦਾ ਹੈ। ਤੁਸੀਂ ਆਂਵਲੇ ਦਾ ਜੂਸ ਜਾਂ ਆਂਵਲਾ ਦੀਆਂ ਗੋਲੀਆਂ ਲੈ ਸਕਦੇ ਹੋ। ਤੁਸੀਂ ਆਂਵਲੇ ਨੂੰ ਵੀ ਛੋਟੇ-ਛੋਟੇ ਟੁਕੜਿਆਂ 'ਚ ਕੱਟ ਸਕਦੇ ਹੋ, ਇਸ ਨੂੰ ਗਰਮ ਪਾਣੀ ਦੀ ਬੋਤਲ 'ਚ ਰੱਖ ਕੇ ਦਿਨ ਭਰ ਪੀ ਸਕਦੇ ਹੋ। ਇਸ ਨਾਲ ਤੁਹਾਨੂੰ ਕਾਫੀ ਫਾਇਦਾ ਮਿਲੇਗਾ।

**3. ਦਹੀਂ ਸਭ ਤੋਂ ਵਧੀਆ ਦਵਾਈ ਹੈ:** ਦਹੀਂ ਵਿੱਚ ਪ੍ਰੋਬਾਇਓਟਿਕਸ ਹੁੰਦੇ ਹਨ ਜੋ ਪੇਟ ਦੀ ਸਿਹਤ ਨੂੰ ਸੁਧਾਰਨ ਵਿੱਚ ਮਦਦ ਕਰਦੇ ਹਨ। ਨਾਸ਼ਤੇ ਵਿੱਚ ਦਹੀਂ ਦਾ ਸੇਵਨ ਕਰਨ ਨਾਲ ਐਸੀਡਿਟੀ ਤੋਂ ਰਾਹਤ ਮਿਲਦੀ ਹੈ। ਦਹੀਂ ਤੁਹਾਡੇ ਪੇਟ ਦੀ ਗਰਮੀ ਨੂੰ ਵੀ ਦੂਰ ਕਰਦਾ ਹੈ।

**4. ਪੁਦੀਨਾ ਹੋਵੇਗਾ ਫਾਇਦੇਮੰਦ :** ਪੁਦੀਨਾ ਇਕ ਕੁਦਰਤੀ ਐਂਟੀਸਾਈਡ ਹੈ ਜੋ ਐਸੀਡਿਟੀ ਨੂੰ ਘੱਟ ਕਰਨ ਵਿਚ ਮਦਦ ਕਰਦਾ ਹੈ। ਤੁਸੀਂ ਪੁਦੀਨੇ ਦੀਆਂ ਪੱਤੀਆਂ ਦਾ ਰਸ ਜਾਂ ਪੁਦੀਨੇ ਦੀ ਚਾਹ ਪੀ ਸਕਦੇ ਹੋ। ਇਸ ਨਾਲ ਤੁਹਾਨੂੰ ਕਾਫੀ ਫਾਇਦਾ ਮਿਲੇਗਾ।

**5. ਨਾਰੀਅਲ ਪਾਣੀ:** ਨਾਰੀਅਲ ਪਾਣੀ 'ਚ ਪੋਟਾਸ਼ੀਅਮ ਹੁੰਦਾ ਹੈ ਜੋ ਐਸੀਡਿਟੀ ਨੂੰ ਘੱਟ ਕਰਨ 'ਚ ਮਦਦ ਕਰਦਾ ਹੈ। ਨਾਰੀਅਲ ਪਾਣੀ ਨੂੰ ਨਾਸ਼ਤੇ ਦੇ ਨਾਲ ਪੀਣ ਨਾਲ ਐਸੀਡਿਟੀ ਤੋਂ ਰਾਹਤ ਮਿਲਦੀ ਹੈ। ਤੁਸੀਂ ਦਿਨ ਵਿੱਚ ਕਿਸੇ ਵੀ ਸਮੇਂ ਨਾਰੀਅਲ ਪਾਣੀ ਪੀ ਸਕਦੇ ਹੋ। ਇਹ ਪੇਟ ਲਈ ਰਾਮਬਾਣ ਹੈ।

**6. ਨਿਯਮਿਤ ਤੌਰ 'ਤੇ ਕਸਰਤ ਕਰੋ:** ਨਿਯਮਿਤ ਤੌਰ 'ਤੇ ਕਸਰਤ ਕਰਨ ਨਾਲ ਪੇਟ ਦੀ ਸਿਹਤ ਵਿੱਚ ਸੁਧਾਰ ਹੁੰਦਾ ਹੈ ਅਤੇ ਐਸੀਡਿਟੀ ਦੀ ਸਮੱਸਿਆ ਘੱਟ ਹੁੰਦੀ ਹੈ। ਜੇਕਰ ਤੁਸੀਂ ਰੋਜ਼ਾਨਾ ਸਵੇਰੇ ਉੱਠਣ ਤੋਂ ਬਾਅਦ ਕਸਰਤ ਕਰਦੇ ਹੋ ਤਾਂ ਪੇਟ ਦੀ ਗੈਸ ਤੋਂ ਛੁਟਕਾਰਾ ਮਿਲ ਸਕਦਾ ਹੈ।

**7. ਤਣਾਅ ਨੂੰ ਘਟਾਉਣ ਵਿਚ ਸਹਾਇਤਾ:** ਤਣਾਅ ਐਸਿਡਿਟੀ ਦੀ ਸਮੱਸਿਆ ਨੂੰ ਵਧਾ ਸਕਦਾ ਹੈ। ਤਣਾਅ ਨੂੰ ਘਟਾਉਣ ਲਈ ਯੋਗਾ, ਧਿਆਨ ਅਤੇ ਹੋਰ ਤਣਾਅ ਰੋਕੂ ਦੀਆਂ ਤਕਨੀਕਾਂ ਦੀ ਵਰਤੋਂ ਕਰੋ। ਇਨ੍ਹਾਂ ਸੁਝਾਵਾਂ ਨੂੰ ਅਪਣਾਉਣ ਨਾਲ, ਤੁਸੀਂ ਸਵੇਰ ਦੀ ਐਸਿਡਿਟੀ ਤੋਂ ਰਾਹਤ ਪ੍ਰਾਪਤ ਕਰ ਸਕਦੇ ਹੋ। ਪਰ ਜੇ ਤੁਹਾਡੀ ਸਮੱਸਿਆ ਗੰਭੀਰ ਜਾਂ ਨਿਰੰਤਰ ਹੈ, ਤਾਂ ਤੁਹਾਨੂੰ ਕਿਸੇ ਡਾਕਟਰ ਨਾਲ ਸਲਾਹ ਕਰਨੀ ਚਾਹੀਦੀ ਹੈ।

# ਚਿਹਰੇ 'ਤੇ ਨਜ਼ਰ ਆਉਂਦੇ ਹਨ ਫੈਟੀ ਲਿਵਰ ਦੇ 5 ਲੱਛਣ

ਇਨ੍ਹੀਂ ਦਿਨੀਂ ਫੈਟੀ ਲਿਵਰ ਦੀ ਸਮੱਸਿਆ ਤੇਜ਼ੀ ਨਾਲ ਵੱਧ ਰਹੀ ਹੈ। ਬਦਲਦੇ ਲਾਈਫਸਟਾਈਲ ਤੇ ਖਾਣ-ਪੀਣ ਦੀਆਂ ਗਲਤ ਆਦਤਾਂ ਕਾਰਨ ਤੁਸੀਂ ਬਿਮਾਰੀਆਂ ਦਾ ਸ਼ਿਕਾਰ ਬਣ ਜਾਂਦੇ ਹੋ। ਇਹ ਇੱਕ ਗੰਭੀਰ ਸਥਿਤੀ ਹੈ, ਜੋ ਕਈ ਮਾਮਲਿਆਂ ਵਿੱਚ ਜਾਨਲੇਵਾ ਤਕ ਸਾਬਤ ਹੋ ਸਕਦੀ ਹੈ। ਅਜਿਹੇ 'ਚ ਸਮੇਂ 'ਤੇ ਇਸ ਦੀ ਪਛਾਣ ਕਰਨਾ ਜ਼ਰੂਰੀ ਹੈ।



ਕੋਈ ਵੀ ਬਿਮਾਰੀ ਜਾਂ ਸਮੱਸਿਆ ਹੋਣ 'ਤੇ ਸਾਡਾ ਸਰੀਰ ਉਸ ਬਾਰੇ ਦੱਸਣਾ ਸ਼ੁਰੂ ਕਰ ਦਿੰਦਾ ਹੈ। ਸਰੀਰ 'ਚ ਅਕਸਰ ਕਈ ਅਜਿਹੇ ਲੱਛਣ ਨਜ਼ਰ ਆਉਂਦੇ ਹਨ, ਜੋ ਇਨ੍ਹਾਂ ਬਿਮਾਰੀਆਂ ਬਾਰੇ ਦੱਸਦੇ ਹਨ। ਹਾਲਾਂਕਿ ਅਸੀਂ ਕਈ ਵਾਰ ਜਾਂ ਤਾਂ ਇਨ੍ਹਾਂ ਲੱਛਣਾਂ ਦੀ ਪਛਾਣ ਨਹੀਂ ਕਰ ਪਾਉਂਦੇ ਤਾਂ ਫਿਰ ਕਈ ਵਾਰ ਇਨ੍ਹਾਂ ਨੂੰ ਪਛਾਣਨ ਵਿੱਚ ਦੇਰੀ ਵੀ ਕਰ ਦਿੰਦੇ ਹਾਂ, ਜਿਸ ਕਾਰਨ ਸਾਨੂੰ ਗੰਭੀਰ ਨੁਕਸਾਨ ਹੋ ਸਕਦੈ ਹਨ। ਫੈਟੀ ਲਿਵਰ ਹੋਣ 'ਤੇ ਵੀ ਕਈ ਲੱਛਣ ਨਜ਼ਰ ਆਉਂਦੇ ਹਨ, ਜਿਨ੍ਹਾਂ 'ਚੋਂ ਕੁਝ ਚਿਹਰੇ 'ਤੇ ਦਿਖਾਈ ਦਿੰਦੇ ਹਨ।

**ਅੰਦਰੂਨੀ ਨਾੜੀਆਂ–** ਚਿਹਰੇ ਤੇ ਸਰੀਰ ਦੀ ਚਮੜੀ 'ਤੇ ਜੇ ਤੁਹਾਨੂੰ ਆਪਣੀਆਂ ਸੋਜ਼ ਦਿੱਖਦੀ ਹੈ ਤਾਂ ਇਹ ਫੈਟੀ ਲਿਵਰ ਦੇ ਕਾਰਨ ਹੋ ਸਕਦਾ ਹੈ। ਲਿਵਰ ਵਿੱਚ ਫੈਟ ਜਮ੍ਹਾ ਹੋਣ ਕਾਰਨ ਸੋਜ਼ ਦਿਖਾਈ ਦਿੰਦੀ ਹੈ, ਜਿਸ ਕਾਰਨ ਬਲੈਂਡ ਸਰਕਲ ਹੌਲੀ ਹੋ ਜਾਂਦਾ ਹੈ।

**ਖੁਜਲੀ–** ਬਾਇਓਮੈਡੀਸਨ ਜਰਨਲ ਵਿੱਚ ਇੱਕ ਅਧਿਐਨ ਅਨੁਸਾਰ, ਫੈਟੀ ਲਿਵਰ ਦੀ ਸਮੱਸਿਆ ਨਾਲ ਪੀੜਤ ਪੰਜਾਂ ਵਿੱਚੋਂ ਇੱਕ ਵਿਅਕਤੀ ਖੁਜਲੀ ਦਾ ਅਨੁਭਵ ਹੁੰਦਾ ਹੈ। ਜੋ ਚਿਰਹੇ 'ਤੇ ਹੋ ਸਕਦੀ ਹੈ। ਹਾਲਾਂਕਿ ਇਸ ਲੱਛਣ ਦਾ ਕਾਰਨ ਜਾਣਨ ਲਈ ਵਿਗਿਆਨੀ ਅਜੇ ਵੀ ਕੋਸ਼ਿਸ਼ ਕਰ ਰਹੇ ਹਨ।

**ਚਮੜੀ ਦਾ ਡਾਰਕ ਹੋਣਾ–** ਫੈਟੀ ਲਿਵਰ ਦੀ ਬਿਮਾਰੀ ਜਿਵੇਂ-ਜਿਵੇਂ ਵਧਦੀ ਜਾਂਦੀ ਹੈ ਤੇ ਸਿਰੋਸਿਸ ਵਿੱਚ ਬਦਲਾਅ ਲੱਗਦਾ ਹੈ, ਚਮੜੀ ਦੀਆਂ ਹੋਰ ਸਮੱਸਿਆਵਾਂ ਵੀ ਹੋਣ ਲੱਗਦੀਆਂ ਹਨ। ਚਮੜੀ ਦਾ ਡਾਰਕ ਹੋਣਾ ਵੀ ਸ਼ਾਮਲ ਹੈ, ਜੋ ਆਮ ਤੌਰ 'ਤੇ ਗਰਦਨ ਦੇ ਪਿਛਲੇ ਪਾਸੇ ਦੇਖਿਆ ਜਾਂਦਾ ਹੈ ਕਿਉਂਕਿ ਫੈਟੀ ਲਿਵਰ ਵਾਲੇ ਲੋਕਾਂ ਨੂੰ ਅਕਸਰ ਇਨਸੁਲਿਨ ਪ੍ਰਤੀਰੋਧ ਜਾਂ ਜ਼ਿਆਦਾ ਇਨਸੁਲਿਨ ਦੀ ਵਰਤੋਂ ਕਰਨ ਵਿੱਚ ਮੁਸ਼ਕਲ ਹੁੰਦੀ ਹੈ, ਜੋ ਕਿ ਐਕੈਂਥੋਸਿਸ ਨਾਈਗ੍ਰੀਕਨਜ਼ ਦਾ ਮੁੱਖ ਕਾਰਨ ਹੈ।

**ਪੀਲੀਆ–** ਫੈਟੀ ਲਿਵਰ ਦੀ ਲਾਸਟ ਸਟੇਜ ਵਿੱਚ ਪਹੁੰਚਣ 'ਤੇ ਪੀਲੀਆ ਦੇ ਲੱਛਣ ਦਿਖਾਈ ਦਿੰਦੇ ਹਨ। ਇਸ ਕਾਰਨ ਚਮੜੀ ਤੇ ਅੱਖਾਂ ਦੇ ਸਫੈਦ ਹਿੱਸੇ ਵਿੱਚ ਪੀਲਾਪਨ ਦਿਖਾਈ ਦਿੰਦਾ ਹੈ। ਇਹ ਲਿਵਰ ਨੂੰ ਠੀਕ ਤਰ੍ਹਾਂ ਫਿਲਟਰ ਨਾ ਕਰਨ ਦਾ ਨਤੀਜਾ ਹੈ, ਜਿਸ ਕਾਰਨ ਪੀਲੀਆ ਹੋ ਜਾਂਦਾ ਹੈ।

# 30 ਤੋਂ ਬਾਅਦ ਵੀ ਚਮੜੀ ਰਹੇਗੀ ਜਵਾਨ

ਕੁਝ ਖਾਸ ਭੋਜਨ ਹਨ ਜੋ ਤੁਹਾਡੀ ਚਮੜੀ ਨੂੰ ਅੰਦਰੋਂ ਪੋਸ਼ਣ ਦੇ ਕੇ ਜਵਾਨ ਰੱਖਣ ਵਿੱਚ ਮਦਦ ਕਰਦੇ ਹਨ। ਆਓ ਇਸ ਲੇਖ ਵਿਚ ਉਨ੍ਹਾਂ ਸੁਪਰਫੂਡਜ਼ ਬਾਰੇ ਜਾਣਦੇ ਹਾਂ ਜੋ ਤੁਹਾਡੀ ਚਮੜੀ ਨੂੰ 30 ਤੋਂ ਬਾਅਦ ਵੀ ਜਵਾਨ ਰੱਖ ਸਕਦੇ ਹਨ।

**ਬਦਾਮ ਅਤੇ ਅਖਰੋਟ–** ਬਦਾਮ ਅਤੇ ਅਖਰੋਟ ਦੋਵੇਂ ਹੀ ਸਿਹਤ ਲਈ ਬਹੁਤ ਫਾਇਦੇਮੰਦ ਹੁੰਦੇ ਹਨ। ਇਨ੍ਹਾਂ 'ਚ ਵਿਟਾਮਿਨ ਈ ਭਰਪੂਰ ਮਾਤਰਾ 'ਚ ਹੁੰਦਾ ਹੈ ਜੋ ਚਮੜੀ ਨੂੰ ਨਮੀ ਦਿੰਦਾ ਹੈ ਅਤੇ ਸੂਰਜ ਦੀਆਂ ਹਾਨੀਕਾਰਕ ਕਿਰਨਾਂ ਤੋਂ ਬਚਾਉਂਦਾ ਹੈ। ਇਸ ਤੋਂ ਇਲਾਵਾ ਇਨ੍ਹਾਂ 'ਚ ਮੌਜੂਦ ਓਮੇਗਾ-3 ਫੈਟੀ ਐਸਿਡ ਚਮੜੀ ਨੂੰ ਸਿਹਤਮੰਦ ਰੱਖਣ 'ਚ ਮਦਦ ਕਰਦੇ ਹਨ।

**ਪਾਲਕ ਅਤੇ ਹਰੀਆਂ ਪੱਤੇਦਾਰ ਸਬਜ਼ੀਆਂ–** ਪਾਲਕ ਅਤੇ ਹੋਰ ਹਰੀਆਂ ਪੱਤੇਦਾਰ ਸਬਜ਼ੀਆਂ ਵਿਟਾਮਿਨ ਏ, ਸੀ ਅਤੇ ਕੇ ਨਾਲ ਭਰਪੂਰ ਹੁੰਦੀਆਂ ਹਨ। ਇਹ ਵਿਟਾਮਿਨ ਚਮੜੀ ਨੂੰ ਕੋਲੇਜਨ ਪੈਦਾ ਕਰਨ ਵਿੱਚ ਮਦਦ ਕਰਦੇ ਹਨ ਜੋ ਸਕਿਨ ਨੂੰ ਟਾਈਟ ਅਤੇ ਜਵਾਨ ਬਣਾਉਂਦਾ ਹੈ।

**ਐਵੋਕਾਡੋ–** ਐਵੋਕਾਡੋ ਸਿਹਤਮੰਦ ਚਰਬੀ, ਵਿਟਾਮਿਨ ਈ ਅਤੇ ਸੀ ਨਾਲ ਭਰਪੂਰ ਹੁੰਦਾ ਹੈ। ਇਹ ਪੌਸ਼ਟਿਕ ਤੱਤ ਸਕਿਨ ਨੂੰ ਹਾਈਡਰੇਟ ਰੱਖਦੇ ਹਨ ਅਤੇ ਇਸ ਨੂੰ ਨਮੀ ਪ੍ਰਦਾਨ ਕਰਦੇ ਹਨ।

**ਦਹੀਂ ਅਤੇ ਪ੍ਰੋਬਾਇਓਟਿਕਸ–** ਦਹੀਂ ਅਤੇ ਹੋਰ ਪ੍ਰੋਬਾਇਓਟਿਕ ਨਾਲ ਭਰਪੂਰ ਭੋਜਨ ਪਦਾਰਥ ਨਾ ਸਿਰਫ਼ ਪਾਚਨ ਨੂੰ ਠੀਕ ਰੱਖਦੇ ਹਨ ਸਗੋਂ ਚਮੜੀ ਨੂੰ ਵੀ ਚਮਕਦਾਰ ਬਣਾਉਂਦੇ ਹਨ। ਇਹ ਚੰਗੇ ਬੈਕਟੀਰੀਆ ਸਕਿਨ ਨੂੰ ਇਨਫੈਕਸ਼ਨ ਤੋਂ ਬਚਾਉਂਦੇ ਹਨ ਅਤੇ ਇਸ ਨੂੰ ਸਿਹਤਮੰਦ ਰੱਖਦੇ ਹਨ।

**ਬੇਰੀਜ਼–** ਬੇਰੀਜ਼ ਵਿਟਾਮਿਨ ਸੀ, ਐਂਟੀਆਕਸੀਡੈਂਟ ਅਤੇ ਫਾਈਬਰ ਨਾਲ ਭਰਪੂਰ ਹੁੰਦੀਆਂ ਹਨ ਜੋ ਤੁਹਾਡੀ ਸਕਿਨ ਨੂੰ ਅੰਦਰੋਂ ਪੋਸ਼ਣ ਦਿੰਦੀਆਂ ਹਨ।

# ਪ੍ਰੋਟੀਨ ਦਾ ਬਿਹਤਰੀਨ ਸਰੋਤ ਹੈ ਮੂੰਗਫਲੀ

ਮੂੰਗਫਲੀ ਭਾਵੇਂ ਸਾਰਾ ਸਾਲ ਮੁਹੱਈਆ ਹੁੰਦੀ ਹੈ ਪਰ ਸਰਦੀਆਂ ’ਚ ਭਾਰਤੀ ਲੋਕ ਇਸ ਨੂੰ ਵਧੇਰੇ ਪਸੰਦ ਕਰਦੇ ਹਨ। ਮੂੰਗਫਲੀ ਅਨੇਕਾਂ ਅਜਿਹੇ ਪੋਸ਼ਕ ਤੱਤਾਂ ਨਾਲ ਭਰਪੂਰ ਹੁੰਦੀ ਹੈ, ਜੋ ਸਿਹਤ ਵਰਧਕ ਹੁੰਦੇ ਹਨ। ਮਨੁੱਖ ਲਈ ਲੋੜੀਂਦੀ ਚਰਬੀ ਤੇ ਪ੍ਰੋਟੀਨ ਦਾ ਮੂੰਗਫਲੀ ਉੱਤਮ ਸਰੋਤ ਹੈ। ਮੂੰਗਫਲੀ ’ਚ ਪ੍ਰੋਟੀਨ ਦੀ ਮਾਤਰਾ ਮਾਸ ਨਾਲੋਂ 1.3 ਗੁਣਾਂ, ਆਂਡਿਆਂ ਨਾਲੋਂ ਕਰੀਬ 2.5 ਗੁਣਾਂ ਤੇ ਫਲਾਂ ਨਾਲੋਂ ਕਰੀਬ 8 ਗੁਣਾਂ ਹੁੰਦੀ ਹੈ। ਸੌ ਗ੍ਰਾਮ ਕੱਚੀ ਮੂੰਗਫਲੀ ’ਚ 1 ਲਿਟਰ ਦੁੱਧ ਜਿੰਨਾ ਪ੍ਰੋਟੀਨ ਹੁੰਦਾ ਹੈ।

ਮੂੰਗਫਲੀ ਫਲੀਦਾਰ ਪੌਦਿਆਂ ਦੇ ਵਰਗ ਨਾਲ ਸਬੰਧਿਤ ਪੌਦਾ ਹੈ। ਇਹ ਪੌਦਾ ਰੇਤਲੀ ਜ਼ਮੀਨ ’ਚ ਵਧੀਆ ਉੱਗਦਾ ਹੈ। ਖਾਧੀ ਜਾਣ ਵਾਲੀ ਮੂੰਗਫਲੀ ਧਰਤੀ ਦੇ ਹੇਠਾਂ ਪੌਦਿਆਂ ਦੀਆਂ ਜੜ੍ਹਾਂ ਨੂੰ ਚਿਪਕੀ ਹੋਈ ਮਿਲਦੀ ਹੈ।

### ਕਬਜ਼ ਰੋਕਣ ’ਚ ਮਦਦਗਾਰ

ਇਸ ’ਚ ਐਂਟੀਆਕਸੀਡੈਂਟ ਤੇ ਨਿਆਸਿਨ ਵਰਗ ਦੇ ਯੋਗਿਕ ਵੀ ਹੁੰਦੇ ਹਨ, ਜਿਸ ਕਾਰਨ ਇਸ ਦਾ ਸੇਵਨ ਕਰਨ ਨਾਲ ਬੁਢਾਪੇ ਵਾਲੇ ਲੱਛਣਾਂ, ਜਿਵੇਂ ਚਮੜੀ ’ਤੇ ਝੁਰੜੀਆਂ ਦਾ ਪੈਣਾ, ਅਲਜ਼ਾਈਮਰ ਰੋਗ ਤੇ ਦਿਮਾਗ਼ੀ ਸਮਝ ਸਬੰਧੀ ਹੋਰ ਸਮੱਸਿਆਵਾਂ ਪੈਦਾ ਹੋਣ ਦੀ ਕਿਰਿਆ ਵੀ ਹੌਲੀ ਹੋ ਜਾਂਦੀ ਹੈ। ਇਸ ਕਾਰਨ ਮੂੰਗਫਲੀ ਹਰ ਵਰਗ ਦੇ ਲੋਕਾਂ ਲਈ ਉੱਤਮ ਭੋਜਨ ਬਣਦੀ ਹੈ।

ਮੂੰਗਫਲੀ ’ਚ ਮੋਟਾ ਆਹਾਰ (ਰੇਸ਼ੇਦਾਰ ਅੰਸ਼ ਭਾਵ ਰਫੇਜ) ਤੇ ਚਿਕਨਾਈ ਵਧੀਆ ਮਾਤਰਾ ’ਚ ਹੋਣ ਕਾਰਨ ਇਹ ਕਬਜ਼ ਰੋਕਣ ਵਿਚ ਕਾਫ਼ੀ ਮਦਦਗਾਰ ਹੋ ਸਕਦੀ ਹੈ। ਇਹ ਭੁੱਖ ਨੂੰ ਵੀ ਸ਼ਾਂਤ ਕਰਦੀ ਹੈ। ਸਫ਼ਰ ਆਦਿ ਕਰਦੇ ਸਮੇਂ ਲੋਕ (ਖ਼ਾਸ ਤੌਰ ’ਤੇ ਬੱਚੇ) ਜੇ ਇਸ ਦਾ ਸੇਵਨ ਕਰਨ ਤਾਂ ਫਾਸਟ ਫੂਡਜ਼, ਜਿਵੇਂ ਬਰਗਰ, ਪੀਜ਼ਾ, ਚਿਪਸ, ਕੋਲਡ ਡ੍ਰਿੰਕਸ ਆਦਿ ਦੀ ਲੋੜ ਨਹੀਂ ਪੈਂਦੀ। ਫਾਸਟ ਫੂਡਜ਼ ਅੱਜ ਸਾਡੇ ਲਈ ਅਨੇਕਾਂ ਰੋਗਾਂ ਦਾ ਕਾਰਨ ਬਣ ਰਹੇ ਹਨ। ਅਸੀਂ ਦੇਖਾਦੇਖੀ ਇਨ੍ਹਾਂ ਦਾ ਸੇਵਨ ਕਰੀ ਜਾ ਰਹੇ ਹਾਂ।

### ਹੱਡੀਆਂ ਹੁੰਦੀਆਂ ਮਜ਼ਬੂਤ

ਮੂੰਗਫਲੀ ਵਿਚਲਾ ਫਾਸਫੋਰਸ ਤੱਤ ਹੱਡੀਆਂ ਨੂੰ ਤਾਕਤ ਦਿੰਦਾ ਹੈ ਤੇ ਸਰੀਰ ਦੀਆਂ ਕੋਸ਼ਿਕਾਵਾਂ ਦੇ ਵਾਧੇ ’ਚ ਮਦਦ ਕਰਦਾ ਹੈ, ਜਿਸ ਨਾਲ ਸਰੀਰਕ ਵਿਕਾਸ ਵਧੀਆ ਹੁੰਦਾ ਹੈ। ਇਸ ਵਿਚਲਾ ਤਾਂਬਾ ਨਾੜੀਆਂ, ਹੱਡੀਆਂ ਤੇ ਲਾਲ ਰਕਤਾਣੂਆਂ ਦੀ ਤੰਦਰੁਸਤੀ ਲਈ ਜ਼ਰੂਰੀ ਹੁੰਦਾ ਹੈ। ਇਸ ਵਿਚਲਾ ਮੈਗਨੀਸ਼ੀਅਮ ਮਾਸਪੇਸ਼ੀਆਂ ਦੇ ਠੀਕ ਕੰਮ ਕਰਨ ਤੇ ਸਰੀਰ ਅੰਦਰ ਊਰਜਾ ਦੀ ਉਤਪਤੀ ਲਈ ਜ਼ਰੂਰੀ ਹੁੰਦਾ ਹੈ। ਇਸ ’ਚ ਮੌਜੂਦ ਰੈਸਵਿਰੈਟਰੌਲ ਤੇ ਪੀ-ਕੌਮੈਰਿਕ ਐਸਿਡ ਸਰੀਰ ਲਈ ਲੋੜੀਂਦੇ ਐਂਟੀਆਕਸੀਡੈਂਟ ਹੁੰਦੇ ਹਨ। ਐਂਟੀਆਕਸੀਡੈਂਟ ਉਹ ਯੋਗਿਕ ਹੁੰਦੇ ਹਨ, ਜੋ ਬੁਢਾਪਾ ਆਉਣ ਦੀ ਪ੍ਰਕਿਰਿਆ ਨੂੰ ਮੱਠਾ ਕਰਦੇ ਹਨ। ਇਸ ’ਚ ਮੌਜੂਦ ਰੈਸਵਿਰੈਟਰੌਲ ਦਿਲ ਦੇ ਰੋਗਾਂ, ਵਿਸ਼ਾਣੂ ਜਣਿਤ ਬਿਮਾਰੀਆਂ, ਕਈ ਤਰ੍ਹਾਂ ਦੇ ਕੈਂਸਰਾਂ ਤੇ ਮਾਰੂ ਰੋਗਾਂ ਤੋਂ ਰੱਖਿਆ ਕਰਦਾ ਹੈ, ਜਦੋਂਕਿ ਪੀ-ਕੌਮੈਰਿਕ ਐਸਿਡ ਮਿਹਦੇ ਦੇ ਕੈਂਸਰ ਦਾ ਖ਼ਤਰਾ ਘੱਟ ਕਰਦਾ ਹੈ। ਇਸ ਕਰਕੇ ਮੂੰਗਫਲੀ ਦੀ ਕੇਵਲ ਗਿਰੀ ਹੀ ਨਹੀਂ, ਗਿਰੀ ਦਾ ਲਾਲ ਛਿਲਕਾ ਵੀ ਕਾਫ਼ੀ ਗੁਣਕਾਰੀ ਹੁੰਦਾ ਹੈ।

### ਵਧਦੀ ਹੈ ਯਾਦਸ਼ਕਤੀ

ਜੇ ਇਸ ਵਿਚਲੇ ਖਣਿਜਾਂ ਦੀ ਗੱਲ ਕਰੀਏ ਤਾਂ ਮੈਗਨੀਜ਼ ਸਭ ਤੋਂ ਵੱਧ ਹੁੰਦਾ ਹੈ। ਉਸ ਤੋਂ ਬਾਅਦ ਸੋਡੀਅਮ, ਫਿਰ ਮੈਗਨੀਸ਼ੀਅਮ, ਤਾਂਬਾ ਤੇ ਫਿਰ ਫਾਸਫੋਰਸ ਹੁੰਦਾ ਹੈ। ਪਹਿਲਾਂ ਵਰਣਿਤ ਕੈਂਸਰਰੋਧੀ ਤੱਤਾਂ ਤੋਂ ਬਿਨਾਂ ਮੂੰਗਫਲੀ ਵਿਚ ਬੀਟਾ-ਸਿਸਟਰੌਲ ਵੀ ਹੁੰਦਾ ਹੈ, ਜੋ ਟਿਊਮਰਾਂ ਦਾ ਬਣਨਾ ਰੋਕ ਕੇ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਵਿਰੁੱਧ ਕੰਮ ਕਰਦਾ ਹੈ। ਮੂੰਗਫਲੀ ਵਿਚਲਾ ਵਿਟਾਮਿਨ ਬੀ-3 ਸਾਡੀ ਯਾਦਸ਼ਕਤੀ ਨੂੰ ਵਧਾਉਂਦਾ ਹੈ। ਇਸ ਵਿਚ ਮੌਜੂਦ ਇਕ ਫਲੇਵੋਨਾਇਡ (ਰੈਸਵਿਰੈਟਰੌਲ) ਦਿਮਾਗ਼ ਨੂੰ ਜਾਣ ਵਾਲੀ ਖ਼ੂਨ ਦੀ ਸਪਲਾਈ ਵਿਚ 30 ਫ਼ੀਸਦੀ ਤਕ ਦਾ ਵਾਧਾ ਕਰ ਸਕਦਾ ਹੈ। ਦਿਮਾਗ਼ ਨੂੰ ਖ਼ੂਨ ਦੀ ਸਪਲਾਈ ਵਧਣ ਨਾਲ ਦਿਮਾਗ਼ੀ ਥਕਾਵਟ ਘਟਦੀ ਹੈ ਤੇ ਦਿਮਾਗ਼ ਦੀ ਕਾਰਜ ਸਮਰੱਥਾ ਵਧਦੀ ਹੈ। ਏਨਾ ਹੀ ਨਹੀਂ, ਮੂੰਗਫਲੀ ਵਿਚਲਾ ਟ੍ਰਿਪਟੋਫੈਨ ਨਾਮੀ ਤੱਤ ਦਿਮਾਗ਼ ’ਚ ਸਿਰੋਟੋਨਿਨ ਨਾਂ ਦਾ ਇਕ ਰਸਾਇਣ ਰਿਸਾਉਣ ’ਚ ਮਦਦ ਕਰਦਾ ਹੈ। ਸਿਰੋਟੋਨਿਨ ਨਾਂ ਦਾ ਇਹ ਰਸਾਇਣ ਡਿਪ੍ਰੈਸ਼ਨ ਨਹੀਂ ਹੋਣ ਦਿੰਦਾ।

### ਗਰਭਵਤੀ ਔਰਤਾਂ ਲਈ ਲਾਹੇਵੰਦ

80,000 ਔਰਤਾਂ ਉਪਰ 20 ਸਾਲਾਂ ਤਕ ਕੀਤੇ ਗਏ ਇਕ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਹਰ ਹਫ਼ਤੇ ਜੇ 1 ਔਂਸ ਮੂੰਗਫਲੀ ਵੀ ਖਾ ਲਈ ਜਾਵੇ ਤਾਂ ਪਿੱਤੇ ਦੀ ਪੱਥਰੀ ਹੋਣ ਦਾ ਖ਼ਤਰਾ 25 ਫੀਸਦੀ ਘਟ ਜਾਂਦਾ ਹੈ। ਮੂੰਗਫਲੀ ਗਰਭਵਤੀ ਔਰਤਾਂ ਲਈ ਵੀ ਕਾਫ਼ੀ ਲਾਹੇਵੰਦ ਹੁੰਦੀ ਹੈ। ਇਕ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਜਿਹੜੀਆਂ ਗਰਭਵਤੀ ਔਰਤਾਂ ਮੂੰਗਫਲੀ ਤੇ ਹੋਰ ਗਿਰੀਆਂ ਖਾਂਦੀਆਂ ਹਨ, ਉਨ੍ਹਾਂ ਦੇ ਬੱਚਿਆਂ ਨੂੰ ਦਮੇ ਵਰਗੇ ਐਲਰਜੀ ਰੋਗ ਘੱਟ ਹੁੰਦੇ ਹਨ।

ਮੂੰਗਫਲੀ ’ਚ ਮੌਜੂਦ ਵਿਟਾਮਿਨ-ਸੀ ਕਾਰਨ ਸਰੀਰ ਵਿਚ ਕੌਲੇਜਨ ਨਾਮੀ ਯੋਗਿਕ ਬਣਨ ’ਚ ਮਦਦ ਮਿਲਦੀ ਹੈ, ਜੋ ਵਾਲਾਂ ਦੀ ਸਿਹਤ ਵਧੀਆ ਬਣਾਈ ਰੱਖਣ ਵਿਚ ਸਹਾਈ ਹੁੰਦਾ ਹੈ। ਇਸ ’ਚ ਪਾਇਆ ਜਾਂਦਾ ਓਮੇਗਾ-3 ਚਰਬੀ-ਤੇਜ਼ਾਬ ਵਾਲਾਂ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਦਾ ਹੈ ਤੇ ਵਾਲਾਂ ਦਾ ਝੜਨਾ ਰੋਕ ਕੇ ਉਨ੍ਹਾਂ ਦਾ ਵਾਧਾ ਤੇਜ਼ ਕਰਦਾ ਹੈ। ਇਨ੍ਹਾਂ ਦੋ ਪੋਸ਼ਕ ਤੱਤਾਂ ਕਾਰਨ ਮੂੰਗਫਲੀ ਜੋੜਾਂ ਨੂੰ ਤੰਦਰੁਸਤ ਰੱਖਣ ਤੇ ਮਾਸਪੇਸ਼ੀਆਂ ਤੇ ਲਿਗਾਮੈਂਟਾਂ ਦੇ ਨਿਰਮਾਣ/ਮੁਰੰਮਤ ’ਚ ਵੀ ਸਹਾਈ ਹੁੰਦੀ ਹੈ।

### ਕੱਚੀ ਗਿਰੀ ਹੁੰਦੀ ਵਧੇਰੇ ਪੌਸ਼ਟਿਕ

ਕਈ ਥਾਈਂ ਤਾਂ ਮੂੰਗਫਲੀ ਦੇ ਗੁਣਾਂ ਨੂੰ ਕਾਜੂਆਂ ਤੇ ਬਦਾਮਾਂ ਦੇ ਤੁਲ ਦੱਸਿਆ ਗਿਆ ਹੈ। ਇਸੇ ਕਾਰਨ ਹੀ



ਮੂੰਗਫਲੀ ਨੂੰ ‘ਗ਼ਰੀਬ ਦਾ ਬਦਾਮ’ ਵੀ ਕਿਹਾ ਗਿਆ ਹੈ। ਮੂੰਗਫਲੀ ਦੀ ਕੱਚੀ ਗਿਰੀ ਭੁੰਨੀ ਹੋਈ ਗਿਰੀ ਨਾਲੋਂ ਕੁਝ ਵਧੇਰੇ ਪੌਸ਼ਟਿਕ ਹੁੰਦੀ ਹੈ ਕਿਉਂਕਿ ਭੁੰਨਣ ਨਾਲ ਕੁਝ ਪੌਸ਼ਟਿਕਤਾ ਨਸ਼ਟ ਹੋ ਜਾਂਦੀ ਹੈ। ਜੇ ਮੂੰਗਫਲੀ ਦੀਆਂ ਗਿਰੀਆਂ ਨੂੰ ਅੰਕੁਰਿਤ ਕਰ ਕੇ ਖਾਧਾ ਜਾਵੇ ਤਾਂ ਇਨ੍ਹਾਂ ਦੀ ਪੌਸ਼ਟਿਕਤਾ ਹੋਰ ਵੀ ਵਧ ਜਾਂਦੀ ਹੈ ਤੇ ਪਾਚਣ ਵਧੇਰੇ ਸੌਖਾਲਾ ਹੋ ਜਾਂਦਾ ਹੈ। ਮੂੰਗਫਲੀ ਵਿਚਲਾ ਪ੍ਰੋਟੀਨ ਦੁੱਧ ਵਿਚ ਮਿਲਦੇ ਪ੍ਰੋਟੀਨ ਨਾਲ, ਜਦੋਂਕਿ ਇਸ ਵਿਚਲੀ ਚਿਕਨਾਈ ਘਿਓ ਨਾਲ ਮੇਲ ਖਾਂਦੀ ਹੈ।

### ਚਮੜੀ ਨੂੰ ਬਣਾਵੇ ਚਮਕਦਾਰ

ਪ੍ਰੋਟੀਨ ਤੇ ਚਿਕਨਾਈ (ਚਰਬੀ) ਤੋਂ ਇਲਾਵਾ ਮੂੰਗਫਲੀ ’ਚ ਕਾਰਬੋਹਾਈਡ੍ਰੇਟ ਵੀ ਕਾਫ਼ੀ ਮਾਤਰਾ ਵਿਚ ਹੁੰਦੇ ਹਨ। ਏਨਾ ਹੀ ਨਹੀਂ, ਕਈ ਤਰ੍ਹਾਂ ਦੇ ਵਿਟਾਮਿਨ, ਜਿਵੇਂ ਵਿਟਾਮਿਨ-ਬੀ, ਸੀ, ਈ ਅਤੇ ਕੇ ਵੀ ਇਸ ਵਿਚ ਹੁੰਦੇ ਹਨ। ਇਸ ਕਾਰਨ ਮੂੰਗਫਲੀ ਵਧੀਆ ਭੋਜਨ ਮੰਨੀ ਜਾਂਦੀ ਹੈ। ਮੂੰਗਫਲੀ ਚਮੜੀ ਨੂੰ ਚਮਕਦਾਰ ਬਣਾਉਂਦੀ ਹੈ, ਪਾਚਨ ਸ਼ਕਤੀ ਵਧਾਉਂਦੀ ਹੈ ਤੇ ਸਰਦੀਆਂ ’ਚ ਸਾਨੂੰ ਠੰਢ ਤੋਂ ਵੀ ਬਚਾਉਂਦੀ ਹੈ। ਇਹ ਫੇਫੜਿਆਂ ਨੂੰ ਤਾਕਤ ਦਿੰਦੀ ਹੈ ਤੇ ਖੰਘ ਵਿਚ ਵੀ ਲਾਭਦਾਇਕ ਮੰਨੀ ਗਈ ਹੈ। ਵਿਸ਼ੇਸ਼ ਤੌਰ ’ਤੇ ਜੇ ਗੁੜ ਨਾਲ ਖਾਧੀ ਜਾਵੇ (ਗੁੜ ਦਾ ਸ਼ੁੱਧ ਹੋਣਾ ਵੀ ਦੇਖਣਾ ਬਣਦਾ ਹੈ)।

### ਦੋ ਗੱਲਾਂ ਦਾ ਰੱਖੋ ਧਿਆਨ

ਮੂੰਗਫਲੀ ਖਾਣ ਲੱਗਿਆਂ ਬਸ ਦੋ ਗੱਲਾਂ ਦਾ ਹੀ ਧਿਆਨ ਰੱਖਣਾ ਬਣਦਾ ਹੈ। ਪਹਿਲੀ ਤਾਂ ਇਹ ਕਿ ਪਿੱਤ ਵਰਧਕ ਹੈ। ਵਧੇ ਹੋਏ ਪਿੱਤ (ਦੇਸੀ ਇਲਾਜ ਪ੍ਰਣਾਲੀ ਅਨੁਸਾਰ) ਵਾਲੇ ਵਿਅਕਤੀਆਂ ਨੂੰ ਇਸ ਦਾ ਸੇਵਨ ਧਿਆਨ ਪੂਰਵਕ ਕਰਨਾ ਚਾਹੀਦਾ ਹੈ। ਦੂਜੀ ਗੱਲ ਇਹ ਹੈ ਕਿ ਰਾਹ ਵਿਚ ਜਾਂ ਬੱਸ ਆਦਿ ’ਚ ਮੂੰਗਫਲੀ ਖਾ ਕੇ ਛਿਲਕੇ ਏਧਰ-ਓਧਰ ਨਹੀਂ ਖਿਲਾਰਨੇ ਚਾਹੀਦੇ ਕਿਉਂਕਿ ਵਧੀਆ ਸਿਹਤ ਲਈ ਸਾਫ਼ ਆਲਾ-ਦੁਆਲਾ ਓਨਾ ਹੀ ਲੋੜੀਂਦਾ ਹੁੰਦਾ ਹੈ, ਜਿੰਨੀ ਮੂੰਗਫਲੀ। **– ਡਾ. ਸੁਰਿੰਦਰ ਕੁਮਾਰ ਜਿੰਦਲ**

## ਦਿੱਲੀ ਚੋਣਾਂ ਵਿਚ ਚਰਚਾ 'ਚ ਰਿਹਾ ਅਰਵਿੰਦ ਕੇਜਰੀਵਾਲ ਦਾ 'ਸ਼ੀਸ਼ਮਹਿਲ'

# ਭਾਰਤ ਵਿਚ ਰਾਜੇ-ਮਹਾਰਾਜਿਆਂ ਦੁਆਰਾ ਬਣਵਾਏ ਗਏ ਸ਼ੀਸ਼ਮਹਿਲ

ਦਿੱਲੀ ਵਿਧਾਨ ਸਭਾ ਚੋਣਾਂ ਦੀਆਂ ਪ੍ਰਚਾਰ ਮੁਹਿੰਮਾਂ ਵਿੱਚ ਸ਼ੀਸ਼ਮਹਿਲ ਦੀ ਚਰਚਾ ਨੇ ਇੱਕ ਵਾਰ ਫਿਰ ਇਤਿਹਾਸ ਦੇ ਪੰਨਿਆਂ 'ਤੇ ਆਪਣੀ ਸ਼ਾਨ ਨੂੰ ਚਮਕਾਉਣ ਵਾਲੀ ਸ਼ੀਸ਼ ਮਹਿਲਾਂ ਦੀ ਕਹਾਣੀ ਨੂੰ ਜ਼ਿੰਦਾ ਕਰ ਦਿੱਤਾ ਹੈ। ਫ਼ਿਲਹਾਲ, ਸ਼ੀਸ਼ਮਹਿਲ ਨੂੰ ਲੈ ਕੇ ਨਿਸ਼ਾਨੇ ਆਮ ਆਦਮੀ ਪਾਰਟੀ ਦੇ ਆਗੂ ਅਰਵਿੰਦ ਕੇਜਰੀਵਾਲ 'ਤੇ ਸਾਧੇ ਜਾ ਰਹੇ ਹਨ; ਪਰ ਜੇਕਰ ਇਤਿਹਾਸ ਤੋਂ ਵਰਤਮਾਨ ਤੱਕ ਨਜ਼ਰ ਮਾਰੀਏ ਤਾਂ ਇਤਿਹਾਸ ਦੇ ਪੰਨੇ ਕੱਚ ਦੇ ਮਹਿਲਾਂ ਦੀਆਂ ਸ਼ਾਨਦਾਰ ਹੈਰਾਨ ਕਰਨ ਵਾਲੀਆਂ ਕਹਾਣੀਆਂ ਨਾਲ ਭਰੇ ਪਏ ਹਨ। ਜੇਕਰ ਤੁਸੀਂ ਸ਼ੀਸ਼ਮਹਿਲਾਂ ਬਾਰੇ ਸਹੀ ਢੰਗ ਨਾਲ ਪੜ੍ਹਦੇ ਹੋ, ਤਾਂ ਸਭ ਤੋਂ ਮਸ਼ਹੂਰ ਸ਼ੀਸ਼ਮਹਿਲ ਜੈਪੁਰ ਦੇ ਆਮੇਰ ਮਹਿਲ ਵਿੱਚ ਸਥਿਤ ਹੈ। ਇਸ ਸ਼ੀਸ਼ਮਹਿਲ ਨੂੰ ਦੇਖ ਕੇ ਲਾਹੌਰ ਕਿਲ੍ਹੇ ਵਿੱਚ ਵੀ ਸ਼ੀਸ਼ਮਹਿਲ ਬਣਾਇਆ ਗਿਆ ਸੀ।

ਓਰਛਾ ਦਾ ਸ਼ੀਸ਼ਮਹਿਲ ਹੋਵੇ ਜਾਂ ਪਟਿਆਲੇ ਦਾ, ਆਗਰਾ ਦਾ ਸ਼ੀਸ਼ਮਹਿਲ ਹੋਵੇ ਜਾਂ ਭੋਪਾਲ ਦਾ, ਉਹ ਹਮੇਸ਼ਾ ਸ਼ਾਹੀ ਅਤੇ ਹਾਕਮ ਜਮਾਤਾਂ ਲਈ ਮੋਹ ਦਾ ਵਿਸ਼ਾ ਰਹੇ ਹਨ ਅਤੇ ਆਮ ਲੋਕਾਂ ਦੇ ਹੱਥਾਂ ਵਿੱਚ ਪੱਥਰਾਂ ਦੇ ਨਿਸ਼ਾਨਾਂ ਦਾ ਵੀ ਰਹੇ ਹਨ। ਭਾਰਤ ਅਤੇ ਉਪ-ਮਹਾਂਦੀਪ ਦੇ ਇਤਿਹਾਸ ਵਿੱਚ, "ਸ਼ੀਸ਼ ਮਹਿਲ" ਗ਼ੁਲਾਮ ਯੁੱਗ ਤੋਂ ਲੈ ਕੇ ਹਾਲ ਦੇ ਸਾਲਾਂ ਤੱਕ ਸ਼ਾਨੋ-ਸ਼ੌਕਤ ਅਤੇ ਅਦਭੁਤ ਕਾਰੀਗਰੀ ਦਾ ਪ੍ਰਤੀਕ ਰਿਹਾ ਹੈ। ਇਹ ਮਹਿਲ ਰਾਜਿਆਂ ਅਤੇ ਨਵਾਬਾਂ ਦੀ ਸ਼ਾਨਦਾਰ ਜੀਵਨ ਸ਼ੈਲੀ ਨੂੰ ਦਰਸਾਉਣ ਲਈ ਬਣਾਏ ਗਏ ਸਨ। ਉਨ੍ਹਾਂ ਦੀਆਂ ਕੰਧਾਂ ਅਤੇ ਛੱਤਾਂ ਨੂੰ ਛੋਟੇ-ਛੋਟੇ ਸ਼ੀਸ਼ਿਆਂ ਨਾਲ ਸਜਾਇਆ ਗਿਆ ਸੀ, ਜਿਨ੍ਹਾਂ ਉੱਤੇ ਜਦੋਂ ਰੌਸ਼ਨੀ ਪੈਂਦੀ ਸੀ, ਤਾਂ ਇਸ ਤਰ੍ਹਾਂ ਚਮਕਦੇ ਸਨ ਜਿਵੇਂ ਤਾਰੇ ਜ਼ਮੀਨ 'ਤੇ ਉਤਰ ਆਏ ਹੋਣ। ਦਿੱਲੀ ਦੇ ਸਿਆਸੀ ਗਲਿਆਰਿਆਂ ਵਿੱਚ 'ਸ਼ੀਸ਼ਮਹਿਲ' ਇੱਕ ਅਲੰਕਾਰਿਕ ਪ੍ਰਤੀਕ ਬਣ ਗਿਆ ਹੈ; ਪਰ ਇਨ੍ਹਾਂ ਸ਼ਾਨਦਾਰ ਇਤਿਹਾਸਕ ਉਸਾਰੀਆਂ ਦੀਆਂ ਕਹਾਣੀਆਂ ਆਪਣੇ ਆਪ ਵਿਚ ਘੱਟ ਰੋਮਾਂਚਕ ਨਹੀਂ ਹਨ।

### 2.5 ਕਰੋੜ ਕੱਚ ਦੇ ਟੁਕੜਿਆਂ ਨਾਲ ਰੌਸ਼ਨ ਕੀਤਾ ਗਿਆ ਸ਼ਾਹੀ ਸ਼ੀਸ਼ ਮਹਿਲ

ਜੇ ਸ਼ੀਸ਼ਮਹਿਲਾਂ ਦੀ ਗੱਲ ਹੋ ਰਹੀ ਹੋਵੇ ਤਾਂ ਆਮੇਰ, ਜੈਪੁਰ, ਰਾਜਸਥਾਨ ਦੇ ਕਿਲ੍ਹੇ ਦਾ ਜ਼ਿਕਰ ਆਉਣਾ ਬੇਹੱਦ ਸੁਭਾਵਿਕ ਹੈ। ਆਮੇਰ ਕਿਲ੍ਹਾ 16ਵੀਂ ਸਦੀ ਵਿੱਚ ਰਾਜਾ ਮਾਨਸਿੰਘ ਨੇ ਬਣਵਾਇਆ ਸੀ; ਪਰ ਸ਼ੀਸ਼ ਮਹਿਲ ਨੂੰ ਆਧੁਨਿਕ ਦਿੱਖ ਦੇਣ ਦਾ ਸਹਿਰਾ ਰਾਜਾ ਜੈ ਸਿੰਘ ਪਹਿਲੇ ਨੂੰ ਜਾਂਦਾ ਹੈ।

ਮਸ਼ਹੂਰ ਫ਼ਿਲਮ ਅਭਿਨੇਤਾ ਦਿਲੀਪ ਕੁਮਾਰ ਦੀ ਸੁਪਰਹਿੱਟ ਇਤਿਹਾਸਕ ਫ਼ਿਲਮ 'ਮੁਗ਼ਲ-ਏ-ਆਜ਼ਮ' ਦੇ ਆਪਣੇ ਸਮੇਂ ਦੀ ਸਭ ਤੋਂ ਖ਼ੂਬਸੂਰਤ ਅਤੇ ਮਸ਼ਹੂਰ ਅਭਿਨੇਤਰੀ ਮਧੂਬਾਲਾ 'ਤੇ ਫ਼ਿਲਮਾਏ ਗਏ ਗੀਤ 'ਜਬ ਪਿਆਰ ਕਿਆ ਤੋ ਡਰਨਾ ਕੀ' ਦੀ ਸ਼ਾਨਦਾਰ ਲੋਕੇਸ਼ਨ ਇਸ ਸ਼ੀਸ਼ਮਹਿਲ ਤੋਂ ਪ੍ਰੇਰਿਤ ਸੀ। ਇਸ ਗੀਤ ਵਿੱਚ ਸ਼ੀਸ਼ਮਹਿਲ ਦੀ ਖ਼ੂਬਸੂਰਤੀ ਨੂੰ ਬਹੁਤ ਵਧੀਆ ਢੰਗ ਨਾਲ ਉਜਾਗਰ ਕੀਤਾ ਗਿਆ। ਕਈ ਰੰਗਾਂ ਦੇ ਇਹ ਸ਼ੀਸ਼ੇ ਜਦੋਂ ਰੋਸ਼ਨੀ ਵਿੱਚ ਚਮਕਦੇ ਹਨ, ਤਾਂ ਲੱਗਦਾ ਹੈ ਕਿ ਕਿਸੇ ਨੇ ਦਮਕਦੇ ਬੇਸ਼ਕੀਮਤੀ ਹੀਰਿਆਂ ਅਤੇ ਗਹਿਣਿਆਂ ਦਾ ਕੋਈ ਡੱਬਾ ਖੋਲ੍ਹ ਦਿੱਤੇ ਹੋਵੇ। ਕਿਹਾ ਜਾਂਦਾ ਹੈ ਕਿ ਜਦੋਂ ਕਮਾਲ ਅਮਰੋਹੀ ਨੇ ਇਹ ਦੇਖਿਆ ਤਾਂ ਉਨ੍ਹਾਂ ਦੇ ਦਿਲ-ਦਿਮਾਗ਼ ਵਿੱਚ ਜਗਮਗਾਉਂਦਾ ਸ਼ੀਸ਼ ਮਹਿਲ ਖ਼ਣਕ ਉੱਠਿਆ। ਪ੍ਰਸਿੱਧ ਇਤਿਹਾਸਕਾਰ ਗੋਪੀਨਾਥ ਸ਼ਰਮਾ ਨੇ ਆਪਣੀ ਕਿਤਾਬ 'ਰਾਜਸਥਾਨ ਦਾ ਇਤਿਹਾਸ' ਵਿੱਚ ਇਸ ਕਿਲ੍ਹੇ ਵਿੱਚ ਬਣੇ ਸ਼ੀਸ਼ਮਹਿਲ ਨੂੰ ਬੇਮਿਸਾਲ ਦੱਸਿਆ ਹੈ ਅਤੇ ਮਾਨਸਿੰਘ ਦੇ ਵਾਸਤੂਕਲਾ ਦੇ ਗਿਆਨ ਦੀ ਬੇਹੱਦ ਤਾਰੀਫ਼ ਕੀਤੀ ਹੈ। ਉਨ੍ਹਾਂ ਨੇ ਲਿਖਿਆ ਹੈ, "ਸ਼ੀਸ਼ ਮਹਿਲ ਜਨਾਨਾ ਮਹਿਲਾਂ ਦਾ ਇੱਕ ਹਿੱਸਾ ਹੈ, ਜੋ ਦੇਖਣ ਯੋਗ ਹੈ। ਸ਼ੀਸ਼ਮਹਿਲ ਵਿੱਚ ਵੇਲ-ਬੂਟਿਆਂ ਦਾ ਵਿਲੱਖਣ ਕੰਮ ਹੈ।"

"ਇਮਾਰਤ ਦੀ ਬਾਹਰੀ ਅਤੇ ਅੰਦਰਲੀ ਦੀਵਾਰ 'ਤੇ ਫੁੱਲਾਂ ਦੇ ਗੁਲਦਸਤੇ ਹਨ ਅਤੇ ਫੁੱਲਾਂ 'ਤੇ ਤਿਤਲੀਆਂ ਉੱਕਰੀਆਂ ਹੋਈਆਂ ਹਨ। ਇਹ ਮੁਗ਼ਲ ਕਲਾ ਦੀ ਸਮਾਨਤਾ ਨੂੰ ਦਰਸਾਉਂਦਾ ਹੈ ਅਤੇ ਆਗਰਾ, ਦਿੱਲੀ ਜਾਂ ਸੀਕਰੀ ਦੀ ਕਾਰੀਗਰੀ ਤੋਂ ਘੱਟ ਨਹੀਂ ਹੈ।" ਇਸ ਸ਼ੀਸ਼ਮਹਿਲ ਨੂੰ ਰਾਜਾ ਜੈ ਸਿੰਘ ਨੇ ਮੁਕੰਮਲ ਕਰਵਾਇਆ ਸੀ ਅਤੇ ਜੋ ਕਿ ਖ਼ਾਸ ਤੌਰ 'ਤੇ ਸ਼ਾਹੀ ਦਰਬਾਰ ਅਤੇ ਰਾਣੀਆਂ ਲਈ ਤਿਆਰ ਕੀਤਾ ਗਿਆ ਸੀ। ਇਸ ਦੀਆਂ ਕੰਧਾਂ 'ਤੇ ਛੋਟੇ ਸ਼ੀਸ਼ੇ ਅਤੇ ਮੀਨਾਕਾਰੀ ਦਾ ਕੰਮ ਇਸ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਂਦਾ ਹੈ। ਇਸ ਨੂੰ ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਇੱਕ ਦੀਵੇ ਦੀ ਰੌਸ਼ਨੀ ਪੂਰੇ ਕੱਚ ਦੇ ਮਹਿਲ ਨੂੰ ਰੌਸ਼ਨ ਕਰ ਦੇਵੇ। ਇਹ ਰੋਸ਼ਨੀ, ਕੁਸ਼ਲਤਾ ਅਤੇ ਕਲਾ ਦਾ ਅਨੋਖਾ ਮੇਲ ਹੈ। ਇੱਥੇ ਸ਼ਾਹੀ ਪ੍ਰੋਗਰਾਮ ਅਤੇ ਸੰਗੀਤਕ ਸਮਾਗਮ ਕਰਵਾਏ ਜਾਂਦੇ ਸਨ। ਸੋਹਰਾਬ ਮੋਦੀ ਅਤੇ ਨਸੀਮ ਬਾਨੋ ਦੀ 1950 ਦੀ ਇੱਕ ਫ਼ਿਲਮ 'ਸ਼ੀਸ਼ਮਹਿਲ' ਵੀ ਬਹੁਤ ਮਸ਼ਹੂਰ ਹੋਈ ਸੀ। ਨਸੀਮ ਬਾਨੋ ਮਸ਼ਹੂਰ ਫਿਲਮ ਅਦਾਕਾਰਾ ਸਾਇਰਾ ਬਾਨੋ ਦੀ ਮਾਂ ਸੀ। ਆਮੇਰ ਦੇ ਸ਼ੀਸ਼ਮਹਿਲ ਨੇ ਕਈ ਹੋਰ ਸ਼ਾਸਕਾਂ ਨੂੰ ਵੀ ਸ਼ੀਸ਼ ਮਹਿਲ ਬਣਾਉਣ ਲਈ ਪ੍ਰੇਰਿਤ ਕੀਤਾ। ਰਾਜਸਥਾਨ ਦੇ ਲੋਕ-ਇਤਿਹਾਸਕਾਰ, ਅਧਿਆਪਕ ਤੇ ਪੱਤਰਕਾਰ ਸ਼੍ਰੀਕ੍ਰਿਸ਼ਨ ਜੁਗਨੂੰ ਯਾਦ ਕਰਦੇ ਹਨ ਕਿ ਸ਼ੀਸ਼ਮਹਿਲ ਦੀ ਪ੍ਰਸਿੱਧੀ ਉਸ ਸਮੇਂ ਬਹੁਤ ਜ਼ਿਆਦਾ ਸੀ। ਆਓ, ਹੁਣ ਇੱਕ ਹੋਰ ਸ਼ੀਸ਼ਮਹਿਲ ਦੀ ਕਹਾਣੀ ਵੱਲ ਚਲਦੇ ਹਾਂ।

### ਮੁਮਤਾਜ਼ ਦਾ ਇੱਕ ਸੁਫ਼ਨਾ ਅਤੇ ਬਾਦਸ਼ਾਹ ਨੇ ਬਣਵਾ ਦਿੱਤਾ ਸ਼ੀਸ਼ਮਹਿਲ

ਹਾਕਮਾਂ ਦੇ ਮੁਹੱਬਤਾਂ ਦੇ ਕਿੱਸੇ ਅਤੇ ਇਸ਼ਕ 'ਚ ਕਮਾਏ ਗ਼ਮ ਬੇਸ਼ਕੀਮਤੀ ਹੁੰਦੇ ਹਨ। ਇਸ ਦੀ ਇੱਕ ਮਿਸਾਲ ਲਾਹੌਰ, ਪਾਕਿਸਤਾਨ ਦਾ ਸ਼ੀਸ਼ ਮਹਿਲ ਹੈ। ਇਹ ਸ਼ੀਸ਼ਮਹਿਲ ਆਮੇਰ ਦੇ ਸ਼ੀਸ਼ਮਹਿਲ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੈ। ਮੁਗ਼ਲ ਬਾਦਸ਼ਾਹ ਸ਼ਾਹਜਹਾਂ ਨੇ ਇਸ ਨੂੰ 1631-32 ਵਿੱਚ ਇੱਕ ਖ਼ਾਸ ਵਜ੍ਹਾ ਤੋਂ ਬਣਵਾਇਆ ਸੀ। ਇਹ ਰਾਣੀਆਂ ਲਈ ਇੱਕ ਨਿੱਜੀ ਰਿਹਾਇਸ਼ ਸੀ, ਜੋ ਕਿ ਸ਼ਾਨਦਾਰ ਮੀਨਾਕਾਰੀ ਅਤੇ ਨਕਾਸ਼ੀ ਨਾਲ ਸਜਾਇਆ ਗਿਆ ਸੀ। ਇਸ ਦਾ ਕੁਝ ਹਿੱਸਾ ਬਾਅਦ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ ਸੀ। ਕਿਹਾ ਜਾਂਦਾ ਹੈ ਕਿ ਇਸ ਮਹਿਲ ਵਿੱਚ ਜੜੇ ਗਏ ਸ਼ੀਸ਼ੇ ਇਟਲੀ ਤੋਂ ਮੰਗਵਾਏ ਗਏ ਸਨ। ਇਹ ਸ਼ੀਸ਼ ਮਹਿਲ, ਮੁਗ਼ਲ ਦਰਬਾਰ ਦੀ ਵਿੱਚ ਵਿਦੇਸ਼ੀ ਵਪਾਰ ਅਤੇ ਸ਼ਾਹੀ ਲਗਜ਼ਰੀ ਦੀ ਗਹਿਰੀ ਰੁਚੀ ਦੀ ਸਮਾਰਕ ਵੀ ਹੈ।



ਇਸ ਨੂੰ ਇਸ ਤਰ੍ਹਾਂ ਸਜਾਇਆ ਗਿਆ ਸੀ ਕਿ ਇਹ ਰਾਤ ਦੇ ਸੀਨੇ 'ਤੇ ਰੌਸ਼ਨੀ ਦੇ ਝਰਨੇ ਵਾਂਗ ਫੁੱਟ ਪੈਂਦਾ ਸੀ। ਇਹ ਸ਼ਾਹੀ ਮੀਟਿੰਗਾਂ ਅਤੇ ਸਮਾਗਮਾਂ ਲਈ ਵਰਤਿਆ ਜਾਂਦਾ ਸੀ। ਇਸ ਦੇ ਨਿਰਮਾਣ ਦੀ ਕਹਾਣੀ ਬਹੁਤ ਦਿਲਚਸਪ ਹੈ। ਕਈ ਥਾਵਾਂ 'ਤੇ ਜ਼ਿਕਰ ਆਉਂਦਾ ਹੈ ਕਿ ਇੱਕ ਰਾਤ ਮੁਮਤਾਜ਼ ਮਹਿਲ ਨੇ ਸੁਫ਼ਨਾ ਦੇਖਿਆ ਕਿ ਉਹ ਤਾਰਿਆਂ ਨੂੰ ਛੂਹ ਕੇ ਅਸਮਾਨ ਵਿੱਚ ਤੈਰ ਰਹੀ ਹੈ। ਇਹ ਇਸ ਤਰ੍ਹਾਂ ਹੈ ਜਿਵੇਂ ਕੋਈ ਅਸਮਾਨ ਨਹੀਂ, ਸਗੋਂ ਸ਼ੀਸ਼ੇ ਦਾ ਮਹਿਲ ਹੈ। ਮੁਮਤਾਜ਼ ਨੇ ਨੀਂਦ ਤੋਂ ਜਾਗਦਿਆਂ ਹੀ ਇਹ ਗੱਲ ਆਪਣੇ ਪ੍ਰੇਮੀ ਬਾਦਸ਼ਾਹ ਨੂੰ ਦੱਸੀ ਅਤੇ ਫ਼ੌਰਨ ਹੀ ਅਜਿਹਾ ਸ਼ੀਸ਼ਮਹਿਲ ਬਣਾਉਣ ਦਾ ਹੁਕਮ ਦਿੱਤਾ ਗਿਆ ਅਤੇ ਬਹੁਤ ਸਾਰੇ ਸ਼ੀਸ਼ਮਹਿਲ ਇਮਾਰਤਸਾਜ਼ੀ ਸਮਝਣ ਲਈ ਦੇਖੇ ਗਏ। ਹਾਲਾਂਕਿ ਬਾਦਸ਼ਾਹ ਨੇ ਸ਼ੀਸ਼ਮਹਿਲ ਬਣਵਾ ਪਰ ਮੁਮਤਾਜ਼ ਇਸ ਮਹਿਲ ਦੇ ਮੁਕੰਮਲ ਹੋਣ ਤੋਂ ਪਹਿਲਾਂ ਹੀ ਦੁਨੀਆਂ ਨੂੰ ਅਲਵਿਦਾ ਕਹਿ ਗਏ ਸਨ। ਬਾਅਦ ਦੇ ਕਈ ਮੁਗ਼ਲ ਬਾਦਸ਼ਾਹਾਂ ਨੇ ਇਸ ਨੂੰ ਲਾਹੌਰ ਕਿਲ੍ਹੇ ਦੇ ਸ਼ਾਹੀ ਹਰਮ ਵਜੋਂ ਵਰਤਿਆ। ਇਸ ਸ਼ੀਸ਼ਮਹਿਲ ਦੇ ਪਿਛਲੇ ਕਮਰੇ ਵਿੱਚ ਇੱਕ ਸੰਗਮਰਮਰ ਦਾ ਪਰਦਾ ਹੈ ਜਿਸ ਉੱਤੇ ਫੁੱਲਦਾਰ ਅਤੇ ਜਿ ਮੈਟ੍ਰਿਕ ਪੈਟਰਨ ਵਿੱਚ ਬੇਮਿਸਾਲ ਨਕਾਸ਼ੀ ਕੀਤੀ ਗਈ ਹੈ। 'ਹਿਸਟਰੀ ਆਫ਼ ਕੰਜ਼ਰਵੇਸ਼ਨ ਆਫ਼ ਸ਼ੀਸ਼ ਮਹਿਲ ਇੰਨ ਲਾਹੌਰ-ਪਾਕਿਸਤਾਨ' ਸਿਰਲੇਖ ਹੇਠ ਇੱਕ ਖੋਜ ਪੱਤਰ ਲਿਖਣ ਵਾਲੇ ਮੁਹੰਮਦ ਕਾਮਰਾਨ, ਐਮਵਾਈ ਅਵਾਨ ਅਤੇ ਐਸ ਗੁਲਜ਼ਾਰ ਲਿਖਦੇ ਹਨ ਕਿ ਇਸਦੀ ਸਾਂਭ-ਸੰਭਾਲ ਦਾ ਸਾਰਾ ਕੰਮ ਜਨਵਰੀ 2021 ਵਿੱਚ ਪੂਰਾ ਹੋ ਗਿਆ ਸੀ।

ਇਹ ਸ਼ੀਸ਼ ਮਹਿਲ ਲਾਹੌਰ ਕਿਲ੍ਹੇ ਦਾ ਸਭ ਤੋਂ ਪ੍ਰਮੁੱਖ, ਸੁੰਦਰ ਅਤੇ ਕੀਮਤੀ ਮਹਿਲ ਹੈ। ਇਹ ਕਿਲ੍ਹੇ ਦੀ ਉੱਤਰ-ਪੱਛਮੀ ਦਿਸ਼ਾ ਵਿੱਚ ਸਥਿਤ ਹੈ। ਇਸ ਦੀਆਂ ਕੰਧਾਂ ਅਤੇ ਛੱਤਾਂ 'ਤੇ ਸ਼ੀਸ਼ੇ ਦਾ ਵਿਆਪਕ ਕੰਮ ਕੀਤਾ ਗਿਆ ਹੈ ਇਸ ਲਈ ਇਸ ਨੂੰ ਸ਼ੀਸ਼ਿਆਂ ਦੇ ਮਹਿਲ ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਦਾ ਹਾਲ ਸ਼ਾਹੀ ਪਰਿਵਾਰ ਦੀ ਨਿੱਜੀ ਵਰਤੋਂ ਲਈ ਰਾਖਵਾਂ ਰੱਖਿਆ ਗਿਆ ਸੀ। ਸ਼ੀਸ਼ ਮਹਿਲ ਨੂੰ 1975 ਵਿੱਚ ਪਾਕਿਸਤਾਨ ਦੇ ਪੁਰਾਤੱਤਵ ਵਿਭਾਗ ਵੱਲੋਂ ਪੁਰਾਤੱਤਵ ਕਾਨੂੰਨ ਤਹਿਤ ਇੱਕ ਸੁਰੱਖਿਅਤ ਸਮਾਰਕ ਵਜੋਂ ਸੂਚੀਬੱਧ ਕੀਤਾ ਗਿਆ ਸੀ। ਸ਼ੀਸ਼ ਮਹਿਲ ਵਿਲੱਖਣ ਮਹਿਲਾਂ ਵਿੱਚੋਂ ਇੱਕ ਹੈ, ਜਿਸ ਵਿੱਚ ਪੱਥਰ ਦੇ ਸੁੰਦਰ ਕੰਮ, ਕੱਚ ਦਾ ਮੋਜ਼ੇਕ ਵਰਕ ਅਤੇ ਪਲਾਸਟਰ ਦੀ ਨਕਾਸ਼ੀ ਕੀਤੀ ਗਈ ਹੈ। ਸੰਗਮਰਮਰ ਦੀਆਂ ਬਾਰੀਕ ਨਕਾਸ਼ੀਦਾਰ ਜਾਲੀਆਂ ਦੀ ਵਰਤੋਂ ਕੀਤੀ ਗਈ ਹੈ ਅਤੇ ਫਰਸ਼ ਨੂੰ ਚਿੱਟੇ ਸੰਗਮਰਮਰ ਨਾਲ ਤਿਆਰ ਕੀਤਾ ਗਿਆ ਹੈ। ਇੱਕ ਬਹੁਤ ਪੁਰਾਣੇ ਆਈਸੀਐਸ ਅਧਿਕਾਰੀ ਨਨਾਲਾਲ ਚਮਨਲਾਲ ਮਹਿਤਾ ਨੇ ਆਪਣੀ ਕਿਤਾਬ 1933 ਵਿੱਚ ਲਿਖੀ ਆਪਣੀ ਕਿਤਾਬ 'ਭਾਰਤੀ ਚਿੱਤਰਕਲਾ' ਵਿੱਚ ਜ਼ਿਕਰ ਕੀਤਾ ਹੈ, "ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਕਿਲ੍ਹੇ ਵਿੱਚ ਸਥਿਤ ਸ਼ੀਸ਼ ਮਹਿਲ ਵਿੱਚ ਵੀ ਸੁੰਦਰ ਕੰਧ-ਚਿੱਤਰ ਬਣਾਏ ਸਨ।" "ਇਨ੍ਹਾਂ ਵਿੱਚ ਸਾਵਣ ਦੇ ਝੂਲੇ ਦੀਆਂ ਤਸਵੀਰਾਂ ਅਤੇ ਬਸੰਤ ਰੁੱਤ ਦੀ ਖ਼ੂਬਸੂਰਤ ਡਰਾਇੰਗ ਬੇਮਿਸਾਲ ਹਨ।" ਠੀਕ ਇੱਕ ਸੌ ਸਾਲ ਪਹਿਲਾਂ 1923-24 ਵਿੱਚ, ਲਾਹੌਰ ਬਾਰੇ ਸੰਤਰਾਮ ਬੀਏ ਦਾ ਇੱਕ ਲੇਖ ਮਸ਼ਹੂਰ ਮੈਗਜ਼ੀਨ 'ਮਾਧੁਰੀ' ਦੇ ਅਗਸਤ 1923-ਜਨਵਰੀ 1924 ਦੇ ਅੰਕ ਵਿੱਚ ਪ੍ਰਕਾਸ਼ਿਤ ਹੋਇਆ ਸੀ। ਜਿਸ ਵਿਚ ਉਹ ਲਿਖਦੇ ਹਨ, "ਸ਼ੀਸ਼ ਮਹਿਲ ਦਾ ਕੁਝ ਹਿੱਸਾ ਸ਼ਾਹਜਹਾਂ ਨੇ ਬਣਵਾਇਆ ਸੀ ਅਤੇ ਕੁਝ ਹਿੱਸਾ ਔਰੰਗਜ਼ੇਬ ਨੇ। ਇਸ ਸ਼ੀਸ਼ਮਹਿਲ ਤੋਂ ਰਾਵੀ ਦਾ ਵਹਾਅ ਚਾਂਦੀ ਦੀ ਕਿਸੇ ਲਕੀਰ ਵਰਗਾ ਨਜ਼ਰ ਆਉਂਦਾ ਹੈ।"

### ਭੋਪਾਲ ਦਾ ਸ਼ੀਸ਼ਮਹਿਲ

ਭੋਪਾਲ ਦੇ ਨਵਾਬਾਂ ਨੇ 1855 ਦੇ ਆਸਪਾਸ ਇਸ ਮਹਿਲ ਦਾ ਨਿਰਮਾਣ ਕਰਵਾਇਆ ਸੀ। ਇਹ ਮਹਿਲ ਖ਼ਾਸ ਤੌਰ 'ਤੇ ਔਰਤਾਂ ਲਈ ਬਣਾਇਆ ਗਿਆ ਸੀ। ਇਸ ਨੂੰ ਇੰਨੀ ਕੁਸ਼ਲਤਾ ਨਾਲ ਬਣਾਇਆ ਗਿਆ ਸੀ ਕਿ ਬਾਹਰ ਦਾ ਕਿਸੇ ਕਿਸਮ ਦਾ ਸ਼ੋਰ-ਸ਼ਰਾਬਾ ਅੰਦਰ ਦੀ ਸ਼ਾਂਤੀ ਵਿੱਚ ਖਲਲ ਨਹੀਂ ਪਾਉਂਦਾ ਸੀ। ਇਸ ਨੂੰ ਇੱਕ ਠੰਡੀ ਅਤੇ ਅਤੇ ਸਕੂਨ ਦੇਣ ਵਾਲੀ ਥਾਂ ਵਜੋਂ ਤਿਆਰ ਕੀਤਾ ਗਿਆ ਸੀ। ਇਸ ਦੀ ਵਰਤੋਂ ਸ਼ਾਹੀ ਪਰਿਵਾਰ ਦੀਆਂ ਗੁਪਤ ਮੀਟਿੰਗਾਂ ਲਈ ਕੀਤੀ ਜਾਂਦੀ ਸੀ। ਮੋਤੀਲਾਲ ਭਾਰਗਵ ਆਪਣੀ ਕਿਤਾਬ 'ਨਾਨਾ ਸਾਹਿਬ' ਵਿੱਚ ਕਮਾਲੂਦੀਨ ਹੈਦਰ ਦੀ ਕਿਤਾਬ 'ਕੈਸਰੂਤਵਾਰੀਖ' ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ, "ਜਦੋਂ ਅੰਗਰੇਜ਼ਾਂ ਨੇ 27 ਜੁਲਾਈ, 1858 ਨੂੰ ਲਖਨਊ 'ਤੇ ਕਬਜ਼ਾ ਕਰ ਲਿਆ ਤਾਂ ਨਾਨਾ ਸਾਹਿਬ ਨੇ ਬੇਗ਼ਮ ਹਜ਼ਰਤ ਮਹਿਲ ਨੂੰ ਇੱਕ ਚਿੱਠੀ ਲਿਖ ਕੇ ਪੁੱਛਿਆ ਕਿ ਕੀ ਤੁਹਾਡੇ ਨਗਰ ਵਿੱਚ ਦਾਖਲ ਹੋ ਜਾਣ?"

"ਇਸ 'ਤੇ ਬੇਗਮ ਹਜ਼ਰਤ ਮਹਿਲ ਨੇ ਤੁਰੰਤ 200 ਘੋੜਸਵਾਰ, ਦੋ ਹਾਥੀ, ਦੋ ਊਠ ਸਵਾਰ ਅਤੇ ਬਹੁਤ ਸਾਰੇ ਲੋਕ ਉਨ੍ਹਾਂ ਦੇ ਸਵਾਗਤ ਲਈ ਭੇਜੇ।" "ਜਦੋਂ ਨਾਨਾ ਸਾਹਿਬ ਆਏ ਤਾਂ ਉਨ੍ਹਾਂ ਨੂੰ ਸ਼ੀਸ਼ ਮਹਿਲ ਵਿਚ ਠਹਿਰਾਇਆ ਗਿਆ ਅਤੇ ਮਹਿਲ ਨੂੰ ਉਨ੍ਹਾਂ ਲਈ ਪੂਰੀ ਤਰ੍ਹਾਂ ਸਜਾਇਆ ਗਿਆ ਸੀ। ਨਾਨਾ ਸਾਹਿਬ ਨੂੰ 11 ਤੋਪਾਂ ਦੀ ਸਲਾਮੀ ਵੀ ਦਿੱਤੀ ਗਈ।" ਉਂਝ, ਪ੍ਰਸਿੱਧ ਸਾਹਿਤਕਾਰ ਨੱਥੂਰਾਮ ਪ੍ਰੇਮੀ ਬਾਰੇ ਪ੍ਰਕਾਸ਼ਿਤ ਇੱਕ ਕਿਤਾਬ ਵਿੱਚ ਸ਼ਿਵਸਹਾਏ ਚਤੁਰਵੇਦੀ ਲਿਖਦੇ ਹਨ, "ਸਮੁੰਦਰ ਤੋਂ 41 ਮੀਲ ਦੂਰ ਖੁਰਾਈ ਵਿੱਚ ਇੱਕ ਮਸ਼ਹੂਰ ਇਤਿਹਾਸਕ ਸ਼ੀਸ਼ ਮਹਿਲ ਹੈ, ਜਿਸ ਨੂੰ ਹਿੰਦੂ ਅਤੇ ਮੁਸਲਮਾਨ ਸ਼ਾਸਕਾਂ ਨੇ ਸਾਂਝੇ ਤੌਰ 'ਤੇ ਬਣਾਇਆ ਸੀ।"

### ਆਗਰਾ ਦਾ ਸ਼ੀਸ਼ਮਹਿਲ

ਆਗਰਾ ਦੇ ਕਿਲ੍ਹੇ ਵਿੱਚ ਸਥਿਤ ਸ਼ੀਸ਼ ਮਹਿਲ ਨੂੰ ਸ਼ਾਹਜਹਾਂ ਨੇ ਰਾਣੀਆਂ ਦੇ ਇਸ਼ਨਾਨਗ੍ਰਹਿ ਦੇ ਰੂਪ ਵਿੱਚ ਬਣਾਇਆ ਸੀ। ਇਸ ਵਿੱਚ ਸ਼ੀਸ਼ੇ ਇਸ ਤਰ੍ਹਾਂ ਵਿਵਸਥਿਤ ਕੀਤੇ ਗਏ ਸਨ ਕਿ ਪਾਣੀ ਦੀਆਂ ਬੂੰਦਾਂ ਵੀ ਰੋਸ਼ਨੀ ਨਾਲ ਚਮਕ ਉੱਠਦੀਆਂ ਹਨ। ਇਸ ਮਹਿਲ ਦੇ ਸ਼ੀਸ਼ਿਆਂ 'ਤੇ ਉੱਕਰੇ ਫ਼ੁੱਲ ਅਤੇ ਪੱਤੇ ਮੁਗ਼ਲ ਕਲਾ ਦੇ ਸ਼ਾਨਦਾਰ ਨਮੂਨੇ ਹਨ। ਇਸ ਦਾ ਨਿਰਮਾਣ 1631-1640 ਦੇ ਦਰਮਿਆਨ ਹੋਇਆ ਹੈ। ਇਸ ਨੂੰ ਰਾਣੀਆਂ ਦੇ ਅਰਾਮ ਲਈ ਅਤੇ ਠੰਡੇ ਵਾਤਾਵਰਣ ਨੂੰ ਧਿਆਨ ਵਿੱਚ ਰੱਖਕੇ ਤਿਆਰ ਕੀਤਾ ਗਿਆ ਸੀ।

### ਡੀਗ ਦੇ ਸੁੰਦਰ ਬਗੀਚਿਆਂ ਵਿਚਕਾਰ ਬਣਿਆ ਸ਼ੀਸ਼ਮਹਿਲ

ਰਾਜਸਥਾਨ ਦੇ ਡੀਗ (ਭਰਤਪੁਰ) ਦਾ ਸ਼ੀਸ਼ ਮਹਿਲ ਵੀ ਇਤਿਹਾਸ ਦੇ ਪੰਨਿਆਂ 'ਤੇ ਆਪਣੀ ਚਮਕ ਬਿਖ਼ੇਰਦਾ ਹੈ। ਭਰਤਪੁਰ ਦੇ ਰਾਜਾ ਸੂਰਜਮਲ ਨੇ ਇਸਨੂੰ 1730 ਦੇ ਆਸਪਾਸ ਬਣਵਾਇਆ ਸੀ। ਇਹ ਖ਼ਾਸ ਤੌਰ 'ਤੇ ਠੰਡੀ ਗਰਮੀ ਵਿੱਚ ਠੰਡੀ ਹਵਾ ਲਈ ਤਿਆਰ ਕੀਤਾ ਗਿਆ ਸੀ। ਡੀਗ ਦੇ ਸ਼ੀਸ਼ ਮਹਿਲ ਵਿੱਚ ਝੀਲ ਅਤੇ ਫ਼ੁਹਾਰਿਆਂ ਦਾ ਅਜਿਹਾ ਸੁਮੇਲ ਸੀ ਕਿ ਇੱਥੇ ਠਹਿਰੇ ਸ਼ਾਹੀ ਮਹਿਮਾਨ ਇਸ ਨੂੰ ਸਵਰਗ ਦਾ ਟੁਕੜਾ ਕਹਿੰਦੇ ਸਨ। ਫ਼ੁਹਾਰੇ ਅਤੇ ਝੀਲਾਂ ਵਾਲੇ ਸ਼ੀਸ਼ ਮਹਿਲ ਦੀ ਉਸਾਰੀ ਨੇ ਸ਼ਾਨਦਾਰ ਦ੍ਰਿਸ਼ ਪੇਸ਼ ਕੀਤਾ ਸੀ। ਇਸ ਨੂੰ ਇੱਕ ਸ਼ਾਹੀ ਸਾਮਰਾਜ ਦੀ ਵਾਪਸੀ ਦੇ ਤੌਰ ਤੇ ਵਰਤਿਆ ਗਿਆ ਸੀ।

### ਸ਼ੀਸ਼ਮਹਿਲ ਪਟਿਆਲਾ

ਪੰਜਾਬ ਦੇ ਪਟਿਆਲਾ ਵਿਚਲੇ ਸ਼ਾਹੀ ਸ਼ੀਸ਼ਮਹਿਲ ਦੀ ਵੀ ਖ਼ੂਬ ਚਰਚਾ ਰਹੀ ਹੈ। ਮਹਾਰਾਜਾ ਨਰੇਂਦਰ ਸਿੰਘ ਨੇ ਇਸ ਮਹਿਲ ਦੀ ਉਸਾਰੀ 1847 ਵਿੱਚ ਸ਼ੁਰੂ ਕੀਤੀ ਸੀ ਅਤੇ ਇਹ 1862 ਵਿੱਚ ਮੁਕੰਮਲ ਹੋਇਆ ਸੀ। ਇਹ ਮਹਾਰਾਜੇ ਦੀ ਗਰਮੀਆਂ ਦੀ ਰਿਹਾਇਸ਼ ਸੀ। ਇਸ ਸ਼ੀਸ਼ਮਹਿਲ ਵਿੱਚ ਭਾਰਤੀ ਅਤੇ ਯੂਰਪੀ ਕਾਰੀਗਰੀ ਦੀ ਵਰਤੋਂ ਕੀਤੀ ਗਈ ਹੈ। ਇਸ ਦੇ ਫ਼ੁਹਾਰੇ ਅਤੇ ਝੀਲਾਂ ਇਸ ਨੂੰ ਵਿਲੱਖਣ ਬਣਾਉਂਦੀਆਂ ਹਨ।

### ਓਰਛਾ ਦਾ ਸ਼ੀਸ਼ਮਹਿਲ

ਓਰਛਾ ਦੇ ਰਾਜਾ ਵੀਰ ਸਿੰਘ ਨੇ ਇਸ ਮਹਿਲ ਨੂੰ 1618 ਵਿੱਚ ਬਣਵਾਇਆ ਸੀ। ਇਸ ਦੀ ਵਰਤੋਂ ਗੈਸਟ ਹਾਊਸ ਵਜੋਂ ਕੀਤੀ ਜਾਂਦੀ ਸੀ। ਕਿਹਾ ਜਾਂਦਾ ਹੈ ਕਿ ਜਦੋਂ ਰਾਤ ਨੂੰ ਰਛਾ ਦੇ ਇਸ ਸ਼ੀਸ਼ਮਹਿਲ ਵਿੱਚ ਦੀਵੇ ਜਗਦੇ ਹਨ ਤਾਂ ਇਹ ਇੱਕ ਸੁਨਹਿਰੀ ਮਹਿਲ ਦਾ ਭੁਲੇਖਾ ਪਾਉਂਦਾ ਸੀ। ਇਸ ਦੀ ਸ਼ਾਨੋ-ਸ਼ੌਕਤ ਅਤੇ ਚਮਕ ਨੇ ਇਸ ਨੂੰ ਖਿੱਚ ਦਾ ਕੇਂਦਰ ਬਣਾਇਆ।

### ਮੇਹਰਾਨਗੜ੍ਹ ਦਾ ਸ਼ੀਸ਼ਮਹਿਲ

ਇਹ ਮਹਿਲ ਰਾਣੀਆਂ ਲਈ ਬਣਾਇਆ ਗਿਆ ਸੀ। ਇਸ ਨੂੰ ਮਹਾਰਾਜਾ ਅਜੀਤ ਸਿੰਘ ਨੇ ਬਣਵਾਇਆ ਸੀ। ਇਸ ਨੂੰ ਇਸ ਤਰ੍ਹਾਂ ਡਿਜ਼ਾਈਨ ਕੀਤਾ ਗਿਆ ਹੈ ਕਿ ਇਹ ਗਰਮੀਆਂ 'ਚ ਠੰਡਾ ਅਤੇ ਸਰਦੀਆਂ 'ਚ ਗਰਮ ਰਹਿੰਦਾ ਹੈ। ਇਹ ਮਹਿਲ ਮੁੱਖ ਤੌਰ 'ਤੇ ਰਾਣੀਆਂ ਦਾ ਨਿੱਜੀ ਨਿਵਾਸ ਅਤੇ ਪੂਜਾ ਸਥਾਨ ਸੀ। ਸ਼ੀਸ਼ੇ ਦੇ ਕੰਮ ਨੇ ਇਸ ਨੂੰ ਸ਼ਾਨਦਾਰ ਅਤੇ ਧਾਰਮਿਕ ਤੌਰ 'ਤੇ ਪਵਿੱਤਰ ਥਾਂ ਵਜੋਂ ਉਭਾਰਿਆ। ਡਾਕਟਰ ਅਵਿਨਾਸ਼ ਬਹਾਦੁਰ ਵਰਮਾ ਕਿਤਾਬ ਭਾਰਤੀ ਚਿੱਤਰਕਾਰੀ ਦੇ ਇਤਿਹਾਸ ਦੇ ਪੰਨਾ 230 'ਤੇ ਲਿਖਦੇ ਹਨ, "ਰਾਜੇ ਭੂਪਤਪਾਲ ਨੇ 1635 ਵਿੱਚ ਰਾਵੀ ਦੇ ਸੱਜੇ ਕੰਢੇ ਬਸੋਹਲੀ ਸ਼ਹਿਰ ਵਸਾਇਆ ਸੀ ਅਤੇ ਮੇਦਿਨੀਪਾਲ ਨੇ ਇਸ ਦੇ ਕਿਲ੍ਹੇ ਵਿੱਚ ਇੱਕ ਅਜਿਹਾ ਸ਼ੀਸ਼ ਮਹਿਲ ਬਣਵਾਇਆ ਸੀ। ਜੋ ਉਸ਼ ਸਮੇਂ ਦੇ ਸੱਤ ਅਜੂਬਿਆਂ ਵਿੱਚੋਂ ਇੱਕ ਸੀ।"

### ਸ਼ੀਸ਼ਮਹਿਲ ਦੀ ਬਦਲਦੀ ਪ੍ਰੀਭਾਸ਼ਾ


ਸ਼ੀਸ਼ਮਹਿਲਾਂ ਦੀ ਗੱਲ 1290 ਤੋਂ ਸ਼ੁਰੂ ਹੁੰਦੀ ਹੈ। ਜਦੋਂ ਸੁਲਤਾਨ ਬਲਬਨ ਦੇ ਪੋਤੇ ਅਤੇ ਬੁਗਰਾ ਖਾਨ ਦੇ ਪੁੱਤਰ ਕੈਕੂਬਦ ਨੇ 18 ਸਾਲ ਦੀ ਉਮਰ ਵਿੱਚ ਸੱਤਾ ਸੰਭਾਲਦੇ ਹੀ ਇੱਕ ਸ਼ਾਨਦਾਰ ਸ਼ੀਸ਼ਮਹਿਲ ਬਣਵਾਇਆ ਸੀ। ਸੁਲੋਚਨਾ ਚਤੁਰਵੇਦੀ 'ਖੁਸਰੋ, ਤਾਨਸੇਨ ਅਤੇ ਹੋਰ ਕਲਾਕਾਰ' ਨਾਮ ਦੀ ਕਿਤਾਬ ਵਿੱਚ ਲਿਖਦੇ ਹਨ ਕਿ ਸ਼ੀਸ਼ਮਹਿਲ ਦੀ ਸ਼ਾਨ ਵਿੱਚ ਡੁੱਬੇ ਕੈਕੂਬਦ ਨੂੰ ਉਸੇ ਸ਼ੀਸ਼ਮਹਿਲ ਵਿੱਚ ਖਿਲਜੀ ਮਲਿਕ ਨੇ ਕਤਲ ਕਰ ਦਿੱਤਾ ਸੀ। ਇਹ ਸ਼ੀਸ਼ਮਹਿਲ ਕੈਕੂਬਦ ਦੀ ਪਹਿਲੀ ਪਸੰਦ ਰਿਹਾ ਸੀ।

ਸ਼ੀਸ਼ਮਹਿਲਾਂ ਦੀ ਕਹਾਣੀ ਇੱਥੇ ਨਹੀਂ ਰੁਕਦੀ। ਆਸਫ਼ੁਦੌਲਾ ਤੋਂ ਬਾਅਦ ਜਦੋਂ ਉਨ੍ਹਾਂ ਦਾ ਪੁੱਤ ਨਵਾਬ ਵਜ਼ੀਰ ਅਲੀ ਲਖਨਊ ਦੀ ਗੱਦੀ 'ਤੇ ਬਿਰਾਜਮਾਨ ਹੋਇਆ ਤਾਂ ਉਹ ਆਪਣੇ ਪਿਤਾ ਵੱਲੋਂ ਬਣਵਾਏ ਗਏ ਸ਼ੀਸ਼ਮਹਿਲ ਵਿੱਚ ਰਹਿਣ ਲੱਗ ਪਿਆ। ਇਹ ਸ਼ੀਸ਼ਮਹਿਲ ਨਵਾਬ ਆਸਫ਼ੁਦੌਲਾ ਨੇ ਆਪਣੀ ਪਹਿਲੀ ਪਤਨੀ ਸ਼ਮਸੁੰਨੀਸਾ ਲਈ ਬਣਵਾਇਆ ਸੀ ਅਤੇ ਉਹ ਇੱਥੇ ਸੱਤ ਪਰਦਿਆਂ ਵਿੱਚ ਰਹਿੰਦੀ ਸੀ। ਕਈ ਥਾਵਾਂ 'ਤੇ ਇਹ ਵੀ ਦਾਅਵਾ ਕੀਤਾ ਜਾਂਦਾ ਹੈ ਕਿ ਲਖਨਊ ਦੀ ਖ਼ਾਸ ਜ਼ੁਬਾਨ ਸਭ ਤੋਂ ਪਹਿਲਾਂ ਇਸੇ ਸ਼ੀਸ਼ਮਹਿਲ ਵਿੱਚ ਵਿਕਸਤ ਹੋਈ ਸੀ। ਇੱਥੋਂ ਹੀ ਇਹ ਭਾਸ਼ਾ ਬਾਖ਼ੂਬੀ ਪਲੀ ਅਤੇ ਪ੍ਰਫੁੱਲਤ ਹੋਈ।

ਪਰ ਇਹ ਸ਼ੀਸ਼ਮਹਿਲ ਨਹੀਂ ਹੈ, ਇਹ ਯਕੀਨੀ ਤੌਰ 'ਤੇ ਭਾਸ਼ਾ ਦੀ ਇੱਕ ਸ਼ੈਲੀ ਹੈ ਜੋ ਦਿੱਲੀ ਚੋਣਾਂ ਵਿੱਚ ਵਰਤੀ ਜਾ ਰਹੀ ਜ਼ੁਬਾਨ ਨੂੰ ਦਿਖਾਉਂਦੀ ਹੈ। ਇਸੇ ਲਈ ਸ਼ੀਸ਼ਮਹਿਲ ਬਾਰੇ ਚਰਚਾ ਦੇਵਕੀਨੰਦਨ ਖੱਤਰੀ ਦੇ ਨਾਵਲ 'ਭੂਤਨਾਥ' ਤੋਂ ਸ਼ੁਰੂ ਹੁੰਦੀ ਹੈ, ਫਿਰ ਉਹ ਚਤੁਰਸੇਨ ਸ਼ਾਸਤਰੀ ਦੇ ਧਰਤਿ ਔਰ ਆਸਮਾਨ, ਵਿਜੇ ਤੇਂਦੁਲਕਰ ਦੇ ਨਾਟਕਾਂ ਅਤੇ ਸਵਾਮੀ ਰਾਮਤੀਰਥ ਦੇ ਭਾਸ਼ਣਾਂ ਅਤੇ ਬ੍ਰਜ ਦੇ ਮੰਦਰਾਂ ਵਿੱਚ ਵੀ ਸੁਣਾਈ ਦਿੰਦੀ ਹੈ। ਜੈਨ ਮੰਦਰਾਂ ਵਿੱਚ ਵੀ, ਅਮਿਤਾਵ ਘੋਸ਼ ਦੇ ਸੀ ਆਫ਼ ਪਾਪੀਜ਼ ਸਣੇ ਸਹਿਤ ਦੇ ਅਲੱਗ-ਅਲੱਗ ਸਾਹਿਤਕ ਗ੍ਰੰਥਾਂ ਦੇ ਚਿੱਤਰ, ਰਾਜਸਥਾਨੀ ਔਰਤਾਂ ਦੇ ਘੱਗਰਿਆਂ ਦੇ ਕੰਢਿਆਂ 'ਤੇ ਛੋਟੇ-ਛੋਟੇ ਸ਼ੀਸ਼ਿਆਂ ਦੇ ਰੂਪ ਵਿੱਚ ਲਹਿਰਾਉਂਦੇ ਹਨ। ਕਲਪਸੂਤਰ ਹੋਵੇ ਜਾਂ ਮਹਾਵੀਰ ਸਵਾਮੀ ਦੇ ਜਨਮ ਦੀ ਕਹਾਣੀ, ਸ਼ੀਸ਼ਮਹਿਲ ਇੱਕ ਖ਼ੂਬਸੂਰਤ ਝਲਕ ਪੇਸ਼ ਕਰਦਾ ਹੈ ਪਰ ਵਰਤਮਾਨ ਵਿੱਚ ਇਸਦੀ ਵਰਤੋਂ ਸਿਆਸਤ ਵਿੱਚ ਹੋ ਰਹੀ ਹੈ।

# ਚੜ੍ਹਦੇ ਤੇ ਲਹਿੰਦੇ ਪੰਜਾਬਾਂ ਵਿਚਕਾਰ ਜਦੋਂ ਇਹ ਗੱਡੀ ਬੰਦ ਹੋਈ ਤਾਂ ਚਾਰੇ ਪਾਸੇ ਸੀ ਖ਼ੂਨ-ਖ਼ਰਾਬਾ

ਭਾਰਤੀ ਰੇਲਵੇ ਦੀ ਫਿਰੋਜ਼ਪੁਰ ਡਿਵੀਜ਼ਨ ਤੋਂ ਪੰਜਾਬ ਖਿੱਤੇ ਦੀ ਪਹਿਲੀ ਰੇਲ ਅਮ੍ਰਿਤਸਰ ਤੋਂ ਲਾਹੌਰ ਦੇ ਟਰੈਕ 'ਤੇ ਚੱਲੀ ਸੀ। ਇਸ ਡਿਵੀਜ਼ਨ ਦੇ ਪ੍ਰਬੰਧ ਹੇਠ ਚੱਲਣ ਵਾਲੀਆਂ ਰੇਲਾਂ ਰਾਹੀਂ ਅਫ਼ਗਾਨਿਸਤਾਨ ਸਰਹੱਦ ਨੇੜੇ ਪੇਸ਼ਾਵਰ ਅਤੇ ਇਰਾਨ ਦੇ ਸ਼ਹਿਰ ਜ਼ਹਿਦ ਤੱਕ ਅਸਾਨੀ ਨਾਲ ਪਹੁੰਚਿਆ ਜਾ ਸਕਦਾ ਸੀ। ਹੁਣ ਇਸ ਰੇਲਵੇ ਡਿਵੀਜ਼ਨ ਵਿੱਚ ਵੱਡਾ ਬਦਲਾਵ ਹੋਇਆ ਹੈ। ਦਰਅਸਲ ਭਾਰਤ ਦੀ ਕੇਂਦਰ ਸਰਕਾਰ ਨੇ ਨੋਟੀਫੀਕੇਸ਼ਨ ਜਾਰੀ ਕਰਕੇ ਭਾਰਤੀ ਰੇਲਵੇ ਦੀ ਫਿਰੋਜ਼ਪੁਰ ਡਿਵੀਜ਼ਨ ਵਿੱਚੋਂ ਜੰਮੂ ਰੇਲਵੇ ਡਿਵੀਜ਼ਨ ਨੂੰ ਵੱਖ ਕਰ ਦਿੱਤਾ ਹੈ। ਹੁਣ ਫਿਰੋਜ਼ਪੁਰ ਡਿਵੀਜ਼ਨ ਦਾ ਜ਼ਿਆਦਾਤਰ ਪਹਾੜੀ ਖੇਤਰ ਜੰਮੂ ਡਿਵੀਜ਼ਨ ਦੇ ਅਧਿਕਾਰ ਖੇਤਰ ਹੇਠ ਆ ਗਿਆ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਦਿਨੀ ਜੰਮੂ ਡਿਵੀਜ਼ਨ ਦਾ ਰਸਮੀ ਉਦਘਾਟਨ ਵੀ ਕੀਤਾ ਹੈ। ਫਿਰੋਜ਼ਪੁਰ ਡਿਵੀਜ਼ਨ ਦੀ ਹੋਂਦ ਭਾਰਤ ਵਿੱਚ ਰੇਲਵੇ ਦੇ ਆਗਮਨ ਅਤੇ ਵਿਕਾਸ ਦੇ ਸਮਾਂਤਰ ਹੀ ਹੋਂਦ ਵਿੱਚ ਆਉਂਦੀ ਹੈ। ਫਿਰੋਜ਼ਪੁਰ ਡਿਵੀਜ਼ਨ ਇਤਿਹਾਸ ਦੇ ਅਹਿਮ ਘਟਨਾਕ੍ਰਮਾਂ ਦੀ ਵੀ ਗਵਾਹ ਰਹੀ ਹੈ। 1947 ਤੋਂ ਪਹਿਲਾਂ ਫਿਰੋਜ਼ਪੁਰ ਡਿਵੀਜ਼ਨ ਦੀਆਂ ਰੇਲ ਪਟਰੀਆਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੀ ਸ਼ਾਹਰਗ ਹੁੰਦੀ ਸੀ। ਇਸ ਨੂੰ ਇਸ ਡਿਵੀਜ਼ਨ ਦਾ ਸੁਨਹਿਰੀ ਕਾ.ਲ ਕਿਹਾ ਜਾਂਦਾ ਹੈ। ਪਰ ਭਾਰਤ ਦੀ ਅਜਾਦੀ ਵੇ.ਲੇ ਭਾਰਤ ਅਤੇ ਪਾਕਿਸਤਾਨ ਦੋ ਮੁਲਕ ਬਣਨ ਵੇ.ਲੇ ਪੰਜਾਬ ਦੇ ਨਾਲ ਫਿਰੋਜ਼ਪੁਰ ਡਿਵੀਜ਼ਨ ਵੀ ਵੰਡੀ ਗਈ। ਸਰਹੱਦ ਦੀ ਲਕੀਰ ਨੇ ਇਸ ਦੀਆਂ ਪਟੜੀਆਂ ਨੂੰ ਵਾਹਗੇ ਉੱਤੇ ਦੋਵਾਂ ਪਾਸਿ ਗੇਟ ਲਾ ਦਿੱਤੇ। ਵੰਡ ਦੌਰਾਨ ਹੋਏ ਹੱਲਿਆਂ ਤੇ ਪੰਜਾਬੀਆਂ ਦੇ ਦੋਵੇਂ ਪਾਸੀਂ ਹੋਏ ਕਤਲੇਆਮ, ਉਜਾੜੇ ਦੀਆਂ ਇਹ ਰੇਲਾਂ ਵੀ ਗਵਾਹ ਬਣੀਆਂ।







1859-1860 ਦੇ ਸਮੇਂ ਦਾ ਲਾਹੌਰ ਰੇਲਵੇ ਸਟੇਸ਼ਨ

### ਪੰਜਾਬ ਖਿੱਤੇ ਦੀ ਪਹਿਲੀ ਰੇਲ

ਪੰਜਾਬ ਖਿੱਤੇ ਵਿੱਚ ਪਹਿਲੀ ਰੇਲ 10 ਅਪ੍ਰੈਲ 1862 ਨੂੰ ਅਮ੍ਰਿਤਸਰ ਅਤੇ ਲਾਹੌਰ ਦਰਮਿਆਨ ਚੱਲੀ ਸੀ। ਭਾਰਤੀ ਰੇਲਵੇ ਦੀ ਵੈਂਬਸਾਈਟ ਅਨੁਸਾਰ, "ਇਹ ਫਿਰੋਜ਼ਪੁਰ ਡਿਵੀਜ਼ਨ ਦੀ ਪਹਿਲੀ ਰੇਲ ਸੀ। ਇਹ ਰੇਲਵੇ ਟਰੈਕ 50 ਕਿਲੋਮੀਟਰ ਲੰਬਾ ਸੀ ਪਰ ਵੰਡ ਮਗਰੋਂ ਹੁਣ 24 ਕਿਲੋਮੀਟਰ ਦਾ ਹੀ ਹੈ ਅਤੇ ਅਟਾਰੀ ਰੇਲਵੇ ਸਟੇਸ਼ਨ 'ਤੇ ਖਤਮ ਹੁੰਦਾ ਹੈ।" ਉਸ ਸਮੇਂ ਇਸ ਰੇਲ ਸਫ਼ਰ ਵਿੱਚ 9 ਸਟੇਸ਼ਨ ਆਉਂਦੇ ਸਨ। ਇਸ ਦੇ ਲੋਕੋਮੋਟਿਵ ਇੰਗਲੈਂਡ ਤੋਂ ਬਣੇ ਸਨ। ਇਸ ਲੋਕੋਮੋਟਿਵ ਨੂੰ ਲਾਹੌਰ ਤੱਕ ਪਹੁੰਚਾਉਣਾ ਵੀ ਅੱਲਗ ਹੀ ਜਦੋਂ-ਜ਼ਹਿਦ ਸੀ। 'ਹੰਡਰਡ ਈਰਜ਼ ਆਫ਼ ਪਾਕਿਸਤਾਨ' ਕਿਤਾਬ ਵਿੱਚ ਐੱਮ.ਬੀ.ਕੇ ਮਲਿਕ ਲਿਖਦੇ ਹਨ, "ਇਹ ਲੋਕੋਮੋਟਿਵ ਪਹਿਲਾ ਕਰਾਂਚੀ ਬੰਦਰਗਾਹ 'ਤੇ ਪਹੁੰਚਦਾ ਹੈ। ਇਸ ਤੋਂ ਬਾਅਦ ਪਹਿਲਾ ਤੋਂ ਹੀ ਚਾਲੂ ਕਰਾਂਚੀ-ਕੋਟੜੀ ਰੇਲ ਰਾਹੀ ਕੋਟੜੀ ਪਹੁੰਚਦਾ ਹੈ, ਇਸ ਮਗਰੋਂ ਕਿਸ਼ਤੀ ਰਾਹੀ ਸਿੰਧ ਅਤੇ ਚਨਾਬ ਨਦੀ ਦੇ ਜ਼ਰੀਏ ਸਫ਼ਰ ਕਰਦਾ ਹੈ ਅਤੇ ਫਿਰ ਲਾਹੌਰ ਸ਼ਹਿਰ ਨੇੜੇ ਰਾਵੀ ਨਦੀ ਤੱਕ ਪਹੁੰਚਦਾ ਹੈ।" ਇਤਿਹਾਸਕ ਹਵਾਲਿਆ ਅਨੁਸਾਰ ਫਿਰ ਬ.ਲਦਾਂ ਅਤੇ ਹਾਥੀਆਂ ਦੀ ਮਦਦ ਨਾਲ ਇਸ ਨੂੰ ਲਾਹੌਰ ਸਟੇਸ਼ਨ 'ਤੇ ਲਿਆਂਦਾ ਜਾਂਦਾ ਹੈ, ਜਿਸ ਮਗਰੋਂ ਰੇਲ ਸਫ਼ਰ ਦਾ ਰਸਮੀ ਉਦਘਾਟਨ ਹੁੰਦਾ ਹੈ।

### ਅੰਮ੍ਰਿਤਸਰ ਤੋਂ ਰਾਵਲਪਿੰਡੀ, ਪੇਸ਼ਾਵਰ ਅਤੇ ਇਰਾਨ

ਰੇਲਵੇ ਦੇ ਸ਼ੁਰੂਆਤੀ ਦੌਰ ਵਿੱਚ ਰੇਲ ਲਾਇਨਾਂ ਨਿੱਜੀ ਕੰਪਨੀ ਵੱਲੋਂ ਬਣਾਈਆਂ ਜਾਂਦੀਆਂ ਸਨ। ਅੰਮ੍ਰਿਤਸਰ-ਲਾਹੌਰ ਲਿੰਕ ਦੇ ਨਾਲ ਹੀ ਕਰਾਚੀ ਤੋਂ ਕੋਟੜੀ ਲਾਈਨ ਪਹਿਲਾ ਹੀ ਚਾਲੂ ਸੀ। ਇਸ ਦੇ ਨਾਲ ਮੁਲਤਾਨ ਤੋਂ ਲਾਹੌਰ ਤੱਕ ਦਾ ਸ਼ੈਕਸ਼ਨ ਬਣਿਆ, ਜਿਸ ਨਾਲ ਮੁਲਤਾਨ ਤੱਕ ਰੇਲ ਸਫ਼ਰ ਸ਼ੁਰੂ ਹੋਇਆ। ਕੋਟੜੀ ਤੋਂ ਇੰਡਸ ਵੈਲੀ ਰੇਲਵੇ ਕੰਪਨੀ ਵੱਲੋਂ ਲਾਹੌਰ ਤੱਕ ਸੈਕਸ਼ਨ ਬਣਿਆ, ਜਿਸ ਨਾਲ ਕਰਾਚੀ ਸਿੱਧਾ ਲਾਹੌਰ ਨਾਲ ਜੁੜ ਗਿਆ। ਇਸ ਲਾਈਨ ਤੋਂ ਬਾਅਦ ਪੰਜਾਬ ਦੇ ਬਠਿੰਡਾ ਸ਼ਹਿਰ ਤੋਂ ਕਰਾਚੀ ਵੱਲ ਨੂੰ ਲਾਇਨ ਦਾ ਨਿਰਮਾਣ ਹੋਇਆ, ਜਿਸ ਨਾਲ ਦਿੱਲੀ ਤੋਂ ਕਰਾਚੀ ਦੀ ਰੇਲ ਸਫ਼ਰ ਦੀ ਦੂਰੀ ਹੋਰ ਘੱਟ ਗਈ। ਲਾਹੌਰ ਤੋਂ ਗੁਜਰਾਂਵਾਲਾ ਤੱਕ ਰੇਲ ਟਰੈਕ ਬਿਛਾਇਆ ਗਿਆ, ਜਿਸ ਦਾ ਬਾਅਦ ਵਿੱਚ ਰਾਵਲਪਿੰਡੀ ਤੱਕ ਵਿਸਥਾਰ ਹੋਇਆ। ਅਟਕ ਰੇਲਵੇ ਨੇ ਪੇਸ਼ਾਵਰ ਤੱਕ ਰੇਲਵੇ ਟਰੈਕ ਦੀ ਉਸਾਰੀ ਕਰਵਾਈ, ਇਸ ਦੇ ਨਾਲ ਹੀ ਖੈਬਰ ਵਰਗੇ ਵਪਾਰਕ ਰੂਟ ਬਣੇ, ਜਿਸ ਨਾਲ ਰੇਲਵੇ ਨੈੱਟਵਰਕ ਅਫ਼ਗਾਨਿਸਤਾਨ ਬਾਰਡਰ ਦੇ ਬਿਲਕੁਲ ਨਜ਼ਦੀਕ ਪਹੁੰਚ ਗਿਆ। ਰੇਲਵੇ ਇਤਿਹਾਸ ਦੇ ਵੇਰਵਿਆਂ ਮੁਤਾਬਕ ਇਸ ਦਾ ਮੁੱਖ ਉਦੇਸ਼ ਬਾਹਰੀ ਹਮਲਿਆਂ ਤੋਂ ਰੱਖਿਆ ਕਰਨ ਦਾ ਸੀ। ਸਿਕੰਦਰ ਅਤੇ ਮੁਗਲਾਂ ਤੋਂ ਬਾਅਦ ਬਰਤਾਨਵੀ ਸ਼ਾਸਕਾਂ ਨੂੰ ਡਰ ਸੀ ਕਿ ਰੂਸ ਦੁਆਰਾ ਇਸ ਖਿੱਤੇ 'ਤੇ ਹਮਲੇ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਜੀ ਐੱਸ ਗੋਸਲਾ ਦੀ ਕਿਤਾਬ 'ਹਿਸਟਰੀ ਐਫ਼ ਰੇਲਵੇ' ਅਨੁਸਾਰ ਇਰਾਨ ਦੇ ਸ਼ਹਿਰ ਜ਼ਹਿਦ ਤੱਕ ਰੇਲਵੇ ਦਾ ਨਿਰਮਾਣ ਹੋਇਆ ਸੀ। ਇਹ ਸ਼ਹਿਰ ਅੱਜ ਵੀ ਇਰਾਨ ਦੇ ਮੁੱਖ ਸ਼ਹਿਰਾਂ ਵਿੱਚੋਂ ਇੱਕ ਹੈ। ਇਸ ਦਾ ਨਿਰਮਾਣ ਸਿੰਧ ਪੇਸ਼ੀਨ ਰੇਲਵੇ ਕੰਪਨੀ ਵੱਲੋਂ ਕੀਤਾ ਗਿਆ ਸੀ। ਇੱਕ ਹੋਰ ਰੇਲਵੇ ਲਾਇਨ ਕੰਧਾਰ ਰੇਲਵੇ ਵੱਲੋਂ ਬਣਾਈ ਗਈ, ਜੋ ਕਿ ਅਫਗਾਨਿਸਤਾਨ ਦੇ ਬਿਲਕੁਲ ਨੇੜੇ ਚਮਨ ਤੱਕ ਬਣਾਈ ਗਈ ਸੀ ਭਾਵੇਂ ਕਿ ਨਿਰਮਾਤਾ ਕੰਪਨੀ ਦਾ ਨਾਮ ਕੰਧਾਰ ਰੇਲਵੇ ਸੀ ਪਰ ਇਹ ਅਫਗਾਨਿਸਤਾਨ ਦੇ ਸ਼ਹਿਰ ਕੰਧਾਰ ਤੱਕ ਨਾ ਪਹੁੰਚ ਸਕੀ।

### ਪਟਿਆਲਾ ਰਿਆਸਤ ਦੀ ਰੇਲਵੇ

'ਹਿਟਸਰੀ ਆਫ਼ ਇੰਡੀਅਨ ਰੇਲਵੇ' ਵਿੱਚ ਬੀਐੱਸ ਗੋਸਲਾ ਨੇ ਪੰਜਾਬ ਦੇ ਰੇਲਵੇ ਨੈੱਟਵਰਕ ਦੇ ਨਾਲ ਤਤਕਾਲੀ ਪਟਿਆਲਾ ਰਿਆਸਤ ਦੀ ਰੇਲਵੇ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਹੈ। ਜੀ ਐੱਸ ਗੋਸਲਾ ਲਿਖਦੇ ਹਨ, "ਪਟਿਆਲਾ ਰਿਆਸਤ ਦੁਆਰਾ ਪਟਿਆਲਾ- ਰਾਜਪੁਰਾ ਰੇਲਵੇ ਲਾਇਨ ਬਣਾਈ ਗਈ ਸੀ। ਇਹ 1 ਨਵੰਬਰ 1884 ਨੂੰ ਖੋਲ੍ਹੀ ਗਈ ਸੀ। ਜਿਸ ਦਾ ਬਾਅਦ ਵਿੱਚ 13 ਅਕਤੂਬਰ 1889 ਨੂੰ ਬਠਿੰਡਾ ਸ਼ਹਿਰ ਤੱਕ ਵਿਸਥਾਰ ਕੀਤਾ ਗਿਆ।" ਇਹ ਪਟਿਆਲਾ ਰਿਆਸਤ ਵੱਲੋਂ ਬਣਾਈ ਗਈ ਸੀ ਪਰ ਇਸ ਦੀ ਆਮ ਦੇਖ਼-ਰੇਖ਼ ਉੱਤਰ-ਪੱਛਮੀ ਰੇਲਵੇ ਵੱਲੋਂ ਹੀ ਕੀਤੀ ਜਾਂਦੀ ਸੀ, ਬਾਅਦ ਵਿੱਚ 1889 ਵਿੱਚ ਇਸ ਨੂੰ ਉੱਤਰ-ਪੱਛਮੀ ਰੇਲਵੇ ਦੇ ਨੈੱਟਵਰਕ ਵਿੱਚ ਸ਼ਾਮਲ ਕਰ ਲਿਆ ਗਿਆ ਸੀ।

### ਉੱਤਰ-ਪੱਛਮੀ ਰੇਲਵੇ

ਸਾਲ 1886 ਵਿੱਚ ਕਈ ਨਿੱਜੀ ਕੰਪਨੀਆਂ ਦੇ ਰ.ਲੇਵੇ ਅਤੇ ਰਾਸ਼ਟੀਕਰਨ ਮਗਰੋਂ ਸਾਲ 1886 ਵਿੱਚ ਨੌਰਦਨ ਵੈਸਟਨ ਸਟੇਟ ਰੇਲਵੇ ਹੋਂਦ ਵਿੱਚ ਆਈ। ਜੀ ਐੱਸ ਗੋਸਲਾ ਮੁਤਾਬਕ 1947 ਵਿੱਚ ਇਸ ਦਾ ਕੁੱਲ ਨੈੱਟਵਰਕ 11 ਹਜਾਰ ਕਿਲੋਮੀਟਰ ਦੇ ਕਰੀਬ ਸੀ। ਵੰਡ ਤੋਂ ਪਹਿਲਾ ਪੰਜਾਬ ਅਤੇ ਸਿੰਧ ਦਾ ਖੇਤਰ ਰੇਲਵੇ ਦੇ ਬਜਟ ਦਾ ਅੱਧ ਦੇ ਕਰੀਬ (2/5) ਹਿੱਸਾ ਜ਼ਜਬ ਕਰ ਜਾਂਦਾ ਸੀ, ਜੋ ਕਿ ਇਸ ਦੇ ਵੱਡੇ ਅਤੇ ਵਿਸ਼ਾਲ ਹੋਣ ਦਾ ਪ੍ਰਤੀਕ ਹੈ। ਭਾਰਤ-ਪਾਕਿਸਤਾਨ ਦੀ ਵੰਡ ਸਮੇਂ ਰੇਲਵੇ ਦੇ ਸਰੋਤ ਵੀ ਵੰਡੇ ਗਏ, ਨੌਰਦਨ ਵੈਸਟਨ ਰੇਲਵੇ ਦੋ ਹਿੱਸਿਆ ਵਿੱਚ ਵੰਡਿਆਂ ਗਿਆ- ਈਸਟਨ ਪੰਜਾਬ ਰੇਲਵੇ ਅਤੇ ਵੈਸਟਨ ਪਾਕਿਸਤਾਨ ਰੇਲਵੇ। ਈਸਟਨ ਪੰਜਾਬ ਰੇਲਵੇ ਬਾਅਦ ਵਿੱਚ ਭਾਰਤੀ ਰੇਲਵੇ ਦੀ ਨੌਰਦਨ ਰੇਲਵੇ ਵਿੱਚ ਰਲਾ ਦਿੱਤਾ ਗਿਆ ਅਤੇ ਵੈਸਟਨ ਪਾਕਿਸਤਨ ਰੇਲਵੇ ਦਾ ਨਾਮ ਬਦਲ ਕੇ ਪਾਕਿਸਤਾਨ ਰੇਲਵੇ ਰੱਖ ਦਿੱਤਾ ਗਿਆ। ਇਸ ਵੰਡ ਕਾਰਨ ਨੌਰਦਨ ਵੈਸਟਨ ਰੇਲਵੇ ਦਾ ਬਹੁਤਾ ਹਿੱਸਾ ਪਾਕਿਸਤਾਨ ਵਿੱਚ ਚਲਾ ਗਿਆ। ਭਾਰਤ ਵਿਚਲੀ ਅਮ੍ਰਿਤਸਰ-ਲਾਹੌਰ ਲਾਇਨ ਅਟਾਰੀ ਸਟੇਸ਼ਨ 'ਤੇ ਖਤਮ ਹੋ ਗਈ, ਕਸੂਰ ਤੋਂ ਫਿਰੋਜ਼ਪੁਰ ਵਿਚਲੀ ਲਾਇਨ ਹੁਸੈਨੀਵਾਲਾ ਤੱਕ ਸੀਮਤ ਹੋ ਗਈ ਅਤੇ ਇੱਕ ਹੋਰ ਲਾਇਨ ਡੇਰਾ ਬਾਬਾ ਨਾਨਕ ਤੱਕ ਹੀ ਸੀਮਤ ਹੋ ਗਈ। ਇਸ ਦੇ ਨਾਲ ਅਫਗਾਨਿਸਤਾਨ ਦੀ ਸਰਹੱਦ ਅਤੇ ਇਰਾਨ ਤੱਕ ਜਾਂਦੀਆਂ ਰੇਲਾਂ ਨੂੰ ਇੱਕ ਦੇਸ ਵਿੱਚ ਬਣੀ ਲਕੀਰ 'ਤੇ ਹੀ ਰੁਕਣਾ ਪਿਆ।

### ਵੰਡ ਸਮੇਂ ਦੰਗਿਆ ਦੀ ਗਵਾਹੀ

ਵੰਡ ਦੇ ਸਮੇਂ ਦੰਗਿਆਂ ਅਤੇ ਕਤਲੋਗਾਰਤ ਦਾ ਵੀ ਰੇਲਵੇ ਗਵਾਹ ਰਿਹਾ। ਵੰਡ ਦੇ ਸਮੇਂ ਲੱਖਾਂ ਹੀ ਲੋਕਾਂ ਨੂੰ ਜਾਨ ਗਵਾਉਣੀ ਪਈ। ਇਸ ਸਮੇਂ ਸ਼ਰਨਾਰਥੀਆਂ ਵੱਲੋਂ ਵਧੇਰੇ ਕਰਕੇ ਰੇਲ ਸਫ਼ਰ ਦੀ ਹੀ ਵਰਤੋਂ ਕੀਤੀ ਗਈ। ਪ੍ਰਬੰਧਕੀ ਟੁੱਟ-ਭੱਜ ਅਤੇ ਕੋਲਾ ਅਤੇ ਹੋਰ ਸਰੋਤਾਂ ਦੀ ਘਾਟ ਨਾਲ ਜੂਝਦਿਆਂ ਰੇਲਵੇ ਨੇ ਸ਼ਰਨਾਰਥੀਆਂ ਨੂੰ ਰੇਲ ਰਾਹੀ ਬਾਰਡਰ ਪਾਰ ਕਰਵਾਇਆ। ਇਸ ਤਰਾਂ ਦਾ ਇੱਕ ਜ਼ਿਕਰ ਹਿਸਟਰੀ ਐਫ਼ ਰੇਲਵੇ ਕਿਤਾਬ ਵਿੱਚ ਆਉਂਦਾ ਹੈ, ਜਦੋਂ ਦਿੱਲੀ ਰੇਲਵੇ ਸਟੇਸ਼ਨ 'ਤੇ 9 ਸਤੰਬਰ 1947 ਨੂੰ ਕੁਝ ਹਮਲਾਵਾਰਾਂ ਵੱਲੋਂ ਆਮ ਲੋਕਾਂ 'ਤੇ ਹਮਲਾ ਕੀਤਾ ਗਿਆ, ਇਸ ਹਮਲੇ ਵਿੱਚ ਸ਼ਾਮਲ ਚਾਰ ਜਣਿਆਂ ਨੂੰ ਡੀਸੀ ਦੇ ਹੁਕਮਾਂ ਉੱਤੇ ਮੌਕੇ 'ਤੇ ਹੀ ਮਾਰ ਦਿੱਤਾ ਗਿਆ ਸੀ।

ਅਜਿਹਾ ਹੀ ਇੱਕ ਪ੍ਰਤੀਬਿੰਬ ਖੁਸ਼ਵੰਤ ਸਿੰਘ ਦੇ ਨਾਵਲ 'ਟਰੇਨ ਟੂ ਪਾਕਿਸਤਾਨ' ਵਿੱਚ ਵੀ ਪੇਸ਼ ਕੀਤਾ ਗਿਆ ਹੈ। ਨਾਵਲ ਵਿੱਚ ਇੱਕ ਦ੍ਰਿਸ਼ ਚਿਤਰਿਆ ਗਿਆ ਹੈ, ਜਿਸ 'ਚ ਪਾਕਿਸਤਾਨ ਤੋਂ ਇੱਕ ਰੇਲ ਮਨੋਮਾਜਰਾ ਪਿੰਡ ਵਿੱਚ ਰੁਕਦੀ ਹੈ ਪਰ ਰੇਲ ਵਿੱਚੋਂ ਕੋਈ ਵੀ ਯਾਤਰੀ ਉਤਰਦਾ ਨਹੀਂ। ਅਸਲ 'ਚ ਇਹ ਦ੍ਰਿਸ਼ ਵੰਡ ਦੌਰਾਨ ਹੋਏ ਡਰਾਉਣੇ ਕਤਲੇਆਮ ਦਾ ਦ੍ਰਿਸ਼ ਪੇਸ਼ ਕਰਦਾ ਹੈ। ਇਹ ਰੇਲ ਗੱਡੀ ਉਸ ਕਤਲੇਆਮ ਦਾ ਸ਼ਿਕਾਰ ਹੋਏ ਸਿੱਖ ਸ਼ਰਨਾਰਥੀਆਂ ਨਾਲ ਭਰੀ ਹੋਈ ਸੀ, ਜਿਸ ਵਿੱਚੋਂ ਕੋਈ ਉਤਰਦਾ ਦਾ ਤਾਂ ਹੀ ਜੇ ਉਸ ਦੀ ਜਾਨ ਬਚੀ ਹੁੰਦੀ। ਇਸ ਨਾਲ ਹੀ ਵੰਡ ਮਗਰੋਂ ਦੋਵੇਂ ਦੇਸ਼ਾਂ ਵਿੱਚ ਜੰਮੂ-ਕਸ਼ਮੀਰ ਇਹ ਮੁੱਦਾ ਬਣ ਗਿਆ।

'ਹਿਸਟਰੀ ਐਫ਼ ਰੇਲਵੇ' ਕਿਤਾਬ ਵਿਚਲੇ ਵੇਰਵਿਆਂ ਅਨੁਸਾਰ ਭਾਰਤ ਵੱਲੋਂ ਜੰਮੂ-ਕਸ਼ਮੀਰ ਹੋਰ ਆਸਾਨੀ ਨਾਲ ਪਹੁੰਚਣ ਲਈ ਨਵੰਬਰ 1949 ਵਿੱਚ ਫਿਰੋਜ਼ਪੁਰ ਡਿਵੀਜ਼ਨ ਜਲੰਧਰ-ਮੁਕੇਰੀਆ ਬ੍ਰਾਚ ਲਾਇਨ ਦਾ ਕੰਮ ਜੰਗੀ ਪੱਧਰ 'ਤੇ ਸ਼ੁਰੂ ਹੋਇਆ। ਇਹ ਸੈਕਸ਼ਨ 7 ਅਪ੍ਰੈਲ 1952 ਨੂੰ ਪੂਰਾ ਹੋਇਆ। ਇਸ ਪ੍ਰੋਜੈਕਟ 'ਤੇ 3 ਕਰੋੜ 77 ਲੱਖ ਦਾ ਖ਼ਰਚ ਆਇਆ ਸੀ। ਇਸ ਸੈਕਸ਼ਨ ਵਿੱਚ 108 ਪੁਲ ਬਣਾਏ ਗਏ ਸਨ, ਜਿਨ੍ਹਾਂ ਕਾਰਨ ਖ਼ਰਚ ਵਧੇਰੇ ਸੀ।

### ਸਮਝੌਤਾ ਅਤੇ ਥਾਰ ਐਕਸਪ੍ਰੈਸ

ਵੰਡ ਮਗਰੋਂ ਰੇਲ ਆਵਾਜਾਈ ਦੋਵੇਂ ਦੇਸ਼ਾ ਵਿਚਕਾਰ ਕਾਫੀ ਹੱਦ ਤੱਕ ਰੁਕ ਗਈ ਸੀ। ਪਰ ਸਾਲ 1972 ਵਿੱਚ ਦੋਵਾ ਦੇਸਾਂ ਵਿਚਕਾਰ ਸ਼ਿਮਲਾ ਸਮਝੌਤਾ ਦੇ ਨਾਂ ਨਾਲ ਜਾਣੇ ਜਾਂਦੇ ਸ਼ਾਂਤੀ ਸਮਝੌਤੇ ਮਗਰੋਂ ਰੇਲ ਆਵਾਜਾਈ 'ਤੇ ਦੁਬਾਰਾ ਸਹਿਮਤੀ ਬਣੀ।

ਇਸ ਦੇ ਤਹਿਤ ਹੀ 22 ਜੁਲਾਈ 1976 ਨੂੰ ਦਿੱਲੀ ਤੋਂ ਲਾਹੌਰ ਰੇਲ ਯਾਤਰਾ ਦੀ ਸ਼ੁਰੂਆਤ ਹੋਈ। ਉਸ ਸਮੇਂ ਇਹ ਰੇਲ ਰੋਜ਼ਾਨਾ ਚੱਲਦੀ ਸੀ ਪਰ 1994 ਤੋਂ ਹਫਤੇ ਵਿੱਚ ਦੋ ਵਾਰ ਚੱਲਣ ਲੱਗੀ। ਇਸ ਦੇ ਨਾਲ ਹੀ ਥਾਰ ਐਕ-ਸਪ੍ਰਸ ਰਾਜਥਾਨ ਦੇ ਜੋਧਪੁਰ ਤੋਂ ਪਾਕਿਸਤਾਨ ਦੇ ਕਰਾਂਚੀ ਛਾਉਣੀ ਸਟੇਸ਼ਨ ਤੱਕ ਸ਼ੁਰੂ ਹੋਈ। ਭਾਵੇਂ ਕਿ ਵੰਡ ਤੋਂ ਪਹਿਲਾ ਦਾ ਰੇਲ ਨੈੱਟਵਰਕ ਆਪਣੇ ਆਪ ਵਿੱਚ ਕਾਫੀ ਵਿਸ਼ਾਲ ਸੀ ਪਰ ਇਨ੍ਹਾਂ ਲਾਇਨਾਂ ਨੇ ਕੁਝ ਹੱਦ ਤੱਕ ਦੋਵੇਂ ਦੇਸ਼ਾ ਵਿਚਕਾਰ ਰੇਲ ਆਵਾਜਾਈ ਸ਼ੁਰੂ ਕੀਤੀ। ਫਰਵਰੀ 2019 ਵਿੱਚ ਪੁਲਵਾਮਾ ਹਮਲੇ ਤੋਂ ਬਾਅਦ ਭਾਰਤ-ਪਾਕਿਸਤਾਨ ਤਣਾਅ ਵਧਣ ਕਰਕੇ 28 ਫਰਵਰੀ ਨੂੰ ਇਸ ਰੇਲ ਸੇਵਾ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ ਗਿਆ ਪਰ ਬਾਅਦ ਵਿੱਚ ਭਾਰਤ ਦੇ ਆਰਟੀਕਲ 370 ਨੂੰ ਹਟਾਉਣ ਦੇ ਫੈਸਲੇ ਮਗਰੋਂ ਪਾਕਿਸਤਾਨ ਨੇ 8 ਅਗਸਤ 2019 ਨੂੰ ਸਮਝੋਤਾ ਐਕਸਪ੍ਰੈਸ ਅਤੇ 9 ਅਗਸਤ ਨੂੰ ਥਾਰ ਐਕਸਪ੍ਰੈਸ ਨੂੰ ਸਥਾਈ ਤੌਰ 'ਤੇ ਬੰਦ ਕਰ ਦਿੱਤਾ ਗਿਆ ਸੀ।

# ਪੰਜਾਬ ਵਿੱਚ ਵਰਤੀਆਂ ਜਾਣ ਵਾਲੀਆਂ ਖਾਦਾਂ ਨੇ ਕਰ ਦਿੱਤੀ ਜ਼ਮੀਨ ਜ਼ਹਿਰੀਲੀ

**ਡਾ. ਐੱਸ. ਪੀ. ਐੱਸ. ਬਰਾੜ**

ਪੰਜਾਬ ਦੀ ਖੇਤੀ ਸਬੰਧੀ ਇੱਕ ਬਿਰਤਾਂਤ ਸਿਰਜਿਆ ਜਾ ਰਿਹਾ ਹੈ ਕਿ ਪੰਜਾਬ ਦੇ ਕਿਸਾਨ ਰਸਾਇਣਿਕ ਖਾਦਾਂ ਲੋੜ ਤੋਂ ਜ਼ਿਆਦਾ ਵਰਤਦੇ ਹਨ। ਇਸ ਨਾਲ ਜ਼ਮੀਨ ਜ਼ਹਿਰੀਲੀ ਹੋ ਗਈ ਅਤੇ ਫ਼ਸਲਾਂ ਵਿੱਚ ਵੀ ਕੈਮੀਕਲ ਆ ਗਏ ਜਿਸ ਨਾਲ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਵਧ ਗਈਆਂ। ਦਰਅਸਲ, ਜਦੋਂ ਲੋਕ ਇਹ ਗੱਲਾਂ ਕਰਦੇ ਹਨ ਤਾਂ ਮੁਕਾਬਲਾ ਭਾਰਤ ਦੀ ਖਾਦਾਂ ਦੀ ਔਸਤ ਖਪਤ ਨਾਲ ਕਰਦੇ ਹਨ। ਮੁਕਾਬਲੇ ਵੇਲੇ ਭਾਰਤ ਅਤੇ ਪੰਜਾਬ ਦੀ ਅਸਲ ਸਥਿਤੀ ਲਕੋਈ ਜਾਂਦੀ ਹੈ।

ਇਹ ਸਾਰਾ ਬਿਰਤਾਂਤ ਕਾਰਪੋਰੇਟ ਅਤੇ ਉਨ੍ਹਾਂ ਪੱਖੀ ਬੁੱਧੀਜੀਵੀਆਂ ਵੱਲੋਂ ਜਾਣਬੁੱਝ ਕੇ ਸਿਰਜਿਆ ਜਾ ਰਿਹਾ ਹੈ ਕਿ ਪੰਜਾਬ ਦੇ ਕਿਸਾਨਾਂ ਦੀ ਉਪਜ ਨਾ ਵਿੱਕੇ, ਕਿਸਾਨ ਕਰਜ਼ਾਈ ਤਾਂ ਪਹਿਲਾਂ ਹੀ ਹਨ। ਕਰਜ਼ੇ ਦੇ ਦੱਬੇ ਕਿਸਾਨ ਜ਼ਮੀਨਾਂ ਵੇਚ ਜਾਣ ਅਤੇ ਉਹ ਸਸਤੇ ਭਾਅ ਖ਼ਰੀਦ ਲੈਣ। ਗੱਲ ਇਹ ਹੈ ਕਿ ਖੁਰਾਕ ਦੀ ਪ੍ਰੋਸੈਸਿੰਗ ਅਤੇ ਬਰਾਮਦ ਤਾਂ ਪਹਿਲਾਂ ਹੀ ਕਾਰਪੋਰੇਟ ਦੇ ਹੱਥ ਹੈ। ਜੇ ਖੁਰਾਕ ਦੀ ਪੈਦਾਵਾਰ ਵੀ ਉਨ੍ਹਾਂ ਦੇ ਹੱਥ ਆ ਜਾਏ ਤਾਂ ਖੁਰਾਕ 'ਤੇ ਪੂਰੇ ਦਾ ਪੂਰਾ ਕਬਜ਼ਾ ਕਾਰਪੋਰੇਟ ਦਾ ਹੋ ਜਾਵੇਗਾ। ਇਸ ਸਾਲ ਬਿਨਾਂ ਤਫਤੀਸ਼ ਕੀਤੇ ਪੰਜਾਬ ਦੇ ਚੌਲਾਂ ਨੂੰ ਭੰਡਣਾ ਇਸੇ ਦਾ ਨਤੀਜਾ ਹੈ। ਹਾਲਾਂਕਿ ਕੇਂਦਰ ਦੇ ਪਿਛਲੇ ਖੇਤੀ ਮੰਤਰੀ ਨਰਿੰਦਰ ਤੋਮਰ ਨੇ ਲੋਕ ਸਭਾ ਵਿੱਚ ਬਿਆਨ ਦਿੱਤਾ ਸੀ ਕਿ ਪੰਜਾਹ ਸਾਲ ਤੋਂ ਚੱਲਦੇ ਤਜਰਬੇ ਦੱਸਦੇ ਹਨ ਕਿ ਸਹੀ ਢੰਗ ਨਾਲ ਖਾਦਾਂ ਵਰਤਣ ਨਾਲ ਜ਼ਮੀਨ ਦੀ ਸਿਹਤ ਵੀ ਠੀਕ ਰਹਿੰਦੀ ਹੈ ਅਤੇ ਉਤਪਾਦਕਤਾ ਵੀ ਬਰਕਰਾਰ ਰਹਿੰਦੀ ਹੈ। ਪੰਜਾਬ ਵਿੱਚ ਵੀ ਅੱਜ ਤੱਕ ਕਿਤੋਂ ਇਹ ਰਿਪੋਰਟ ਨਹੀਂ ਆਈ ਕਿ ਰਸਾਇਣਿਕ ਖਾਦਾਂ ਵਰਤਣ ਨਾਲ ਜ਼ਮੀਨ ਖ਼ਰਾਬ ਹੋ ਗਈ ਅਤੇ ਫ਼ਸਲ ਦਾ ਝਾੜ ਘਟ ਗਿਆ। ਜਿੱਥੋਂ ਤੱਕ ਭਾਰਤ ਦੀ ਔਸਤ ਨਾਲੋਂ ਵੱਧ ਖਾਦਾਂ ਵਰਤਣ ਦਾ ਸਬੰਧ ਹੈ, ਉਸ ਦੇ ਕਾਰਨ ਹਨ।

ਮੁੱਖ ਕਾਰਨ ਹੈ ਭਾਰਤ ਦਾ ਸਿਰਫ਼ 37 ਪ੍ਰਤੀਸ਼ਤ ਰਕਬਾ ਹੀ ਸਿੰਚਾਈ ਹੇਠ ਹੈ, ਜਦੋਂਕਿ ਪੰਜਾਬ ਦਾ 98 ਪ੍ਰਤੀਸ਼ਤ ਹੈ। ਫ਼ਸਲ ਪਾਣੀ ਦੇ ਨਾਲ ਵਧਣੀ ਹੈ। ਜੇ ਤੁਹਾਡੇ ਕੋਲ ਪਾਣੀ ਹੀ ਨਹੀਂ ਅਤੇ ਬਾਰਿਸ਼ 'ਤੇ ਨਿਰਭਰ ਹੋ ਤਾਂ ਫ਼ਸਲ ਦਾ ਝਾੜ ਘੱਟ ਹੋਵੇਗਾ। ਜੇ ਝਾੜ, ਘੱਟ ਹੋਵੇਗਾ ਤਾਂ ਖਾਦ ਦੀ ਲੋੜ ਵੀ ਘੱਟ ਪਵੇਗੀ। ਦੂਜੀ ਗੱਲ ਫਾਸਫੋਰਸ ਅਤੇ ਪੋਟਾਸ਼ ਖਾਦਾਂ ਦੀ ਵਰਤੋਂ ਹੀ ਬਿਜਾਈ ਵੇਲੇ ਕੀਤੀ ਜਾਂਦੀ ਹੈ। ਜੇ ਬਿਜਾਈ ਵੇਲੇ ਤਰ ਵੱਤਰ ਨਹੀਂ ਤਾਂ ਫਿਰ ਇਸ ਦੀ ਵਰਤੋਂ ਨਹੀਂ ਕੀਤੀ ਜਾਂਦੀ। ਇਸੇ ਕਰਕੇ ਸਮੁੱਚੇ ਭਾਰਤ ਵਿੱਚ ਖਾਦਾਂ ਦੀ ਔਸਤ ਵਰਤੋਂ 141 ਕਿਲੋ/ਹੈਕਟੇਅਰ ਹੈ ਅਤੇ ਪੰਜਾਬ ਦੀ 254 ਕਿਲੋ/ਹੈਕਟੇਅਰ ਹੈ। ਜੇ ਫ਼ਸਲ ਵਿਰਲੀ ਹੈ ਤਾਂ ਕੀੜੇ ਤੇ ਬਿਮਾਰੀਆਂ ਵੀ ਘੱਟ ਲੱਗਦੇ ਹਨ। ਇਸੇ ਕਰਕੇ ਭਾਰਤ ਦਾ ਝੋਨੇ ਦਾ ਝਾੜ 42 ਕੁਇੰਟਲ ਪ੍ਰਤੀ ਹੈਕਟੇਅਰ ਹੈ, ਜਦੋਂਕਿ ਪੰਜਾਬ ਦਾ 75 ਕੁਇੰਟਲ ਪ੍ਰਤੀ ਹੈਕਟੇਅਰ ਹੈ। ਕਣਕ ਦੀ ਔਸਤ ਪੈਦਾਵਾਰ ਪੰਜਾਬ ਵਿੱਚ 50 ਕੁਇੰਟਲ ਪ੍ਰਤੀ ਹੈਕਟੇਅਰ ਹੈ। ਭਾਰਤ ਦੀ 35 ਕੁਇੰਟਲ ਦੇ ਮੁਕਾਬਲੇ ਦੋਵੇਂ ਫ਼ਸਲਾਂ ਦਾ ਔਸਤ ਝਾੜ ਪੰਜਾਬ ਦਾ 74 ਫੀਸਦੀ ਵੱਧ ਹੈ। ਜਦੋਂ ਝਾੜ ਵੱਧ ਲੈਣਾ ਹੈ ਤਾਂ ਖੁਰਾਕ ਵੀ ਵੱਧ ਦੇਣੀ ਪਊ।

ਹੁਣ ਗੱਲ ਕਰਦੇ ਹਾਂ ਇਨ੍ਹਾਂ ਖਾਦਾਂ ਵਿੱਚ ਕੀ ਰਸਾਇਣ ਹਨ ਅਤੇ ਕੀ ਉਹ ਜ਼ਹਿਰੀਲੇ ਵੀ ਹੋ ਸਕਦੇ ਹਨ। ਸਭ ਤੋਂ ਵੱਧ ਵਰਤੀ ਜਾਣ ਵਾਲੀ ਖਾਦ ਹੈ ਯੂਰੀਆ ਜੋ ਬੂਟੇ ਦੀ ਨਾਈਟਰੋਜਨ ਦੀ ਲੋੜ ਦੀ ਪੂਰਤੀ ਲਈ ਵਰਤੀ ਜਾਂਦੀ ਹੈ। ਬੂਟੇ ਦੀ ਹਰਿਆਵਲ ਜਿਸ ਨੂੰ ਕਲੋਰੋਫਿਲ ਕਹਿੰਦੇ ਹਨ, ਲਈ ਨਾਈਟਰੋਜਨ ਜ਼ਰੂਰੀ ਹੈ ਅਤੇ ਕਲੋਰੋਫਿਲ ਨਾਲ ਹੀ ਫ਼ਸਲ ਦੇ ਵਧਣ ਫੁੱਲਣ ਲਈ ਪੱਤਿਆਂ ਵਿੱਚ ਖੁਰਾਕ ਬਣਦੀ ਹੈ। ਇੰਨਾ ਹੀ ਨਹੀਂ ਜਿਹੜੀ ਦਾਣਿਆਂ



ਵਿੱਚ ਪ੍ਰੋਟੀਨ ਬਣਦੀ ਹੈ, ਨਾਈਟਰੋਜਨ ਉਸ ਦਾ ਜ਼ਰੂਰੀ ਹਿੱਸਾ ਹੈ। ਕਣਕ ਵਿੱਚ 12% ਅਤੇ ਚੌਲਾਂ ਵਿਚ 6.5% ਪ੍ਰੋਟੀਨ ਹੁੰਦੀ ਹੈ। ਇੱਥੇ ਮੈਂ ਇਹ ਵੀ ਦੱਸ ਦੇਵਾਂ ਕਿ ਇਨਸਾਨ ਦੇ ਖੂਨ ਵਿੱਚ ਵੀ 170 ਤੋਂ 300 ਮਿਲੀਗ੍ਰਾਮ ਯੂਰੀਆ ਪ੍ਰਤੀ ਲਿਟਰ ਹੁੰਦਾ ਹੈ। ਸਾਧਾਰਨ ਆਦਮੀ ਵਿੱਚ ਤਕਰੀਬਨ 5 ਲਿਟਰ ਖੂਨ ਹੁੰਦਾ ਹੈ ਅਤੇ ਇੱਕ ਤੰਦਰੁਸਤ ਆਦਮੀ 24 ਘੰਟੇ ਵਿੱਚ 25 ਤੋਂ 30 ਗ੍ਰਾਮ ਯੂਰੀਆ ਪਿਸ਼ਾਬ ਰਾਹੀਂ ਬਾਹਰ ਕੱਢਦਾ ਹੈ।

### ਯੂਰੀਆ ਕਿਵੇਂ ਬਣਦਾ ਹੈ:

ਹਵਾ ਵਿਚਲੀ ਨਾਈਟਰੋਜਨ ਨੂੰ ਮੀਥੇਨ ਨਾਲ ਰਲਾ ਕੇ ਅਮੋਨੀਆ ਗੈਸ ਤਿਆਰ ਕੀਤੀ ਜਾਂਦੀ ਹੈ ਜਿਹੜੀ ਦਬਾਅ ਹੇਠਾਂ ਤਰਲ ਵੀ ਬਣ ਜਾਂਦੀ ਹੈ। ਫਿਰ ਤੇਲ ਰਿਫਾਈਨਰੀਆਂ ਦੀ ਰਹਿੰਦ ਖੂੰਹਦ ਵਿੱਚੋਂ ਕਾਰਬਨ ਅਤੇ ਹਾਈਡਰੋਜਨ ਨਾਲ ਮਿਲਾ ਕੇ ਯੂਰੀਆ ਤਿਆਰ ਕੀਤਾ ਜਾਂਦਾ ਹੈ। ਜਿਹੜਾ ਯੂਰੀਆ ਅਸੀਂ ਫ਼ਸਲ ਨੂੰ ਪਾਉਂਦੇ ਹਾਂ, ਉਹ ਜ਼ਮੀਨ ਵਿਚਲੇ ਪਾਣੀ ਅਤੇ ਯੂਰੀਏਜ਼ ਇਨਜ਼ਾਈਮ ਦੀ ਸਹਾਇਤਾ ਨਾਲ ਅਮੋਨੀਅਮ ਬਣ ਜਾਂਦਾ ਹੈ। ਯੂਰੀਏ ਵਿਚਲੀ ਕਾਰਬਨ-ਕਾਰਬਨ ਡਾਇਅਕਸਾਈਡ ਗੈਸ ਦੇ ਰੂਪ ਵਿੱਚ ਨਿਕਲ ਜਾਂਦੀ ਹੈ। ਜੋ ਫਿਰ ਬੂਟੇ ਫੋਟੋਸਿੰਥੇਸਿਸ ਲਈ ਵਰਤਦੇ ਹਨ। ਕੁਝ ਅਮੋਨੀਅਮ ਜੜਾਂ ਰਾਹੀਂ ਬੂਟੇ ਵਿੱਚ ਚਲਾ ਜਾਦਾ ਹੈ, ਪਰ ਬਹੁਤਾ ਬੈਕਟਰੀਆ ਰਾਹੀਂ ਪਹਿਲਾਂ ਨਾਈਟਰਾਈਟ ਅਤੇ ਫਿਰ ਨਾਈਟਰੇਟ ਵਿੱਚ ਤਬਦੀਲ ਹੋ ਜਾਂਦਾ ਹੈ। ਝੋਨਾ ਬਹੁਤੀ ਨਾਈਟਰੋਜਨ ਅਮੋਨੀਅਮ ਦੇ ਰੂਪ ਵਿੱਚ ਲੈਂਦਾ ਹੈ। ਬਾਕੀ ਫ਼ਸਲਾਂ ਨਾਈਟਰੋਜਨ ਨਾਈਟਰੇਟ ਦੇ ਰੂਪ ਵਿੱਚ ਹੀ ਲੈਂਦੀਆਂ ਹਨ। ਜੋ ਯੂਰੀਆ ਅਸੀਂ ਫ਼ਸਲ ਨੂੰ ਪਾਉਂਦੇ ਹਾਂ (ਕਣਕ-ਝੋਨਾ) ਤਾਂ ਤਕਰੀਬਨ 80 ਫੀਸਦੀ ਨਾਈਟਰੋਜਨ ਫ਼ਸਲ ਲੈ ਜਾਂਦੀ ਹੈ। ਬਾਕੀ ਕੁਝ ਜ਼ਮੀਨ ਵਿੱਚ ਜੀਵਕ ਮਾਦੇ ਦੇ ਰੂਪ ਵਿੱਚ ਰਹਿ ਜਾਂਦੀ ਹੈ। ਕੁਝ ਨਾਈਟਰੋਜਨ ਗੈਸ ਬਣ ਕੇ ਫਿਰ ਹਵਾ ਵਿੱਚ ਮਿਲ ਜਾਂਦੀ ਹੈ। ਜ਼ਮੀਨ ਵਿੱਚ ਨਾਈਟਰੇਟ ਪਾਣੀ ਨਾਲ ਉੱਪਰ-ਥੱਲੇ ਹੁੰਦੇ ਰਹਿੰਦੇ ਹਨ, ਪਰ ਫ਼ਸਲਾਂ ਦੀਆਂ ਜੜਾਂ ਜਿਸ ਨੂੰ ਰੂਟ ਜ਼ੋਨ ਕਿਹਾ ਜਾਂਦਾ ਹੈ, ਉਸ ਤੋਂ ਹੇਠਾਂ ਨਹੀਂ ਜਾਂਦੇ। ਜਿਹੜੇ ਨਾਈਟਰੇਟ ਧਰਤੀ ਹੇਠਲੇ ਪਾਣੀ ਵਿੱਚ ਆਉਂਦੇ ਹਨ, ਉਹ ਸ਼ਹਿਰਾਂ ਦੇ ਸੀਵਰ ਸਿਸਟਮ ਅਤੇ ਪਿੰਡਾਂ ਦੀਆਂ ਬੋਰ ਹੋਲ ਲੈਟਰੀਨਾਂ ਅਤੇ ਛੱਪੜ ਜਿਹੜੇ ਸੀਵਰ ਟੈਂਕ ਬਣੇ ਹਨ, ਉਹ ਉਨ੍ਹਾਂ ਦੀ ਦੇਣ ਹੈ।

ਦੂਜਾ ਤੱਤ ਹੈ ਫਾਸਫੋਰਸ ਜਿਹੜਾ ਡੀਏਪੀ ਖਾਦ ਤੋਂ ਮਿਲਦਾ ਹੈ। ਇਹ ਵੀ ਬੂਟੇ ਵਿੱਚ ਖੁਰਾਕ ਬਣਨ ਲਈ ਜ਼ਰੂਰੀ ਹੈ ਅਤੇ ਇਨਸਾਨਾਂ ਲਈ ਵੀ ਜ਼ਰੂਰੀ ਹੈ। ਜ਼ਮੀਨ ਵਿੱਚ ਇਹ ਬਹੁਤਾ ਕੈਲਸ਼ੀਅਮ ਫਾਸਫੇਟ ਦੇ ਰੂਪ ਵਿੱਚ ਹੁੰਦਾ ਹੈ, ਪਰ ਇਹ ਫ਼ਸਲਾਂ ਦੀ ਲੋੜ ਤੋਂ ਘੱਟ ਹੈ। ਇਹ ਉਹੋ ਹੀ ਕਲਕੇਰੀਆ ਫਾਸ ਹੈ ਜਿਹੜਾ ਹੋਮਿਓਪੈਥੀ ਵਾਲੇ ਡਾਕਟਰ ਬੱਚਿਆਂ ਨੂੰ ਦੰਦ ਕੱਢਣ ਵੇਲੇ ਦਿੰਦੇ ਹਨ ਅਤੇ ਐਲੋਪੈਥੀ ਵਾਲੇ ਗਰਭਵਤੀ ਔਰਤਾਂ ਅਤੇ ਬਜ਼ੁਰਗਾਂ ਨੂੰ ਹੱਡੀਆਂ ਮਜ਼ਬੂਤ ਕਰਨ ਲਈ। ਇਸ ਦੀ ਪੂਰਤੀ ਜ਼ਿਆਦਾਤਰ ਡੀਏਪੀ ਨਾਲ ਕੀਤੀ ਜਾਂਦੀ ਹੈ। ਡੀਏਪੀ ਰਾਕ ਫਾਸਫੇਟ ਹੈ ਜੋ ਕਿ ਜਿਪਸਮ ਵਰਗੀ ਮਿੱਟੀ ਹੀ ਹੁੰਦੀ ਹੈ, ਇਹ ਉਸ ਤੋਂ ਬਣਦੀ ਹੈ।

ਰਾਕ ਫਾਸਫੇਟ ਨੂੰ ਪਹਿਲਾ ਸਲਫਿਊਰਿਕ ਐਸਿਡ ਜਿਸ ਨੂੰ ਗੰਧਕ ਦਾ ਤੇਜ਼ਾਬ ਕਿਹਾ ਜਾਂਦਾ ਹੈ, ਉਸ ਨਾਲ ਮਿਲਾ ਕੇ ਫਾਸਫੋਰਿਕ ਐਸਿਡ ਬਣਾਇਆ ਜਾਂਦਾ ਹੈ। ਫਿਰ ਇਸ ਨੂੰ ਅਮੋਨੀਆ ਨਾਲ ਮਿਲਾ ਕੇ ਡੀਏਪੀ ਬਣ ਜਾਂਦੀ ਹੈ। ਜਿੰਨੀ ਅਸੀਂ ਫਾਸਫੋਰਸ ਡੀਏਪੀ ਰਾਹੀਂ ਦੋਵੇਂ ਫ਼ਸਲਾਂ ਨੂੰ ਪਾਉਂਦੇ ਹਾਂ, ਤਕਰੀਬਨ ਉਨੀ ਹੀ ਫ਼ਸਲ ਲੈ ਜਾਂਦੀ ਹੈ। ਜੋ ਥੋੜ੍ਹੀ ਬਹੁਤੀ ਫ਼ਸਲ ਤੋਂ ਬਚ ਵੀ ਗਈ, ਉਹ ਜ਼ਮੀਨ ਵਿਚਲੇ ਕੈਲਸ਼ੀਅਮ/ ਮੈਗਨੀਸ਼ੀਅਮ ਨਾਲ ਰਲ ਕੇ ਕੈਲਸ਼ੀਅਮ ਫਾਸਫੇਟ ਵਿੱਚ ਤਬਦੀਲ ਹੋ ਜਾਂਦੀ ਹੈ ਅਤੇ ਘੁਲਣਸ਼ੀਲ ਨਹੀਂ ਰਹਿੰਦੀ।

ਤੀਜੀ ਖਾਦ ਹੈ ਪੋਟਾਸ਼ ਜੋ ਬਹੁਤ ਥੋੜ੍ਹੇ ਕਿਸਾਨ ਹੀ ਵਰਤਦੇ ਹਨ ਅਤੇ ਜ਼ਿਆਦਾਤਰ ਆਲੂਆਂ ਦੀ ਖੇਤੀ ਵਾਲੇ ਹੀ ਇਸ ਦੀ ਵਰਤੋਂ ਕਰਦੇ ਹਨ। ਇਸ ਦਾ ਕਾਰਨ ਹੈ ਕਿ ਪੰਜਾਬ ਦੀਆਂ ਜ਼ਮੀਨਾਂ ਵਿੱਚ ਇਹ ਤੱਤ ਦਰਮਿਆਨੇ ਤੋਂ ਜ਼ਿਆਦਾ ਹੈ ਅਤੇ ਆਮ ਫ਼ਸਲਾਂ ਦੀ ਲੋੜ ਪੂਰੀ ਕਰਦੀ ਹੈ। ਟਿਊਬਵੈਲਾਂ ਦੇ ਪਾਣੀਆਂ ਵਿੱਚ ਵੀ ਇਹ ਪੋਟਾਸ਼ 7 ਤੋਂ 10 ਪੀਪੀਐੱਮ ਹੈ। ਖਾਦ ਦੇ ਰੂਪ ਵਿੱਚ ਇਹ ਮਿਊਰੇਟ ਆਫ ਪੋਟਾਸ਼ (ਪੋਟਾਸ਼ੀਆ ਕਲੋਰਾਈਡ) ਵਰਤਿਆ ਜਾਂਦਾ ਹੈ, ਦੋਵੇਂ ਹੀ ਤੱਤ ਇਨਸਾਨਾਂ ਲਈ ਵੀ ਜ਼ਰੂਰੀ ਹਨ ਅਤੇ ਖੂਨ ਵਿੱਚ ਪਾਏ ਜਾਂਦੇ ਹਨ। ਚੌਥਾ ਤੱਤ ਹੈ ਜ਼ਿੰਕ ਸਲਫੇਟ ਜਿਹੜਾ 5-10 ਕਿਲੋ ਪ੍ਰਤੀ ਏਕੜ ਸਿਰਫ਼ ਘਾਟ ਵਾਲੀਆਂ ਜ਼ਮੀਨਾਂ ਵਿੱਚ ਵਰਤਿਆ ਜਾਂਦਾ ਹੈ। ਜ਼ਮੀਨ ਵਿੱਚ ਇਸ ਦੀ ਘੁਲਣਸ਼ੀਲਤਾ ਘਟ ਜਾਂਦੀ ਹੈ ਅਤੇ ਜਿਹੜਾ ਫ਼ਸਲ ਤੋਂ ਵੱਧ ਗਿਆ, ਉਹ ਮਿਨਰਲ ਦੇ ਰੂਪ ਵਿੱਚ ਪਿਆ ਰਹਿੰਦਾ ਹੈ। ਬੀਕਾਸੂਲ ਜ਼ੈੱਡ ਦੇ ਕੈਪਸੂਲਾਂ ਵਿੱਚ ਜ਼ੈੱਡ ਜ਼ਿੰਕ ਹੀ ਹੈ ਜੋ ਡਾਕਟਰ ਤਾਕਤ ਲਈ ਦਿੰਦੇ ਹਨ।

### ਸੰਤੁਲਿਤ ਖਾਦਾਂ ਦੀ ਵਰਤੋਂ:

ਸਰਕਾਰ ਵੱਲੋਂ ਸੰਤੁਲਿਤ ਖਾਦਾਂ ਦੀ ਵਰਤੋਂ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਸੰਤੁਲਿਤ ਵਰਤੋਂ ਐੱਨਪੀਕੇ ਨੂੰ ਕ੍ਰਮਵਾਰ 4 : 2 :1 ਦੇ ਹਿਸਾਬ ਨਾਲ ਵਰਤਣ ਨੂੰ ਕਿਹਾ ਜਾ ਰਿਹਾ ਹੈ। ਜਦੋਂ ਕਿ ਪੰਜਾਬ ਵਿੱਚ ਕਿਸਾਨ ਮਿੱਟੀ ਪਰਖ ਅਤੇ ਫ਼ਸਲ ਦੀ ਲੋੜ ਅਨੁਸਾਰ ਵਰਤਦੇ ਹਨ, ਜਿਸ ਨੂੰ ਜ਼ਮੀਨੀ ਹਕੀਕਤ ਤੋਂ ਅਣਜਾਣ ਪ੍ਰਬੰਧਕ ਅਤੇ ਸਾਇੰਸਦਾਨ ਗ਼ਲਤ ਦੱਸਦੇ ਹਨ। ਖੇਤ ਵਿੱਚ ਕੰਮ ਕਰਨ ਵਾਲੇ ਨੂੰ ਪਤਾ ਹੁੰਦਾ ਹੈ ਕਿ ਫ਼ਸਲ ਕੀ ਮੰਗਦੀ ਹੈ।

### ਯੂਰੀਆ ਦੀ ਗੈਰ ਖੇਤੀ ਵਰਤੋਂ:

ਖੇਤੀ ਤੋਂ ਇਲਾਵਾ ਯੂਰੀਆ ਪਸ਼ੂਆਂ ਦੀ ਖੁਰਾਕ ਵਿੱਚ ਪ੍ਰੋਟੀਨ ਵਧਾਉਣ ਲਈ ਵੀ ਵਰਤਿਆ ਜਾਂਦਾ ਹੈ। ਕੈਮੀਕਲ ਫੈਕਟਰੀਆਂ ਲਈ ਇਹ ਮਹੱਤਵਪੂਰਨ ਕੱਚਾ ਮਾਲ ਹੈ। ਇਹ ਪਲਾਸਟਿਕ ਇੰਡਸਟਰੀ ਦਾ ਮੁੱਢਲਾ ਸਰੋਤ ਹੈ। ਯੂਰੀਆ ਤੋਂ ਰੇਸਿਨ ਬਣਦੀ ਹੈ ਜੋ ਪਲਾਈ ਵੁੱਡ ਅਤੇ ਪਲਾਈਬੋਰਡ ਆਦਿ ਬਣਾਉਣ ਲਈ ਵਰਤੀ ਜਾਂਦੀ ਹੈ। ਯੂਰੀਆ ਕੱਪੜਾ ਉਦਯੋਗ ਵਿੱਚ ਕੱਪੜੇ ਨੂੰ ਰੰਗ ਅਤੇ ਫਿਨਿਸ਼ਿੰਗ ਦੇਣ ਲਈ ਵੀ ਵਰਤਿਆ ਜਾਂਦਾ ਹੈ। ਯੂਰੀਆ ਕਾਲਮੇਟਿਕਸ ਵਿੱਚ ਵੀ ਵਰਤਿਆ ਜਾਂਦਾ ਹੈ। ਬਹੁਤ ਸਾਰੀਆਂ ਸ਼ਿੰਗਾਰ ਲਈ ਵਰਤੀਆਂ ਜਾਣ ਵਾਲੀਆਂ ਕਰੀਮਾਂ ਵਿੱਚ ਵਰਤਿਆ ਜਾਂਦਾ ਹੈ। ਇਹ ਚਮੜੀ ਵਿੱਚ ਤਰਾਉਤ (ਮੌਇਸਚਰਾਈਜ਼) ਲਿਆਉਂਦਾ ਹੈ। ਕੰਨਾਂ ਅਤੇ ਨਹੁੰਆਂ ਨੂੰ ਸਾਫ਼ ਕਰਨ ਲਈ ਵੀ ਵਰਤਿਆ ਜਾਂਦਾ ਹੈ। ਹੋਰ ਵੀ ਬਹੁਤ ਸਾਰੀਆਂ ਦਵਾਈਆਂ ਵਿੱਚ ਵਰਤਿਆ ਜਾਂਦਾ ਹੈ। ਅੰਤੜੀ ਰੋਗਾਂ ਦੀ ਇਨਫੈਕਸ਼ਨ ਚੈੱਕ ਕਰਨ ਵਾਲੇ ਬਰੀਦ (ਸਾਹ) ਟੈਸਟ ਲਈ ਵੀ ਵਰਤਿਆ ਜਾਂਦਾ ਹੈ। ਇਹ ਘੋਖਣ ਦੀ ਲੋੜ ਹੈ ਕਿ ਕਿੰਨਾ ਯੂਰੀਆ ਇੰਡਸਟਰੀ ਵਿੱਚ ਵਰਤਿਆ ਜਾਂਦਾ ਹੈ।

ਉਪਰੋਕਤ ਸਾਰੀ ਜਾਣਕਾਰੀ ਤੋਂ ਇਹ ਪਤਾ ਲੱਗਦਾ ਹੈ ਕੋਈ ਵੀ ਰਸਾਇਣਿਕ ਖਾਦ ਫਾਲਤੂ ਨਹੀਂ ਵਰਤੀ ਜਾਂਦੀਂ। ਜਿਹੜੀ ਖਾਦ ਵਰਤੀ ਜਾਂਦੀ ਹੈ ਉਹ ਜ਼ਮੀਨ ਪਾਣੀ, ਬੂਟੇ ਅਤੇ ਖੁਰਾਕ ਵਿੱਚ ਜ਼ਹਿਰ ਦਾ ਰੂਪ ਨਹੀਂ ਧਾਰਦੀ। ਇਹ ਸਾਰਾ ਕੂੜ ਪ੍ਰਚਾਰ ਦੇਸ਼ ਦੀ ਅੰਨ ਸੁਰੱਖਿਆ ਅਤੇ ਪੰਜਾਬ ਦੀ ਕਿਸਾਨੀ ਨੂੰ ਕਮਜ਼ੋਰ ਕਰਨ ਲਈ ਹੋ ਰਿਹਾ ਹੈ।

# ਚੀਨ ਦਾ ਮੈਗਾ ਡੈਮ ਅਤੇ ਇਸ ਦੇ ਖ਼ਤਰੇ

**ਅਸ਼ੋਕ ਕੇ ਕੰਠ**

ਚੀਨੀ ਸਮਾਚਾਰ ਏਜੰਸੀਆ ਸਿਨਹੂਆ ਨੇ ਲੰਘੀ 25 ਦਸੰਬਰ ਨੂੰ ਰਿਪੋਰਟ ਕੀਤਾ ਕਿ ਚੀਨ ਸਰਕਾਰ ਨੇ ਤਿੱਬਤ ਵਿੱਚ ਯਾਰਲੁੰਗ ਸੰਗਪੋ/ਜ਼ੰਗਬੋ ਦਰਿਆ ਦੇ ਹੇਠਲੇ ਵਹਿਣ ਉੱਪਰ ਸਭ ਤੋਂ ਵੱਡੇ ਪਣ-ਬਿਜਲੀ ਪ੍ਰਾਜੈਕਟ ਦੇ ਨਿਰਮਾਣ ਨੂੰ ਪ੍ਰਵਾਨਗੀ ਦਿੱਤੀ ਹੈ। ਕਿਹਾ ਜਾਂਦਾ ਹੈ ਕਿ ਇਹ ਐਲਾਨ ਭਾਰਤ ਨੂੰ ਕੋਈ ਇਤਲਾਹ ਦਿੱਤੇ ਬਗ਼ੈਰ ਕੀਤਾ ਗਿਆ ਹੈ ਜੋ ਇਸ ਦਰਿਆ ਦਾ ਹੇਠਲਾ ਰਿਪੇਰੀਅਨ ਮੁਲਕ ਹੈ ਅਤੇ ਇਹ ਚੇਤੇ ਕਰਾਉਂਦਾ ਹੈ ਕਿ ਆਪਣੇ ਉੱਤਰੀ ਗੁਆਂਢੀ ਨਾਲ ਸਬੰਧ ਮੁੜ ਸੁਧਾਰਨ ਦੀ ਪ੍ਰਕਿਰਿਆ ਕਿੰਨੀ ਗੁੰਝਲਦਾਰ ਹੈ। ਇਸ ਪ੍ਰਸਤਾਵਿਤ ਪ੍ਰਾਜੈਕਟ ਨਾਲ ਭਾਰਤ ਉੱਪਰ ਕਈ ਨਾਂਹ ਮੁਖੀ ਪ੍ਰਭਾਵ ਪੈ ਸਕਦੇ ਹਨ ਅਤੇ ਭਾਰਤ ਵੱਲੋਂ ਇਸ ਉੱਪਰ ਕਈ ਸਾਲਾਂ ਤੋਂ ਕਰੀਬੀ ਨਜ਼ਰ ਰੱਖੀ ਜਾ ਰਹੀ ਸੀ। ਉਪਰਲਾ ਰਿਪੇਰੀਅਨ ਮੁਲਕ ਹੋਣ ਦੇ ਨਾਤੇ ਚੀਨ ਵੱਲੋਂ ਹੇਠਲੇ ਰਿਪੇਰੀਅਨ ਮੁਲਕਾਂ ਨਾਲ ਤਾਲਮੇਲ ਰੱਖਣ, ਪਾਰਦਰਸ਼ਤਾ ਵਰਤਣ ਅਤੇ ਉਨ੍ਹਾਂ ਦੇ ਹਿੱਤਾਂ ਦੀ ਸੁਰੱਖਿਆ ਕਰਨ ਪ੍ਰਤੀ ਤਿਰਸਕਾਰ ਕਰਨ ਦਾ ਰਿਕਾਰਡ ਰਿਹਾ ਹੈ। ਇਸ ਕਰ ਕੇ ਪਹਿਲਾਂ ਤੋਂ ਹੀ ਦੁਸ਼ਵਾਰਕੁਨ ਸਬੰਧਾਂ 'ਚ ਇੱਕ ਹੋਰ ਵੱਡਾ ਰੋੜਾ ਉੱਭਰ ਰਿਹਾ ਹੈ।

ਸਿਨਹੂਆ ਨੇ ਭਾਵੇਂ ਕੋਈ ਵੇਰਵੇ ਨਹੀਂ ਦਿੱਤੇ ਪਰ ਇਸ ਨੂੰ ਗ੍ਰੀਨ ਪ੍ਰਾਜੈਕਟ ਕਹਿ ਕੇ ਇਸ ਦੀ ਸਰਾਹਨਾ ਕੀਤੀ ਹੈ। ਉਂਝ, ਹਾਂਗ ਕਾਂਗ ਆਧਾਰਿਤ ਸਾਊਥ ਚਾਈਨਾ ਮੌਰਨਿੰਗ ਪੋਸਟ (ਐੱਸਸੀਐੱਮਪੀ) ਅਖ਼ਬਾਰ ਨੇ ਲਿਖਿਆ ਹੈ ਕਿ ਇਸ ਡੈਮ ਦੇ ਨਿਰਮਾਣ ਲਈ ਕੁੱਲ 1 ਟ੍ਰਿਲੀਅਨ ਯੁਆਨ (ਭਾਵ 137 ਅਰਬ ਡਾਲਰ) ਦੀ ਲਾਗਤ ਆਵੇਗੀ। ਡੈਮ ਤੋਂ ਹਰ ਸਾਲ 300 ਅਰਬ ਕਿਲੋਵਾਟ ਆਵਰਜ਼ ਬਿਜਲੀ ਪੈਦਾ ਹੋਣ ਦਾ ਅਨੁਮਾਨ ਹੈ ਜੋ ਇਸ ਸਮੇਂ ਦੁਨੀਆ ਦੇ ਸਭ ਤੋਂ ਵੱਡੇ ਤਿੰਨ ਖੱਡੀ ਡੈਮ (ਥਰੀ ਗੌਰਜਿਜ਼ ਡੈਮ) ਦੀ ਅਨੁਮਾਨਤ 88.2 ਅਰਬ ਕਿਲੋਵਾਟ ਆਵਰਜ਼ ਪੈਦਾਵਾਰ ਨਾਲੋਂ ਤਿੰਨ ਗੁਣਾ ਤੋਂ ਵੀ ਵੱਧ ਹੋਵੇਗੀ।

ਐੱਸਸੀਐੱਮਪੀ ਦੀ ਰਿਪੋਰਟ ਅਨੁਸਾਰ, ਇਹ ਦੁਨੀਆ ਦਾ ਬੁਨਿਆਦੀ ਢਾਂਚੇ ਦਾ ਸਭ ਤੋਂ ਵੱਡਾ ਪ੍ਰਾਜੈਕਟ ਹੋਵੇਗਾ ਅਤੇ ਇਸ ਅਧੀਨ 20 ਕਿਲੋਮੀਟਰ ਲੰਮੀਆਂ ਚਾਰ ਸੁਰੰਗਾਂ ਦੀ ਖੁਦਾਈ ਕੀਤੀ ਜਾਵੇਗੀ; ਇਸ ਨਾਲ ਦਰਿਆ ਦੇ ਅੱਧੇ ਪਾਣੀ ਦਾ ਮੁਹਾਣ ਬਦਲ ਦਿੱਤਾ ਜਾਵੇਗਾ। ਉਂਝ, ਚੀਨ ਦੇ ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਦਾਅਵਾ ਕੀਤਾ ਕਿ ਇਸ ਦੇ ਬਾਵਜੂਦ ਹੇਠਲੇ ਮੁਹਾਣ ਵਾਲੇ ਮੁਲਕਾਂ (ਭਾਰਤ ਤੇ ਬੰਗਲਾਦੇਸ਼) ਉੱਪਰ ਕੋਈ ਨਾਂਹ ਮੁਖੀ ਅਸਰ ਨਹੀਂ ਪਵੇਗਾ।

ਡੈਮ ਯਾਰਲੁੰਗ ਸੰਗਪੋ ਦਰਿਆ ਦੇ ਬਿੱਗ ਬੈਂਡ (ਵੱਡੇ ਮੋੜ) ਵਾਲੇ ਇਲਾਕੇ ਵਿੱਚ ਬਣਾਇਆ ਜਾਵੇਗਾ ਜਿੱਥੋਂ ਕਰੀਬ 20 ਕੁ ਕਿਲੋਮੀਟਰ ਅਗਾਂਹ ਇਹ ਦਰਿਆ ਯੂ-ਟਰਨ ਲੈਂਦਾ ਹੋਇਆ ਭਾਰਤ ਵਿੱਚ ਦਾਖ਼ਲ ਹੁੰਦਾ ਹੈ। ਇਸ ਪ੍ਰਾਜੈਕਟ ਦੇ ਸਾਡੇ ਉੱਪਰ ਇੱਕ ਤੋਂ ਵੱਧ ਪ੍ਰਭਾਵ ਪੈਣਗੇ। ਭਾਰਤੀ ਖੇਤਰ ਵਿਚ ਦਾਖ਼ਲ ਹੋਣ 'ਤੇ ਇਸ ਦਰਿਆ ਨੂੰ ਸਿਆਂਗ ਆਖਿਆ ਜਾਂਦਾ ਹੈ ਅਤੇ ਇਸ ਪ੍ਰਾਜੈਕਟ ਕਰ ਕੇ ਇਸ ਦਾ ਵਹਾ ਪ੍ਰਭਾਵਿਤ ਹੋਵੇਗਾ ਜੋ ਬ੍ਰਹਮਪੁੱਤਰ ਨਦੀ ਪ੍ਰਣਾਲੀ ਦਾ ਮੁੱਖ ਚੈਨਲ ਹੈ। ਅਸਾਮ ਸਰਕਾਰ ਦੀ ਵੈੱਬਸਾਈਟ ਮੁਤਾਬਿਕ ਤਿੱਬਤ ਵਿੱਚ ਬ੍ਰਹਮਪੁੱਤਰ ਦਾ ਜਲ ਗ੍ਰਹਿਣ ਖੇਤਰ 293000 ਵਰਗ ਕਿਲੋਮੀਟਰ ਹੈ; ਭਾਰਤ ਤੇ ਭੂਟਾਨ ਵਿੱਚ 240000 ਵਰਗ ਕਿਲੋਮੀਟਰ ਅਤੇ ਬੰਗਲਾਦੇਸ਼ ਵਿੱਚ 47000 ਵਰਗ ਕਿਲੋਮੀਟਰ ਹੈ। ਭਾਰਤ ਵਿੱਚ ਵਗਦੀਆਂ ਇਨ੍ਹਾਂ ਨਦੀਆਂ ਦਾ ਜ਼ਿਆਦਾਤਰ ਪਾਣੀ ਇਸ ਦੇ ਹੀ ਖੇਤਰ 'ਚੋਂ ਪੈਦਾ ਹੁੰਦਾ ਹੈ ਪਰ ਇਸ ਮੈਗਾ ਪ੍ਰਾਜੈਕਟ ਨਾਲ ਦਰਿਆ ਦੇ ਵਹਾ ਉੱਪਰ ਅਹਿਮ ਪ੍ਰਭਾਵ ਪਵੇਗਾ ਅਤੇ ਸਿੱਟੇ ਵਜੋਂ ਹੇਠਲੇ ਵਹਿਣ ਦੇ ਖੇਤਰਾਂ ਦੇ ਵਸਨੀਕਾਂ ਦੀ ਰੋਜ਼ੀ ਰੋਟੀ ਵੀ ਅਸਰਅੰਦਾਜ਼ ਹੋਵੇਗੀ।



ਚੀਨ ਵੱਲੋਂ ਮਿਕੌਂਗ ਖੇਤਰ (ਜਿਸ ਨੂੰ ਉਸ ਦੇਸ਼ ਵਿੱਚ ਲੈਂਕਾਂਗ ਕਿਹਾ ਜਾਂਦਾ ਹੈ) ਦੇ ਉਪਰਲੇ ਵਹਾ ਵਿਚ ਬਣਾਏ ਗਏ ਕੁਝ ਛੋਟੇ ਆਕਾਰ ਦੇ ਪਣ ਬਿਜਲੀ ਪ੍ਰਾਜੈਕਟਾਂ ਕਰ ਕੇ ਵਹਾ ਵਿੱਚ ਉਤਰਾਅ ਚੜ੍ਹਾਅ ਆਉਣ ਅਤੇ ਕੁਝ ਖੇਤਰਾਂ ਦੇ ਖੁਸ਼ਕ ਹੋ ਜਾਣ, ਮੱਛੀਆਂ ਘਟਣ ਅਤੇ ਲੋਅਰ ਮਿਕੌਂਗ ਬੇਸਿਨ ਵਿੱਚ ਜ਼ਰਖੇਜ਼ ਖਣਿਜਾਂ ਦੀ ਘਾਟ ਪੈਦਾ ਹੋਣ ਅਤੇ ਮਿਆਂਮਾਰ, ਥਾਈਲੈਂਡ, ਲਾ ਸ, ਕੰਬੋਡੀਆ ਅਤੇ ਵੀਅਤਨਾਮ ਵਿੱਚ ਹੇਠਲੇ ਵਹਾ ਦੇ ਖੇਤਰਾਂ ਦੇ ਪ੍ਰਭਾਵਿਤ ਹੋਣ ਦੇ ਰੁਝਾਨ ਨਜ਼ਰ ਆਏ ਹਨ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਸ ਮੈਗਾ ਡੈਮ ਦੇ ਭਾਰਤ ਅਤੇ ਬੰਗਲਾਦੇਸ਼ ਉੱਪਰ ਕਿਹੋ ਜਿਹੇ ਪ੍ਰਭਾਵ ਸਾਹਮਣੇ ਆਉਣਗੇ।

ਇਸ ਤੋਂ ਇਲਾਵਾ ਕਿਸੇ ਨਾਜ਼ੁਕ ਅਤੇ ਭੂਚਾਲ ਦੇ ਸੰਵੇਦਨਸ਼ੀਲ ਖੇਤਰ ਵਿੱਚ ਇਸ ਕਿਸਮ ਦੇ ਪ੍ਰਾਜੈਕਟ ਨਾਲ ਵੱਡੀ ਬਿਪਤਾ ਦੇ ਖ਼ਤਰੇ ਹਮੇਸ਼ਾ ਬਣੇ ਰਹਿੰਦੇ ਹਨ। ਕਿਸੇ ਭੂਚਾਲ ਕਾਰਨ ਭਾਵੇਂ ਡੈਮ ਨੂੰ ਕੋਈ ਨੁਕਸਾਨ ਨਾ ਵੀ ਪਹੁੰਚੇ ਪਰ ਵੱਡੇ ਪੱਧਰ 'ਤੇ ਪਾਣੀ ਦਾ ਮੁਹਾਣ ਤਬਦੀਲ ਕਰਨ ਨਾਲ ਹੇਠਲੇ ਵਹਾ ਦੇ ਖੇਤਰਾਂ ਵਿੱਚ ਚੌਗਿਰਦੇ ਅਤੇ ਜੈਵ ਵੰਨ-ਸਵੰਨਤਾ ਉੱਪਰ ਅਸਰ ਪਵੇਗਾ। ਇਸ ਲੇਖਕ ਨੂੰ ਯਾਦ ਹੈ ਕਿ ਕਿਵੇਂ 2004 ਵਿੱਚ ਜਦੋਂ ਤਿੱਬਤ ਵਿੱਚ ਪਾਰਛੂ

**(ਬਾਕੀ ਅਗਲੇ ਸਫੇ 'ਤੇ)**

# ਬਦਲ ਰਹੀ ਦੁਨੀਆ ਅਤੇ ਸੰਵਾਦ ਦੀ ਤਾਕਤ



ਜਯੋਤੀ ਮਲਹੋਤਰਾ

ਕੌਮਾਂਤਰੀ ਰਾਜਨੀਤੀ ਦੇ ਚੱਕਰਵਰਤੀ ਜਗਤ ਵਿੱਚ ਇਸ ਹਫ਼ਤੇ ਟੁੱਟ-ਭੱਜ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ 'ਫੌਕਸ ਨਿਊਜ਼' ਨੂੰ ਦੱਸਿਆ ਕਿ ਦੋ ਹਫ਼ਤੇ ਪਹਿਲਾਂ ਉਨ੍ਹਾਂ ਆਪਣੇ ਸਹੁੰ ਚੁੱਕ ਸਮਾਗਮ ਤੋਂ ਐਨ ਪਹਿਲਾਂ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ 'ਟਿਕ ਟੌਕ, ਵਪਾਰ ਅਤੇ ਤਾਇਵਾਨ' ਉੱਪਰ ਚਰਚਾ ਕੀਤੀ ਸੀ ਅਤੇ ਇਹ ਵੀ ਦੱਸਿਆ ਕਿ ਗੱਲਬਾਤ ਦੋਸਤਾਨਾ ਮਾਹੌਲ ਵਿੱਚ ਹੋਈ। ਅਸੀਂ ਜਾਣਦੇ ਹਾਂ ਕਿ ਟਰੰਪ ਨੇ ਰਾਸ਼ਟਰਪਤੀ ਸ਼ੀ ਨੂੰ ਆਪਣੇ ਸਹੁੰ ਚੁੱਕ ਸਮਾਗਮ ਲਈ ਵੀ ਸੱਦਿਆ ਸੀ ਪਰ ਸ਼ੀ ਨੇ ਆਪ ਜਾਣ ਦੀ ਬਜਾਇ ਆਪਣੇ ਉਪ ਰਾਸ਼ਟਰਪਤੀ ਹਾਨ ਜ਼ੈਂਗ ਨੂੰ ਉੱਥੇ ਭੇਜ ਦਿੱਤਾ। ਉਸ ਤੋਂ ਬਾਅਦ ਟਰੰਪ ਨੇ ਟਿਕ ਟੌਕ ਉੱਪਰ ਪ੍ਰਸਤਾਵਿਤ ਪਾਬੰਦੀ ਲਾਉਣ ਅਤੇ ਚੋਣ ਪ੍ਰਚਾਰ ਵੇਲੇ ਚੀਨ ਦੇ ਮਾਲ ਉੱਪਰ (60 ਫ਼ੀਸਦੀ ਤੱਕ) ਟੈਕਸ ਲਾਉਣ ਦੀਆਂ ਧਮਕੀਆਂ ਬੰਦ ਕਰ ਦਿੱਤੀਆਂ ਹਨ।

ਅਸੀਂ ਇਹ ਵੀ ਜਾਣਦੇ ਹਾਂ ਕਿ ਵਾਸ਼ਿੰਗਟਨ ਡੀਸੀ ਵਿੱਚ ਭਾਰਤੀ ਦੂਤਾਵਾਸ ਦੇ ਅਧਿਕਾਰੀਆਂ ਨੇ ਸਹੁੰ ਚੁੱਕ ਸਮਾਗਮ ਤੋਂ ਪੂਰਬਲੀ ਸ਼ਾਮ ਟਰੰਪ ਦੀ ਆ ਰਹੀ ਟੀਮ ਨੂੰ ਬੇਨਤੀ ਕੀਤੀ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਮਾਗਮ ਲਈ ਸੱਦਾ ਪੱਤਰ ਭੇਜ ਦਿੱਤਾ ਜਾਵੇ ਪਰ ਟਰੰਪ ਦੀ ਟੀਮ ਨੇ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਇਸ ਮੌਕੇ ਐਨਾ ਕੁਝ ਚੱਲ ਰਿਹਾ ਹੈ ਤੇ ਬਹੁਤਾ ਸਮਾਂ ਨਹੀਂ ਹੈ, ਜਾਂ ਇਹੋ ਜਿਹਾ ਕੋਈ ਹੋਰ ਬਹਾਨਾ। ਇਸ ਦੀ ਬਜਾਇ ਉਨ੍ਹਾਂ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਐੱਸ ਜੈਸ਼ੰਕਰ ਨੂੰ ਸਮਾਗਮ ਵਿੱਚ ਅਗਲੀ ਕਤਾਰ ਵਿੱਚ ਬਿਠਾ ਦਿੱਤਾ (ਕੋਈ ਨਹੀਂ ਜਾਣਦਾ, ਹਾਨ ਜ਼ੈਂਗ ਕਿੱਥੇ ਬੈਠੇ ਸਨ)। ਕਿਸੇ ਵੀ ਵਿਦੇਸ਼ੀ ਨੀਤੀ ਦੀ ਅਧੂਰੀ ਸਫਲਤਾ ਦੇ ਅਕਸ ਤੋਂ ਚੰਗੀ ਤਰ੍ਹਾਂ ਵਾਕਿਫ਼ ਅਮਰੀਕੀਆਂ ਨੇ ਅਗਲੇ ਦਿਨ ਹੀ ਕੁਆਡ ਦੀ ਮੀਟਿੰਗ ਸੱਦ ਲਈ ਤੇ ਚੀਨੀਆਂ ਨੂੰ ਇਹ ਸੰਦੇਸ਼ ਦਿੱਤਾ ਕਿ ਜੇ ਤੁਸੀਂ ਸਾਡੇ ਗੁਆਂਢ 'ਚ ਆ ਕੇ ਆਢਾ ਲਵੋਗੇ ਤਾਂ ਦੇਖੋ ਸਾਡੇ ਕੋਲ ਭਾਰਤ, ਆਸਟਰੇਲੀਆ ਤੇ ਜਪਾਨ ਜਿਹੇ ਮੁਲਕ ਹਨ।

ਹਰੇਕ ਖ਼ਾਸਕਰ ਭਾਰਤ ਲਈ ਇਸ ਦਾ ਵਡੇਰਾ ਸੰਦੇਸ਼ ਇਹ ਹੈ ਕਿ ਨਵੇਂ ਅਮਰੀਕਾ ਨੂੰ ਕਿਸੇ ਨਾਲ ਵੀ ਗੱਲਬਾਤ ਕਰਨ ਵਿੱਚ ਕੋਈ ਸਮੱਸਿਆ ਨਹੀਂ ਹੈ ਜੋ ਤੁਹਾਨੂੰ ਆਲੇ ਦੁਆਲੇ ਨਿਗਾਹ ਮਾਰ ਕੇ ਗ਼ੌਰ ਕਰਨ ਲਈ ਕਾਫ਼ੀ ਹੈ ਕਿ ਮਹਾਕੁੰਭ ਵਿੱਚ ਗੰਗਾ ਦੇ ਪ੍ਰਵਾਹ ਨਾਲੋਂ ਵੀ ਤੇਜ਼ੀ ਨਾਲ ਦੇਸ਼ ਆਪਣੇ ਦੋਸਤ ਬਦਲ ਰਹੇ ਹਨ। ਮਹੀਨਾ ਪਹਿਲਾਂ ਟਰੰਪ ਸ਼ੀ ਜਿਨਪਿੰਗ ਨੂੰ ਕਹਿਰਾਂ ਦੀਆਂ ਧਮਕੀਆਂ ਦੇ ਰਹੇ ਸਨ ਤੇ ਹੁਣ ਉਹ ਮਾਣੋ ਬਿੱਲੀ ਵਾਂਗ ਪੂਛ ਹਿਲਾ ਰਹੇ ਹਨ; ਤੇ ਇਸੇ ਹਫ਼ਤੇ ਦੇ ਸ਼ੁਰੂ ਵਿੱਚ ਪਾਕਿਸਤਾਨੀ ਆਈਐੱਸਆਈ ਦੀ ਟੀਮ ਬੰਗਲਾਦੇਸ਼ ਦੇ ਦੌਰੇ ਲਈ ਰਵਾਨਾ ਹੋਈ ਸੀ ਜੋ 2009 ਤੋਂ ਬਾਅਦ ਅਜਿਹਾ ਪਹਿਲਾ ਦੌਰਾ ਹੈ। ਇਸ ਤੋਂ ਕੁਝ ਦਿਨ ਪਹਿਲਾਂ ਹੀ ਲੈਫਟੀਨੈਂਟ ਜਨਰਲ ਐੱਸਐੱਮ ਕਮਰੁਲ ਹਸਨ ਦੀ ਅਗਵਾਈ ਹੇਠ ਬੰਗਲਾਦੇਸ਼ ਦਾ ਫ਼ੌਜੀ ਵਫ਼ਦ ਇਸਲਾਮਾਬਾਦ ਗਿਆ ਸੀ।

ਇਸ ਮੰਥਨ ਦੇ ਦਰਮਿਆਨ 'ਪਹਾੜਾਂ ਨਾਲੋਂ ਉੱਚੇ, ਸਾਗਰ ਨਾਲੋਂ ਗਹਿਰੇ ਤੇ ਸ਼ਹਿਦ ਤੋਂ ਵੱਧ ਮਿੱਠੇ' ਦੇ ਰੂਪ ਵਿੱਚ ਪਰਿਭਾਸ਼ਤ ਕੀਤਾ ਜਾਂਦਾ ਜਿਹੜਾ ਇਕਮਾਤਰ ਰਿਸ਼ਤਾ ਕਾਇਮ ਦਾਇਮ ਰਿਹਾ ਹੈ, ਉਹ ਹੈ ਪਾਕਿਸਤਾਨ ਅਤੇ ਚੀਨ ਦਾ ਰਿਸ਼ਤਾ।

ਇਸ ਲਈ ਪਿਆਰੇ ਪਾਠਕੋ, ਜਿਵੇਂ ਤੁਸੀਂ ਧਰਤੀ ਦੇ ਪੰਧ ਨੂੰ ਨਿਹਾਰਦੇ ਹੋ, ਉਸੇ ਤਰ੍ਹਾਂ ਪੁਰਾਣੀਆਂ ਵਫ਼ਾਦਾਰੀਆਂ ਨੂੰ ਮੁਰਝਾਉਂਦਿਆਂ ਅਤੇ ਨਵੇਂ ਰਿਸ਼ਤਿਆਂ ਨੂੰ ਉਸਰਦਿਆਂ ਵੀ ਤੱਕੋ। ਪੰਜਾਬ ਵਿੱਚ ਤੁਸੀਂ ਲੋਹੜੀ 'ਤੇ ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾਉਂਦੇ ਹੋ ਕਿਉਂਕਿ ਮਾਘ ਦੀ ਸੰਗਰਾਂਦ ਤੁਹਾਡੇ ਲਈ ਨਵੀਂ ਦੁਨੀਆ ਦਾ ਪੈਗ਼ਾਮ ਲੈ ਕੇ ਆਉਂਦੀ ਹੈ।

ਆ ਦੇਖੀਏ ਕਿ ਮਾਘ ਨੇ ਹੁਣ ਤੱਕ ਦੁਨੀਆ ਲਈ ਕੀ ਕੁਝ ਨਵਾਂ ਲਿਆਂਦਾ ਹੈ: ਅਮਰੀਕਾ ਤੇ ਚੀਨ ਵਿਚਕਾਰ ਨਵੀਂ ਦੋਸਤੀ, ਚੀਨ ਤੇ ਪਾਕਿਸਤਾਨ ਵਿਚਕਾਰ ਪੁਰਾਣੇ ਰਿਸ਼ਤਿਆਂ ਦਾ ਟਿਕਾ ਅਤੇ ਨਾਲ ਹੀ ਪਾਕਿਸਤਾਨ ਅਤੇ ਬੰਗਲਾਦੇਸ਼ ਵਿਚਕਾਰ ਵਧ ਰਹੀ ਨੇੜਤਾ- ਆਖ਼ਿਰਕਾਰ, ਕਿਸੇ ਸਮੇਂ ਇਹ ਦੋਵੇਂ ਇੱਕੋ ਦੇਸ਼ ਸਨ ਜਦੋਂ 1971 ਵਿੱਚ ਦੁਨੀਆ ਅਚਾਨਕ ਬਦਲੀ ਅਤੇ ਨਵੇਂ ਦੇਸ਼ ਦਾ ਜਨਮ ਹੋਇਆ ਸੀ।

ਹੁਣ ਇੱਕ ਵਾਰ ਫਿਰ ਦੁਨੀਆ ਬਦਲ ਰਹੀ ਹੈ। ਇਹ ਸਪਸ਼ਟ ਹੋ ਰਿਹਾ ਹੈ ਕਿ ਆਈਐੱਸਆਈ ਬੰਗਲਾਦੇਸ਼ ਵਿੱਚ ਇੰਚਾਰਜ ਹੈ। ਮੁੱਖ ਸਲਾਹਕਾਰ ਮੁਹੰਮਦ ਯੂਨਸ 'ਮੁਖੌਟਾ' ਬਣ ਕੇ ਰਹਿ ਗਏ ਹਨ ਜਿਨ੍ਹਾਂ ਰਾਖੇ ਦੇ ਤੌਰ 'ਤੇ ਆਪਣੀ ਭੂਮਿਕਾ ਨਿਭਾ ਦਿੱਤੀ ਹੈ ਤੇ ਜੇ ਹੁਣ ਉਹ ਚਲੇ ਵੀ ਜਾਣ ਜਾਂ ਬਣੇ ਰਹਿਣ ਤਾਂ ਵੀ ਕੋਈ ਫ਼ਰਕ ਨਹੀਂ ਪੈਣ ਲੱਗਿਆ। ਦੱਖਣੀ ਏਸ਼ੀਆ ਵਿੱਚ ਇੱਕ ਵਾਰ ਫਿਰ ਉੱਭਰ ਰਹੀ ਮਹਾਂ ਖੇਡ ਦਾ ਸੱਜਰਾ ਗੇੜ ਪਾਕਿਸਤਾਨ ਨੇ ਜਿੱਤ ਲਿਆ ਹੈ। ਬੰਗਲਾਦੇਸ਼ ਵਿੱਚ ਭਾਰਤ ਬੈਕਫੁੱਟ 'ਤੇ ਆ ਗਿਆ ਹੈ ਜਿਸ ਕਰ ਕੇ ਇਹ ਚੰਗੀ ਗੱਲ ਹੈ ਕਿ ਇਹ ਆਪਣੀ ਪੁਰਾਣੀ ਮਿੱਤਰ ਸ਼ੇਖ ਹਸੀਨਾ ਦਾ ਸਾਥ ਦੇ ਰਿਹਾ ਹੈ ਤੇ ਜਦੋਂ ਤੋਂ ਢਾਕਾ ਵਿੱਚ ਆਈਐੱਸਆਈ ਦੀ ਵਾਪਸੀ ਹੋ ਗਈ ਹੈ ਤਾਂ ਤੁਸੀਂ ਆਪਣੇ ਆਖ਼ਿਰੀ ਟਕੇ ਦੀ ਸ਼ਰਤ ਲਾ ਸਕਦੇ ਹੋ ਕਿ ਭਾਰਤ ਦੇ ਉੱਤਰ-ਪੂਰਬ ਵਿੱਚ ਅਸਥਿਰਤਾ ਦੀ ਨਵੀਂ ਖੇਡ ਸ਼ੁਰੂ ਹੋਣ ਵਾਲੀ ਹੈ।

ਪਿਆਰੋ ਪਾਠਕੋ, ਯਾਦ ਰੱਖਣਾ ਕਿ ਦੋ ਸਾਲਾਂ ਬਾਅਦ ਮਨੀਪੁਰ ਅਜੇ ਵੀ ਜਲ ਰਿਹਾ ਹੈ, ਅਸਾਮ ਬਾਰੂਦ ਦੇ ਢੇਰ 'ਤੇ ਬੈਠਾ ਹੈ, ਬੰਗਲਾਦੇਸ਼ ਦੇ ਦਰਾਂ 'ਤੇ ਮੌਜੂਦ ਮਿਜ਼ੋਰਮ ਵਿੱਚ ਵੀ ਅਸਥਿਰਤਾ ਦਾ ਮਾਹੌਲ ਚੱਲ ਰਿਹਾ ਹੈ। ਇਸ ਗਣਤੰਤਰ ਦਿਵਸ 'ਤੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਪੇਈਚਿੰਗ ਦੌਰੇ ਲਈ ਰਵਾਨਾ ਹੋ ਗਏ ਹਨ ਪਰ ਇਹ ਤੱਥ ਹੈ ਕਿ ਹਾਲ ਹੀ ਵਿੱਚ ਕਜ਼ਾਨ (ਰੂਸ) ਵਿੱਚ ਮੋਦੀ-ਸ਼ੀ ਦੀ ਜੱਫੀ ਪਵਾਉਣ ਵਿੱਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਭੂਮਿਕਾ ਨਿਭਾਈ ਸੀ ਜਿਸ ਸਦਕਾ ਭਾਰਤ ਅਤੇ ਚੀਨ ਨੂੰ ਆਪਣੇ ਸਰਹੱਦੀ ਵਿਵਾਦਾਂ ਨੂੰ ਸੁਲਝਾਉਣ ਲਈ ਵਾਰਤਾਵਾਂ ਦਾ ਸਿਲਸਿਲਾ ਮੁੜ ਸ਼ੁਰੂ ਕਰਨ ਦਾ ਮੌਕਾ ਮਿਲਿਆ ਸੀ।



ਇਹ ਵਧੀਆ ਚੀਜ਼ ਹੈ। ਜੰਗ-ਜੰਗ ਦੇ ਰਟਣ ਨਾਲੋਂ ਗੱਲਬਾਤ ਦਾ ਰਾਹ ਕਿਤੇ ਬਿਹਤਰ ਹੈ; ਖਾਸਕਰ ਜੇ ਤੁਸੀਂ ਭਾਰਤ ਅਤੇ ਚੀਨ ਵਿਚਕਾਰ ਜ਼ਬਰਦਸਤ ਫ਼ੌਜੀ ਨਾ-ਬਰਾਬਰੀ 'ਤੇ ਗ਼ੌਰ ਕਰੋ। ਇਸ ਲਈ ਸਮਝੌਤਾ ਹੋਣ ਨਾਲ ਜਿੱਥੇ ਭਾਰਤੀ ਦਸਤਿਆਂ ਨੂੰ ਉਸ ਜਗ੍ਹਾ 'ਤੇ ਗਸ਼ਤ ਕਰਨ ਦੀ ਆਗਿਆ ਮਿਲ ਗਈ ਹੈ ਜਿੱਥੇ ਉਹ ਅਪਰੈਲ 2020 ਤੱਕ ਗਸ਼ਤ ਕਰਦੇ ਸਨ ਹਾਲਾਂਕਿ ਅਜੇ ਵੀ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਕੀ ਦੋਵੇਂ ਦੇਸ਼ ਅਪਰੈਲ 2020 ਤੋਂ ਪਹਿਲਾਂ ਵਾਲੀਆਂ ਪੁਜ਼ੀਸ਼ਨਾਂ 'ਤੇ ਪਰਤ ਗਏ ਹਨ ਕਿ ਨਹੀਂ।

ਇਸ ਦੌਰਾਨ ਇਹ ਵੀ ਚੰਗੀ ਗੱਲ ਹੈ ਕਿ ਪ੍ਰਧਾਨ ਮੰਤਰੀ ਮੋਦੀ ਟਰੰਪ ਨਾਲ ਛੇਤੀ ਮੀਟਿੰਗ ਰੱਖਣਾ ਚਾਹੁੰਦੇ ਹਨ ਜਿਸ ਤੋਂ ਉਨ੍ਹਾਂ ਨੂੰ ਅੰਦਾਜ਼ਾ ਹੋ ਜਾਵੇਗਾ ਕਿ ਅਮਰੀਕਾ-ਚੀਨ ਦੀ ਭਿਆਲੀ ਕਿਸ ਹੱਦ ਤੱਕ ਵਧੀ ਹੈ ਜਿਸ ਵਿੱਚ ਐਲਨ ਮਸਕ ਮੁੱਖ ਵਾਰਤਾਕਾਰ ਦੀ ਭੂਮਿਕਾ ਨਿਭਾ ਰਹੇ ਹਨ। ਸਾਫ਼ ਜ਼ਾਹਿਰ ਹੈ ਕ ਟਰੰਪ ਅਤੇ ਮਸਕ ਦੋਵੇਂ ਬਹੁਤ ਜ਼ਿਆਦਾ ਅਸਾਵੇਂ ਵਪਾਰ ਜੋ ਇਸ ਸਮੇਂ ਚੀਨ ਦੇ ਹੱਕ ਵਿੱਚ ਝੁਕਿਆ ਹੋਇਆ ਹੈ, ਨੂੰ ਸਾਵਾਂ ਕਰਨਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਦੁਸ਼ਮਣ ਨਾਲ ਗੱਲ ਕਰਨ ਵਿੱਚ ਕੋਈ ਸਮੱਸਿਆ ਨਹੀਂ ਹੈ।

ਟਰੰਪ ਨੂੰ ਮੜ੍ਹਿਕਣ ਲਈ ਕੁਝ ਇਸੇ ਤਰ੍ਹਾਂ ਦਾ ਕੰਮ ਪੂਤਿਨ ਕਰ ਰਹੇ ਹਨ। ਉਹ ਕਹਿ ਰਹੇ ਹਨ ਕਿ ਆ ਗੱਲ ਕਰਦੇ ਹਾਂ, ਅਸਲ ਵਿੱਚ ਤੁਸੀਂ ਚਾਹੁੰਦੇ ਕੀ ਹੋ? ਹਾਲਾਂਕਿ ਪਿਛਲੇ ਕਰੀਬ ਤਿੰਨ ਸਾਲਾਂ ਦੌਰਾਨ ਰੂਸ ਨੇ ਆਪਣੇ ਸਕੇ ਭਰਾ ਯੂਕਰੇਨ ਨੂੰ ਬਰਬਾਦ ਕਰ ਕੇ ਰੱਖ ਦਿੱਤਾ ਹੈ ਪਰ ਇੱਕ ਗੱਲ ਸਾਫ਼ ਹੈ ਕਿ ਉਹ ਜੋਅ ਬਾਇਡਨ ਦੇ ਉਤਰ-ਾਧਿਕਾਰੀ ਨਾਲ ਗੱਲਬਾਤ ਕਰਨ ਲਈ ਤਿਆਰ ਹਨ।

ਨਵੀਂ ਦਿੱਲੀ ਦੀ ਸਮੱਸਿਆ ਇਹ ਹੈ ਕਿ ਵੱਡੇ ਦੇਸ਼ ਦੀਆਂ ਬਾਜ਼ੀਆਂ ਵਿੱਚ ਇਹ ਭਾਵਨਾਵਾਂ ਨੂੰ ਲੈ ਕੇ ਆ ਜਾਂਦੀ ਹੈ। ਟਰੰਪ ਹੋਵੇ ਜਾਂ ਪੂਤਿਨ ਜਾਂ ਸ਼ੀ, ਉਹ ਆਪਣੇ ਦੁਸ਼ਮਣਾਂ ਨਾਲ ਗੱਲਬਾਤ ਕਰਨ ਤੋਂ ਕਦੇ ਵੀ ਪਿੱਛੇ ਨਹੀਂ ਹਟਦੇ ਕਿਉਂਕਿ ਹਰੇਕ ਰਾਜਨੀਤੀ ਦਾ ਪਹਿਲਾ ਬੁਨਿਆਦੀ ਨੇਮ ਇਹ ਸਿਖਾਉਂਦਾ ਹੈ ਕਿ ਆਪਣੇ ਦੋਸਤਾਂ ਨੂੰ ਲਾਗੇ ਰੱਖੋ ਪਰ ਆਪਣੇ ਦੁਸ਼ਮਣਾਂ ਨੂੰ ਹੋਰ ਵੀ ਨੇੜੇ ਰੱਖੋ ਪਰ ਇਸ ਦੀ ਬਜਾਇ ਪ੍ਰਧਾਨ ਮੰਤਰੀ ਮੋਦੀ ਪਾਕਿਸਤਾਨ ਨਾਲ ਗੱਲਬਾਤ ਕਰਨ ਲਈ ਤਿਆਰ ਨਹੀਂ ਹਨ ਜਿਸ ਦੇ ਸਰਹੱਦ ਪਾਰ ਦਹਿਸ਼ਤਗਰਦੀ ਸਣੇ ਕਈ ਕਾਰਨ ਹਨ।

ਹੁਣ ਇਹ ਖ਼ਬਰ ਆ ਰਹੀ ਹੈ ਕਿ ਦਿੱਲੀ ਨੇਪਾਲ ਦੇ ਪ੍ਰਧਾਨ ਮੰਤਰੀ ਕੇਪੀ ਲੀ ਤੋਂ ਨਾਖੁਸ਼ ਹੈ ਕਿਉਂਕਿ ਉਨ੍ਹਾਂ ਪਹਿਲਾਂ ਦਿੱਲੀ ਆਉਣ ਦੀ ਬਜਾਇ ਪੇਈਚਿੰਗ ਦੌਰਾ ਕਰਨ ਦੀ ਜੁਰੱਅਤ ਕੀਤੀ ਹੈ ਜਿਸ ਕਰ ਕੇ ਲੀ ਦੀ ਦਿੱਲੀ ਫੇਰੀ ਲੰਮੇ ਅਰਸੇ ਲਈ ਮੁਲਤਵੀ ਕਰ ਦਿੱਤੀ ਗਈ ਹੈ। ਇਹ ਵੱਖਰਾ ਮਾਮਲਾ ਹੈ ਕਿ ਪਾਕਿਸਤਾਨ ਤੇ ਨੇਪਾਲ, ਦੋਵੇਂ ਚੀਨ ਤੋਂ ਲਾਭ ਹਾਸਿਲ ਕਰਦੇ ਹਨ ਜਿਸ ਕਰ ਕੇ ਇਹ ਗੱਲ ਸਮਝ ਨਹੀਂ ਪੈਂਦੀ ਕਿ ਜੇ ਇਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਨਾਲ ਭਾਰਤ ਦੀ ਦਾਲ ਨਹੀਂ ਗ਼ਲਦੀ ਤਾਂ ਇਸ ਦੀ ਸਜ਼ਾ ਉੱਥੋਂ ਦੇ ਲੋਕਾਂ ਨੂੰ ਕਿਉਂ ਦਿੱਤੀ ਜਾਂਦੀ ਹੈ?

ਕੀ ਤੁਸੀਂ ਕਦੇ ਸੋਚਿਆ ਹੈ ਕਿ ਆਖ਼ਿਰ ਉਹ ਕਿਹੜੀ ਸ਼ੈਅ ਹੈ ਜੋ ਹਮੇਸ਼ਾ ਆਪਣੀ ਲੈਅ ਵਿੱਚ ਚੱਲਣ ਵਾਲੇ ਇਸ ਬੇਮਿਸਾਲ ਬਹੁਭਾਂਤੇ ਤੇ ਪ੍ਰਾਚੀਨ ਦੇਸ਼ ਨੂੰ ਮਹਾਨਤਾ ਹਾਸਲ ਕਰਨ ਤੋਂ ਰੋਕਦੀ ਹੈ? ਮਾਘ ਦੇ ਇਸ ਮਹੀਨੇ ਵਿੱਚ ਉੱਤਰ ਮਿਲਦੇ ਹਨ, ਤੁਹਾਨੂੰ ਸਿਰਫ਼ ਇਹ ਜਾਣਨ ਦੀ ਲੋੜ ਹੈ ਕਿ ਉਨ੍ਹਾਂ ਦੀ ਖੋਜ ਕਿੱਥੇ ਕਰਨੀ ਹੈ।

# ਮਰਨ ਵਰਤ ਦੇ ਬਾਵਜੂਦ ਨਹੀਂ ਭਖ ਰਿਹਾ ਕਿਸਾਨ ਅੰਦੋਲਨ

## 13 ਫਰਵਰੀ ਦੀ ਮਹਾਪੰਚਾਇਤ ਤੋਂ ਕਿਸਾਨਾਂ ਨੂੰ ਆਸ

ਰਾਜਪੁਰਾ- ਪੰਜਾਬ ਦੇ ਪ੍ਰਵੇਸ਼ ਦੁਆਰ ਸ਼ੰਭੂ ਬੈਰੀਅਰ 'ਤੇ ਸੰਯੁਕਤ ਕਿਸਾਨ ਮੋਰਚਾ ਗ਼ੈਰ ਰਾਜਨੀਤਕ ਤੇ ਕਿਸਾਨ-ਮਜ਼ਦੂਰ ਮੋਰਚੇ ਵੱਲੋਂ ਦਿੱਲੀ ਕੂਚ ਕਰਨ ਲਈ ਲਗਾਏ ਗਏ ਕਿਸਾਨੀ ਮੋਰਚੇ ਨੂੰ 13 ਫਰਵਰੀ ਨੂੰ ਪੂਰਾ ਇਕ ਸਾਲ ਹੋਣ ਜਾ ਰਿਹਾ ਹੈ। ਇਸ ਕਾਰਨ ਰੋਜ਼ਾਨਾ ਸ਼ੰਭੂ ਬੈਰੀਅਰ 'ਤੇ ਹੋਰਨਾਂ ਵੱਖ-ਵੱਖ ਜ਼ਿਲ੍ਹਿਆਂ ਤੋਂ ਟਰੈਕਟਰ-ਟਰਾਲੀਆਂ ਰਾਹੀਂ ਕਿਸਾਨਾਂ ਦਾ ਆਉਣਾ ਲਗਾਤਾਰ ਜਾਰੀ ਹੈ।

ਸ਼ੰਭੂ ਬੈਰੀਅਰ 'ਤੇ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਦੇ ਦੋਵੇਂ ਫੋਰਮਾਂ ਵੱਲੋਂ ਫ਼ੈਸਲਾ ਲਿਆ ਗਿਆ ਕਿ ਕਿਸਾਨ ਮੋਰਚੇ ਦੇ 13 ਫਰਵਰੀ ਨੂੰ ਇਕ ਸਾਲ ਪੂਰੇ ਹੋਣ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਰੋਜ਼ਾਨਾ ਸ਼ੰਭੂ ਬੈਰੀਅਰ 'ਤੇ ਹੋਰ ਜ਼ਿਲ੍ਹਿਆਂ ਤੋਂ ਲਗਾਤਾਰ ਟਰੈਕਟਰ-ਟਰਾਲੀਆਂ ਰਾਹੀ ਕਿਸਾਨਾਂ ਦਾ ਆਉਣਾ ਜਾਰੀ ਹੈ।

ਬੀਤੇ ਦਿਨੀਂ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਗਏ ਬਜਟ ਬਾਰੇ ਬੋਲਦਿਆਂ ਕਿਸਾਨ ਆਗੂ ਪੰਧੇਰ ਨੇ ਕਿਹਾ ਕਿ ਇਹ ਬਜਟ ਪੂਰਨ ਤੌਰ 'ਤੇ ਕਾਰਪੋਰੇਟ ਪੱਖੀ ਬਜਟ ਹੈ, ਜਦਕਿ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਸਮੇਤ ਹੋਰਨਾਂ ਮੰਤਰੀਆਂ ਵੱਲੋਂ ਪੇਸ਼ ਕੀਤੇ ਗਏ ਬਜਟ ਨੂੰ ਮੱਧ ਵਰਗ ਦਾ ਬਜਟ ਕਹਿ ਕੇ ਵਾਹ-ਵਾਹ ਖੱਟੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਗਏ ਬਜਟ 'ਚ ਫਸਲਾਂ 'ਤੇ ਐੱਮਐੱਸਪੀ ਦੀ ਗਾਰੰਟੀ, ਫਸਲਾਂ 'ਤੇ ਬੀਮਾ ਸਬੰਧੀ ਕੋਈ ਵੀ ਗੱਲਬਾਤ ਨਹੀਂ ਕੀਤੀ ਗਈ, ਜਦਕਿ ਕਿਸਾਨ ਸਨਮਾਨ ਨਿਧੀ ਤਹਿਤ ਕਿਸਾਨਾਂ ਨੂੰ ਦਿੱਤੇ ਜਾਣ ਵਾਲੇ ਕਰਜ਼ੇ ਦੀ ਹੱਦ ਪੰਜ ਲੱਖ ਤੱਕ ਵਧਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਸਿਰ ਤਾਂ ਪਹਿਲਾਂ ਹੀ 14 ਲੱਖ ਕਰੋੜ ਕਰਜ਼ਾ ਚੜ੍ਹਿਆ ਹੋਇਆ ਹੈ।

ਇਸ ਤੋਂ ਇਲਾਵਾ ਪਿੰਡਾਂ ਦੀ ਤਰੱਕੀ ਲਈ ਬਣਾਏ ਗਏ ਰੂਰਲ ਡਿਵੈਲਪਮੈਂਟ ਫੰਡ ਨੂੰ ਵੀ ਘਟਾ ਦਿੱਤਾ ਗਿਆ ਹੈ। ਉਨ੍ਹਾਂ ਆਖ਼ਰ 'ਚ ਸਪੱਸ਼ਟ ਕੀਤਾ ਕਿ ਜਦੋਂ ਤੱਕ ਕੇਂਦਰ ਸਰਕਾਰ ਐੱਮਐੱਸਪੀ ਦੀ ਗਾਰੰਟੀ ਸਬੰਧੀ ਕਾਨੂੰਨ ਤੇ ਕਿਸਾਨਾਂ ਦੀਆਂ ਹੋਰਨਾਂ ਮੰਗਾਂ ਪੂਰੀਆਂ ਨਹੀਂ ਕਰ ਦਿੰਦੀ, ਉਦੋਂ ਤੱਕ ਸ਼ੰਭੂ ਬੈਰੀਅਰ 'ਤੇ ਕਿਸਾਨਾਂ ਦਾ ਚੱਲ ਰਿਹਾ ਧਰਨਾ ਲਗਾਤਾਰ ਜਾਰੀ ਰਹੇਗਾ।

# ਚੀਨ ਦਾ ਮੈਗਾ ਡੈਮ ਅਤੇ ਇਸ ਦੇ ਖ਼ਤਰੇ

(ਸਫਾ 18 ਦੀ ਬਾਕੀ)

ਨਦੀ ਜੋ ਸਤਲੁਜ ਦਰਿਆ ਦੀ ਸਹਾਇਕ ਨਦੀ ਹੈ, ਵਿੱਚ ਆਰਜ਼ੀ ਝੀਲ ਬਣ ਗਈ ਸੀ ਤਾਂ ਕੈਬਨਿਟ ਸਕੱਤਰ ਦੀ ਅਗਵਾਈ ਹੇਠਲੇ ਗਰੁੱਪ ਨੇ ਐਮਰਜੈਂਸੀ ਮੈਨੇਜਮੈਂਟ ਕੀਤੀ ਸੀ। ਉਸ ਵੇਲੇ ਚੀਨ ਨਾਲ ਨਿਸਬਤਨ ਕਾਫ਼ੀ ਚੰਗੇ ਰਿਸ਼ਤੇ ਸਨ ਜਿਨ੍ਹਾਂ ਸਦਕਾ ਸਾਨੂੰ ਅਗਾਊਂ ਨੋਟਿਸ ਅਤੇ ਡੇਟਾ ਮਿਲ ਗਏ ਸਨ ਜਿਨ੍ਹਾਂ ਨਾਲ ਸਾਡੇ ਜੀ ਸਪੈਸ਼ੀਅਲ (ਭੂ-ਸਥਾਨਕ) ਅਤੇ ਹੋਰਨਾਂ ਸਰੋਤਾਂ ਤੋਂ ਹਾਸਿਲ ਕੀਤੀ ਜਾਣਕਾਰੀ ਨੂੰ ਪੁਖ਼ਤਾ ਕੀਤਾ ਗਿਆ ਸੀ। ਉਹ ਆਰਜ਼ੀ ਝੀਲ ਟੁੱਟੀ ਨਹੀਂ ਸੀ ਅਤੇ ਅਗਲੇ ਸਾਲ ਇਸ 'ਚੋਂ ਹੌਲੀ-ਹੌਲੀ ਪਾਣੀ ਕੱਢਿਆ ਗਿਆ ਜਿਸ ਸਦਕਾ ਭਾਰਤੀ ਖੇਤਰਾਂ ਦਾ ਬਹੁਤਾ ਨੁਕਸਾਨ ਨਹੀਂ ਹੋਇਆ ਸੀ। ਯੋਜਨਾਬੱਧ ਪ੍ਰਾਜੈਕਟ ਨਾਲ ਜੁੜੇ ਜੋਖ਼ਿਮ ਹੋਰ ਵੀ ਵੱਡੇ ਹੁੰਦੇ ਹਨ।

ਸੰਜਮੀ ਕੂਟਨੀਤੀ ਰਾਹੀਂ ਅਸੀਂ ਪੇਈਚਿੰਗ ਨਾਲ ਸੀਮਤ ਸਾਂਝ ਰੱਖਣ ਦੇ ਪ੍ਰਬੰਧ ਕਰ ਰਹੇ ਹਾਂ ਜਿਨ੍ਹਾਂ ਵਿੱਚ ਚੀਨ ਵੱਲੋਂ ਬ੍ਰਹਮਪੁੱਤਰ ਲਈ ਮੌਨਸੂਨ ਸੀਜ਼ਨ ਦੀ ਜਾਣਕਾਰੀ ਦੇਣ ਦੀ ਤਜਵੀਜ਼, ਸਤਲੁਜ ਉੱਤੇ ਮੌਨਸੂਨ ਸੀਜ਼ਨ ਦੇ ਅੰਕੜਿਆਂ (ਪਾਰਛੂ ਖ਼ਤਰੇ ਮਗਰੋਂ ਸਹੀਬੱਧ ਹੋਇਆ) ਨਾਲ ਸਬੰਧਿਤ ਤਿੰਨ ਸਮਝੌਤੇ ਜਾਂ ਐੱਮ ਯੂਜ਼ ਸ਼ਾਮਿਲ ਹਨ। ਇਸ ਤੋਂ ਇਲਾਵਾ 'ਸਰਹੱਦ ਦੇ ਆਰ-ਪਾਰ ਨਦੀਆਂ 'ਤੇ ਤਾਲਮੇਲ ਮਜ਼ਬੂਤ ਕਰਨ' ਬਾਰੇ ਵੀ ਸਹਿਮਤੀ ਬਣੀ ਹੈ। ਪਹਿਲੇ ਦੋ ਐੱਮ ਯੂਜ਼ ਹਰ ਪੰਜ ਸਾਲ ਬਾਅਦ ਨਵਿਆਏ ਜਾਂਦੇ ਹਨ ਤੇ ਹੁਣ ਮਿਆਦ ਲੰਘਾ ਚੁੱਕੇ ਹਨ। ਆਰਜ਼ੀ ਐੱਮ ਯੂ ਤਹਿਤ ਕੋਈ ਵੀ ਪ੍ਰਾਜੈਕਟ ਸੰਭਵ ਨਹੀਂ ਹੈ। ਚੀਨੀ ਸਹਿਯੋਗ ਲਈ ਹੱਥ ਵਧਾਉਣ 'ਚ ਕੰਜੂਸੀ ਵਰਤਦੇ ਹਨ, ਸੁੱਕੀ ਰੁੱਤ ਦੀ ਜਾਣਕਾਰੀ ਦੇਣ ਤੋਂ ਵੀ ਕਤਰਾ ਰਹੇ ਹਨ, ਸਰਹੱਦ ਪਾਰ ਨਦੀਆਂ ਦਾ ਪਾਣੀ ਸਾਂਝਾ ਕਰਨ 'ਤੇ ਸਹਿਯੋਗ ਦੀ ਚਰਚਾ ਤਾਂ ਇੱਕ ਪਾਸੇ ਰਹੀ।

ਸਰਹੱਦ ਪਾਰ ਦੀਆਂ ਨਦੀਆਂ 'ਤੇ ਦੂਜੇ ਗੁਆਂਢੀਆਂ ਨਾਲ ਵੀ ਚੀਨ ਦਾ ਰਵੱਈਆ ਇਸੇ ਤਰ੍ਹਾਂ ਦਾ ਹੈ। ਇਹ ਸਹਿ-ਤੱਟਵਰਤੀ ਗੁਆਂਢੀਆਂ ਦੀ ਤੁਲਨਾ 'ਚ ਆਪਣੇ ਮੁੱਖ ਉਤਲੇ ਤੱਟਵਰਤੀ ਮੁਲਕ ਦੇ ਦਰਜੇ ਦਾ ਪੂਰਾ ਫ਼ਾਇਦਾ ਚੁੱਕਦਾ ਹੈ। ਕੌਮਾਂਤਰੀ ਜਲ ਪ੍ਰਵਾਹਾਂ ਦੀ ਗ਼ੈਰ-ਆਵਾਜਾਈ ਲਈ ਵਰਤੋਂ ਬਾਰੇ ਸੰਯੁਕਤ ਰਾਸ਼ਟਰ ਦੇ ਸਮਝੌਤੇ (1997) 'ਤੇ ਨਾ ਚੀਨ ਤੇ ਨਾ ਹੀ ਭਾਰਤ ਨੇ ਦਸਤਖ਼ਤ ਕੀਤੇ ਹਨ। ਹਾਲਾਂਕਿ ਸਮਝੌਤੇ ਦੇ ਦੋ ਪ੍ਰਮੁੱਖ ਸਿਧਾਂਤਾਂ- ਸਾਂਝੇ ਪਾਣੀਆਂ ਦੀ 'ਬਰਾਬਰ ਤੇ ਤਰਕਸੰਗਤ ਵਰਤੋਂ' ਅਤੇ ਵਹਾ ਵਾਲੇ ਪਾਸੇ ਦੇ ਦੇਸ਼ਾਂ ਨੂੰ 'ਵੱਡਾ ਨੁਕਸਾਨ ਨਾ ਪਹੁੰਚਾਉਣ ਦੀ ਜ਼ਿੰਮੇਵਾਰੀ' ਦੀ ਵਿਆਪਕ ਅਹਿਮੀਅਤ ਹੈ। ਭਾਰਤ ਜ਼ਿੰਮੇਵਾਰ ਉਤਲਾ ਤੱਟਵਰਤੀ ਮੁਲਕ ਰਿਹਾ ਹੈ, ਦੁਵੱਲੇ ਰਿਸ਼ਤੇ ਖਰਾਬ ਹੋਣ ਦੇ ਬਾਵਜੂਦ ਪਾਕਿਸਤਾਨ ਨਾਲ ਸਿੰਧੂ ਜਲ ਸੰਧੀ ਤਹਿਤ ਸ਼ਰਤਾਂ ਦਾ ਪਾਲਣ ਹੁੰਦਾ ਰਿਹਾ ਹੈ। ਚੀਨ ਬਾਰੇ ਅਜਿਹਾ ਨਹੀਂ ਕਿਹਾ ਜਾ ਸਕਦਾ।

ਵਿਦੇਸ਼ ਮੰਤਰਾਲੇ ਦੇ ਇੱਕ ਤਰਜਮਾਨ ਨੇ 3 ਜਨਵਰੀ ਨੂੰ ਟਿੱਪਣੀ ਕੀਤੀ, "ਹੇਠਲੇ ਤੱਟਵਰਤੀ ਦੇਸ਼ ਜਿਸ ਕੋਲ ਨਦੀਆਂ ਦੇ ਪਾਣੀਆਂ ਦੀ ਵਰਤੋਂ ਦਾ ਹੱਕ ਹੈ, ਵਜੋਂ ਅਸੀਂ ਕਈ ਵਾਰ ਮਾਹਿਰਾਂ ਦੇ ਪੱਧਰ ਅਤੇ ਕੂਟਨੀਤਕ ਮਾਧਿਅਮਾਂ ਰਾਹੀਂ ਵੀ ਚੀਨੀ ਖੇਤਰ 'ਚ ਨਦੀਆਂ 'ਤੇ ਮੈਗਾ ਪ੍ਰਾਜੈਕਟਾਂ ਬਾਰੇ ਆਪਣੇ ਵਿਚਾਰ ਤੇ ਚਿੰਤਾਵਾਂ ਉਨ੍ਹਾਂ ਕੋਲ ਪ੍ਰਗਟ ਕੀਤੀਆਂ ਹਨ। ਤਾਜ਼ਾ ਰਿਪੋਰਟ ਦੇ ਮੱਦੇਨਜ਼ਰ ਵਹਾ ਨਾਲ ਪੈਂਦੇ ਮੁਲਕਾਂ ਨਾਲ ਸਲਾਹ-ਮਸ਼ਵਰੇ ਤੇ ਪਾਰਦਰਸ਼ਤਾ ਦੀ ਲੋੜ ਨਾਲ ਇਨ੍ਹਾਂ ਵਿਚਾਰਾਂ ਨੂੰ ਮੁੜ ਦੁਹਰਾਇਆ ਜਾ ਰਿਹਾ ਹੈ।"

ਇਸ ਤੋਂ ਪਹਿਲਾਂ ਭਾਰਤ ਨੇ ਸ਼ਾਂਤ ਕੂਟਨੀਤੀ ਅਪਣਾਈ ਹੈ। ਤਜਵੀਜ਼ਸ਼ੁਦਾ ਪ੍ਰਾਜੈਕਟ ਦੇ ਬੇਮਿਸਾਲ ਪੱਧਰ ਅਤੇ ਅਸਰਾਂ ਦੇ ਮੱਦੇਨਜ਼ਰ ਹੁਣ ਅਸੀਂ ਨਵੇਂ ਥਾਂ ਪੈਰ ਧਰ ਰਹੇ ਹਾਂ। ਇਸ ਮੈਗਾ ਪ੍ਰਾਜੈਕਟ 'ਚ ਵਹਾ ਨੂੰ ਮੋੜਨ ਅਤੇ ਵੱਡੀ ਸਟੋਰੇਜ ਸਮਰੱਥਾ ਦੀ ਲੋੜ ਪਏਗੀ, ਇਹ ਤਿੱਬਤ 'ਚ ਪਹਿਲਾਂ ਬਣੇ ਦਰਿਆ ਦੇ ਵਹਾ ਨਾਲ ਦੇ ਪ੍ਰਾਜੈਕਟਾਂ ਵਰਗਾ ਨਹੀਂ ਹੈ। ਭਾਰਤੀ ਧਿਰ ਨੂੰ ਇਸ ਯੋਜਨਾ ਦੇ ਤਕਨੀਕੀ ਪੈਮਾਨਿਆਂ ਤੇ ਵਾਤਾਵਰਨ ਉੱਤੇ ਪੈਣ ਵਾਲੇ ਅਸਰਾਂ ਬਾਰੇ ਸਪੱਸ਼ਟੀਕਰਨ ਮੰਗਣੇ ਚਾਹੀਦੇ ਹਨ। ਚੀਨ ਨੂੰ 'ਬਰਾਬਰ ਤੇ ਢੁੱਕਵੀਂ ਵਰਤੋਂ' ਅਤੇ ਵਹਾ ਦੇ ਰਾਹ 'ਚ ਪੈਂਦੇ ਮੁਲਕਾਂ ਦਾ 'ਵੱਡਾ ਨੁਕਸਾਨ ਨਾ ਕਰਨ ਦੀ ਜ਼ਿੰਮੇਵਾਰੀ' ਦੇ ਸਿਧਾਂਤ ਦਾ ਆਦਰ ਕਰਨ ਲਈ ਕਿਹਾ ਜਾਣਾ ਚਾਹੀਦਾ ਹੈ ਬਲਕਿ ਸਾਨੂੰ ਅਧਿਕਾਰਤ ਤੌਰ 'ਤੇ ਉਦੋਂ ਤੱਕ ਅਗਲਾ ਕੰਮ ਰੋਕਣ ਲਈ ਕਹਿਣਾ ਚਾਹੀਦਾ ਹੈ ਜਦ ਤੱਕ ਪ੍ਰਾਜੈਕਟ ਉੱਤੇ ਪੂਰਾ ਤਾਲਮੇਲ ਤੇ ਆਪਸੀ ਸਹਿਮਤੀ ਨਹੀਂ ਬਣਦੀ।

ਸ਼ਾਂਤ ਕੂਟਨੀਤੀ ਦੀਆਂ ਆਪਣੀਆਂ ਸੀਮਾਵਾਂ ਹੁੰਦੀਆਂ। ਸਾਡੀਆਂ ਚਿੰਤਾਵਾਂ ਸਰਕਾਰੀ ਮਾਧਿਅਮਾਂ ਰਾਹੀਂ ਜ਼ੋਰਦਾਰ ਢੰਗ ਨਾਲ ਜਨਤਕ ਦਾਇਰੇ 'ਚ ਚੀਨ ਕੋਲ ਪਹੁੰਚਣੀਆਂ ਚਾਹੀਦੀਆਂ ਹਨ। ਬ੍ਰਹਮਪੁੱਤਰ ਦੇ ਪਾਣੀਆਂ 'ਤੇ ਭਾਰਤ ਦੇ ਵਰਤਮਾਨ ਹੱਕਾਂ ਦਾ ਫੌਰੀ ਤੌਰ 'ਤੇ ਪਣ-ਊਰਜਾ ਤੇ ਹੋਰ ਯੋਜਨਾਵਾਂ ਨਾਲ ਵਿਸਤਾਰ ਹੋਣਾ ਚਾਹੀਦਾ ਹੈ ਹਾਲਾਂਕਿ ਅਜਿਹਾ ਕਰਦਿਆਂ ਵਾਤਾਵਰਨ ਨਿਯਮਾਂ ਤੇ ਲੋਕਾਂ ਦੇ ਹਿੱਤ ਨਾਲ ਸਮਝੌਤਾ ਨਹੀਂ ਕਰਨਾ ਚਾਹੀਦਾ।

ਸਰਕਾਰ ਭਾਵੇਂ ਅਜਿਹਾ ਨਹੀਂ ਕਰੇਗੀ ਪਰ ਸਾਡੇ ਗ਼ੈਰ-ਸਰਕਾਰੀ ਸੰਗਠਨਾਂ ਨੂੰ ਢੁੱਕਵੇਂ ਕੌਮਾਂਤਰੀ ਮੰਚਾਂ 'ਤੇ ਵੱਡੇ ਡੈਮਾਂ ਬਾਰੇ ਉਨ੍ਹਾਂ ਦੇ ਫ਼ਿਕਰ ਜ਼ਾਹਿਰ ਕਰਨ ਤੋਂ ਕੋਈ ਨਹੀਂ ਰੋਕ ਸਕਦਾ। ਇਹ ਮੈਗਾ ਪ੍ਰਾਜੈਕਟ ਅਸਲ 'ਚ ਉਸ ਵਿਆਪਕ ਸੋਚ ਦਾ ਵਿਰੋਧੀ ਹੈ ਜਿਸ 'ਚ ਵੱਡੀ ਸਟੋਰੇਜ ਵਾਲੀਆਂ ਯੋਜਨਾਵਾਂ 'ਤੇ ਅੱਗੇ ਵਧਣ ਤੋਂ ਪਹਿਲਾਂ ਇੰਤਹਾਈ ਸਾਵਧਾਨੀ ਵਰਤਣ 'ਤੇ ਜ਼ੋਰ ਦਿੱਤਾ ਗਿਆ ਹੈ।

# ਮੋਦੀ ਸਰਕਾਰ ਲਈ ਆਰਥਿਕ ਚੁਣੌਤੀਆਂ ਨਾਲ ਨਜਿੱਠਣਾ ਸੌਖਾ ਨਹੀਂ

ਸੰਜੇ ਗੁਪਤ

ਮੋਦੀ ਸਰਕਾਰ ਦੇ ਤੀਜੇ ਕਾਰਜਕਾਲ ਦੇ ਪਹਿਲੇ ਪੂਰਨ ਬਜਟ ’ਚ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਮੱਧ ਵਰਗ ਨੂੰ ਇਨਕਮ ਟੈਕਸ ’ਚ ਰਾਹਤ ਦੇ ਕੇ ਜਿਸ ਤਰ੍ਹਾਂ ਖ਼ੁਸ਼ੀ ਪ੍ਰਦਾਨ ਕੀਤੀ ਹੈ, ਉਸ ਨਾਲ ਬਜਟ ਦੀ ਸ਼ਲਾਘਾ ਸੁਭਾਵਿਕ ਹੈ। 2014 ’ਚ ਮੋਦੀ ਸਰਕਾਰ ਦੇ ਸੱਤਾ ਦੀ ਵਾਗਡੋਰ ਸੰਭਾਲਣ ਦੇ ਸਮੇਂ ਢਾਈ ਲੱਖ ਰੁਪਏ ਦੀ ਆਮਦਨ ’ਤੇ ਕੋਈ ਟੈਕਸ ਨਹੀਂ ਲਗਦਾ ਸੀ। ਇਸ ਵਾਰ ਇਸ ਨੂੰ ਵਧਾ ਕੇ 12 ਲੱਖ ਰੁਪਏ ਕਰ ਦਿੱਤਾ ਗਿਆ ਹੈ। ਇਸ ਟੈਕਸ ਛੋਟ ਨਾਲ ਮੱਧਵਰਗ ਦੀ ਜੇਬ ’ਚ ਵਾਧੂ ਪੈਸਾ ਹੋਵੇਗਾ ਤੇ ਇਸ ਕਾਰਨ ਖਪਤ ਵਧੇਗੀ। ਇਸ ਨਾਲ ਅਰਥਚਾਰੇ ਨੂੰ ਉਤਸ਼ਾਹ ਮਿਲੇਗਾ, ਪਰ ਕਿੰਨਾ, ਇਹ ਆਉਣ ਵਾਲਾ ਸਮਾਂ ਦੱਸੇਗਾ, ਕਿਉਂਕਿ ਟੈਕਸ ਛੋਟ ਨਾਲ ਜਨਤਾ ਦੇ ਕੋਲ ਲਗਪਗ ਇਕ ਲੱਖ ਕਰੋੜ ਰੁਪਏ ਹੀ ਆਉਣਗੇ। ਵਿੱਤ ਮੰਤਰੀ ਨੇ ਦੱਸਿਆ ਕਿ ਅਗਲੇ ਹਫ਼ਤੇ ਜੋ ਨਵਾਂ ਇਨਕਮ ਟੈਕਸ ਬਿਲ ਲਿਆਂਦਾ ਜਾਵੇਗਾ, ਉਹ ਮੌਜੂਦਾ ਇਨਕਮ ਟੈਕਸ ਐਕਟ ਦੇ ਮੁਕਾਬਲੇ ਕਿਤੇ ਵੱਧ ਸੌਖਾ ਤੇ ਸਪੱਸ਼ਟ ਹੋਵੇਗਾ।

ਉਮੀਦ ਕੀਤੀ ਜਾ ਰਹੀ ਹੈ ਕਿ ਇਸ ਨਾਲ ਇਨਕਮ ਟੈਕਸ ਐਕਟ ਅਪਰਾਧਕ ਅਕਸ ਤੋਂ ਮੁਕਤ ਹੋਵੇਗਾ। ਜੇ ਅਜਿਹਾ ਹੁੰਦਾ ਹੈ ਤਾਂ ਇਸ ਨਾਲ ਜਨਤਾ ਦਾ ਵਿਸ਼ਵਾਸ ਵਧੇਗਾ ਤੇ ਉਹ ਸਮੇਂ ’ਤੇ ਸਹੀ ਤਰੀਕੇ ਨਾਲ ਟੈਕਸ ਦੇਣ ਲਈ ਪ੍ਰੇਰਿਤ ਹੋਵੇਗੀ। ਬਜਟ ’ਚ ਸਰਕਾਰ ਆਪਣੀਆਂ ਨੀਤੀਆਂ ਰਾਹੀਂ ਭਵਿੱਖ ਦੀ ਰਣਨੀਤੀ ਵੀ ਸਾਹਮਣੇ ਰੱਖਦੀ ਹੈ, ਪਰ ਇਸ ਵਾਰ ਅਜਿਹਾ ਨਹੀਂ ਲੱਗਾ ਕਿ ਸਰਕਾਰ ਬਜਟ ਰਾਹੀਂ ਕਿਸੇ ਵੱਡੀ ਮੁੱਢਲੀ ਤਬਦੀਲੀ ਵੱਲ ਵਧ ਰਹੀ ਹੈ। ਇਹ ਜ਼ਰੂਰ ਹੈ ਕਿ ਸਰਕਾਰ ਪੂੰਜੀਗਤ ਖ਼ਰਚਾ ਵਧਾਉਣ ਦੇ ਨਾਲ ਸਿੱਖਿਆ, ਸਿਹਤ ਦੇ ਨਾਲ ਗ਼ਰੀਬੀ ਹਟਾਉਣ ਦੀਆਂ ਯੋਜਨਾਵਾਂ ’ਤੇ ਖ਼ਰਚ ਵਧਾ ਰਹੀ ਹੈ। ਇਹ ਵਧਿਆ ਹੋਇਆ ਖ਼ਰਚਾ ਸਹੀ ਤਰ੍ਹਾਂ ਤਦ ਇਸਤੇਮਾਲ ਹੋ ਸਕੇਗਾ, ਜਦ ਸੂਬਾ ਸਰਕਾਰਾਂ ਕੇਂਦਰ ਦੀ ਸਲਾਹ ’ਤੇ ਕੰਮ ਕਰਨਗੀਆਂ। ਖੇਤੀ, ਸਿੱਖਿਆ, ਸਿਹਤ, ਕਿਰਤ ਆਦਿ ਖੇਤਰ ’ਚ ਕੇਂਦਰ ਦੀਆਂ ਨੀਤੀਆਂ ’ਤੇ ਸਹੀ ਢੰਗ ਨਾਲ ਅਮਲ ਸੂਬਿਆਂ ਦੇ ਸਰਗਰਮ ਸਹਿਯੋਗ ਨਾਲ ਹੀ ਹੋ ਸਕਦਾ ਹੈ।

ਇਸ ਮਾਮਲੇ ’ਚ ਡਬਲ ਇੰਜਣ ਸਰਕਾਰਾਂ ਭਾਵ ਭਾਜਪਾ ਸ਼ਾਸਿਤ ਸੂਬਿਆਂ ਨੂੰ ਤਾਂ ਲਾਭ ਮਿਲਦਾ ਹੈ, ਪਰ ਕਈ ਵਾਰ ਗ਼ੈਰ-ਭਾਜਪਾ ਸ਼ਾਸਨ ਵਾਲੇ ਸੂਬਿਆਂ ’ਚ ਕੇਂਦਰ ਦੀਆਂ ਨੀਤੀਆਂ ਨੂੰ ਲਾਗੂ ਕਰਨ ’ਚ ਅੜਿੱਕਾ ਆਉਂਦਾ ਹੈ। ਕਦੀ-ਕਦੀ ਇਹ ਸੂਬਾ ਸਰਕਾਰਾਂ ਕੇਂਦਰ ਦਾ ਸਹਿਯੋਗ ਵੀ ਨਹੀਂ ਕਰਦੀਆਂ। ਉਹ ਕੇਂਦਰ ਤੋਂ ਮਿਲੇ ਪੈਸੇ ਦਾ ਇਸਤੇਮਾਲ ਆਪਣੇ ਹਿਸਾਬ ਨਾਲ ਕਰਨ ’ਤੇ ਜ਼ੋਰ ਦਿੰਦੀਆਂ ਹਨ ਤੇ ਜੇ ਕੇਂਦਰ ਇਤਰਾਜ਼ ਜ਼ਾਹਰ ਕਰਦਾ ਹੈ ਤਾਂ ਸੂਬੇ ਕੇਂਦਰ ’ਤੇ ਗ਼ੈਰ-ਜ਼ਰੂਰੀ ਦਖ਼ਲਅੰਦਾਜ਼ੀ ਦਾ ਦੋਸ਼ ਲਾਉਂਦੇ ਹਨ ਤੇ ਫਿਰ ਇਹ ਇਕ ਸਿਆਸੀ ਮੁੱਦਾ ਬਣ ਜਾਂਦਾ ਹੈ।

ਬਜਟ ਤੋਂ ਪਹਿਲਾਂ ਆਏ ਆਰਥਿਕ ਸਰਵੇ ਦੀ ਅਣਦੇਖੀ ਨਹੀਂ ਕੀਤੀ ਜਾਣੀ ਚਾਹੀਦੀ। ਇਸ ਸਰਵੇ ਨੇ ਕਿਹਾ ਸੀ ਕਿ ਲੋਕਾਂ ਦੀ ਸਿਹਤ ’ਤੇ ਵਾਧੂ ਧਿਆਨ ਦੇਣ ਦੀ ਲੋੜ ਹੈ। ਇਹ ਠੀਕ ਹੈ ਕਿ ਮੈਡੀਕਲ ਪੇਸ਼ੇਵਰਾਂ ਦੀ ਕਮੀ ਦੂਰ ਕਰਨ ਲਈ ਸਰਕਾਰ ਨੇ ਦਸ ਹਜ਼ਾਰ ਮੈਡੀਕਲ ਸੀਟਾਂ ਵਧਾਉਣ ਦਾ ਐਲਾਨ ਕੀਤਾ ਹੈ ਪਰ ਸਿਰਫ਼ ਏਨਾ ਹੀ ਕਾਫ਼ੀ ਨਹੀਂ। ਸਿਹਤ ਸੇਵਾਵਾਂ ਦੀ ਗੁਣਵੱਤਾ ਵੀ ਵਧਾਉਣੀ ਪਵਗੀ ਤੇ ਇਸ ਦੇ ਵੀ ਤਰੀਕੇ ਲੱਭਣੇ ਪੈਣਗੇ ਕਿ ਲੋਕ ਸਹੀ ਪੋਸ਼ਣ ਲੈਣ ਤੇ ਆਪਣੀ ਸਿਹਤ ਪ੍ਰਤੀ ਚੌਕਸ ਰਹਿਣ, ਜਿਵੇਂ ਕਿ ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨੇ ਕਿਹਾ ਸੀ।



ਆਰਥਕ ਸਰਵੇ ’ਚ ਇਹ ਵੀ ਕਿਹਾ ਗਿਆ ਸੀ ਕਿ ਉਦਯੋਗਾਂ ਨੂੰ ਮਹਿੰਗੀ ਬਿਜਲੀ ਮਿਲ ਰਹੀ ਹੈ। ਇਹ ਧਿਆਨ ਰਹੇ ਕਿ ਗ਼ਰੀਬ ਤਬਕੇ ਨੂੰ ਮੁਫ਼ਤ ਜਾਂ ਸਸਤੀ ਬਿਜਲੀ ਦੇਣ ਦੇ ਕਾਰਨ ਵੀ ਉਦਯੋਗਾਂ ਨੂੰ ਦਿੱਤੀ ਜਾਣ ਵਾਲੀ ਬਿਜਲੀ ਮਹਿੰਗੀ ਹੋ ਰਹੀ ਹੈ। ਜ਼ਿਆਦਾਤਰ ਸੂਬਿਆਂ ਦੇ ਬਿਜਲੀ ਬੋਰਡ ਘਾਟੇ ’ਚ ਚੱਲ ਰਹੇ ਹਨ। ਬਜਟ ’ਚ ਐੱਮਐੱਸਐੱਮਈ ਸੈਕਟਰ ਲਈ ਕਰਜ਼ੇ ਦੀ ਹੱਦ ਵਧਾਈ ਗਈ ਹੈ, ਪਰ ਇਸ ਸੈਕਟਰ ਨੂੰ ਜਿਸ ਕਿਰਤ ਸੁਧਾਰ ਦੀ ਲੋੜ ਹੈ, ਉਸ ’ਤੇ ਕੁਝ ਨਹੀਂ ਕਿਹਾ ਗਿਆ, ਜਦਕਿ ਆਰਥਿਕ ਸਰਵੇ ਨੇ ਇਹ ਰੇਖਾਂਕਿਤ ਕੀਤਾ ਸੀ ਕਿ ਭਾਰਤ ਦਾ ਕਿਰਤ ਬਾਜ਼ਾਰ ਮੌਜੂਦਾ ਆਰਥਿਕ ਚੁਣੌਤੀਆਂ ਨਾਲ ਨਜਿੱਠਣ ’ਚ ਸਮਰੱਥ ਨਹੀਂ।

ਬਜਟ ’ਚ ਹੁਨਰ ਵਿਕਾਸ ’ਤੇ ਜ਼ੋਰ ਜ਼ਰੂਰ ਦਿੱਤਾ ਗਿਆ ਹੈ, ਪਰ ਕੀ ਅਸੀਂ ਇਸ ਦੀ ਅਣਦੇਖੀ ਕਰ ਸਕਦੇ ਹਾਂ ਕਿ ਇਸ ਮਾਮਲੇ ’ਚ ਅਜੇ ਤੱਕ ਦੀ ਕੋਸ਼ਿਸ਼ ਨਾਕਾਫ਼ੀ ਸਾਬਿਤ ਹੋਈ ਹੈ? ਬਿਹਤਰ ਹੁੰਦਾ ਕਿ ਸਰਕਾਰ ਅਜਿਹੀ ਕਿਸੇ ਰਣਨੀਤੀ ਨਾਲ ਸਾਹਮਣੇ ਆਉਂਦੀ ਕਿ ਹੁਨਰਮੰਦ ਮਜ਼ਦੂਰਾਂ ਦੀ ਕਮੀ ਅਸਲ ’ਚ ਦੂਰ ਹੁੰਦੀ। ਸਰਕਾਰ ਨੂੰ ਚਾਹੀਦਾ ਸੀ ਕਿ ਬਜਟ ਰਾਹੀਂ ਪ੍ਰਾਈਵੇਟ ਸੈਕਟਰ ਨੂੰ ਹੁਨਰ ਵਿਕਾਸ ਦੀਆਂ ਯੋਜਨਾਵਾਂ ’ਚ ਨਿਵੇਸ਼ ਲਈ ਉਤਸ਼ਾਹਿਤ ਕਰਦੀ। ਆਖਰ ਸਰਕਾਰ ਨੇ ਹੁਨਰ ਵਿਕਾਸ ਦੀ ਜ਼ਿੰਮੇਵਾਰੀ ਨਿੱਜੀ ਖੇਤਰ ’ਤੇ ਹੀ ਕਿਉਂ ਨਹੀਂ ਪਾਈ? ਇਸੇ ਤਰ੍ਹਾਂ ਉਸ ਨੂੰ ਵਰਕਰਾਂ ਦੇ ਕਲਿਆਣ ਦੀ ਜ਼ਿੰਮੇਵਾਰੀ ਵੀ ਕੰਪਨੀਆਂ ’ਤੇ ਹੀ ਪਾਉਣੀ ਚਾਹੀਦੀ ਸੀ। ਇਸ ਲਈ ਹੋਰ ਵੀ, ਕਿਉਂਕਿ ਆਰਥਿਕ ਸਰਵੇ ਕਹਿ ਰਿਹਾ ਹੈ ਕਿ ਪ੍ਰਾਈਵੇਟ ਸੈਕਟਰ ਆਪਣੇ ਵਧੇ ਹੋਏ ਮੁਨਾਫ਼ੇ ਦੇ ਮੁਤਾਬਕ ਤਨਖ਼ਾਹ ਨਹੀਂ ਦੇ ਰਿਹਾ ਹੈ।

ਅਰਥਚਾਰੇ ਨੂੰ ਉਤਸ਼ਾਹ ਸ਼ਹਿਰੀ ਖੇਤਰਾਂ ਤੋਂ ਮਿਲਦਾ ਹੈ, ਪਰ ਸਾਡੇ ਸ਼ਹਿਰੀ ਖੇਤਰ ਖ਼ਸਤਾਹਾਲ ਹਨ। ਇਸ ਦਾ ਕਾਰਨ ਨਗਰ ਨਿਗਮਾਂ ਦੀ ਖ਼ਰਾਬ ਕਾਰਜਪ੍ਰਣਾਲੀ ਹੈ। ਸੂਬਾ ਸਰਕਾਰਾਂ ਇਸ ਕਾਰਜਪ੍ਰਣਾਲੀ ਨੂੰ ਸੁਧਾਰਨ ਲਈ ਤਿਆਰ ਨਹੀਂ। ਇਸ ਕਾਰਨ ਕੇਂਦਰ ਸਰਕਾਰ ਸ਼ਹਿਰਾਂ ਦੀ ਸੂਰਤ ਸੰਵਾਰਨ ਲਈ ਜੋ ਧਨ ਦਿੰਦੀ ਹੈ, ਉਸ ਦਾ ਸਹੀ ਇਸਤੇਮਾਲ ਨਹੀਂ ਹੁੰਦਾ। ਇਸ ਵਾਰ ਬਜਟ ’ਚ ਸ਼ਹਿਰੀ ਢਾਂਚੇ ਨੂੰ ਸੁਧਾਰਨ ਤੇ ਸ਼ਹਿਰਾਂ ਦੇ ਵਿਕਾਸ ਨੂੰ ਲੈ ਕੇ ਕਿਸੇ ਪੁਖ਼ਤਾ ਯੋਜਨਾ ਦੀ ਥੁੜ੍ਹ ਦਿਖਾਈ ਦੇ ਰਹੀ ਹੈ। ਚੰਗਾ ਹੋਵੇਗਾ ਕਿ ਕੇਂਦਰ ਸਰਕਾਰ ਸੂਬਿਆਂ ਨਾਲ ਮਿਲ ਕੇ ਸ਼ਹਿਰਾਂ ਦੀ ਸੂਰਤ ਸੰਵਾਰਨ ਲਈ ਕੋਈ ਪੁਖ਼ਤਾ ਨੀਤੀ ਲੈ ਕੇ ਆਏ ਤੇ ਉਸ ’ਤੇ ਅਮਲ ਵੀ ਕਰਵਾਏ। ਕਿਉਂਕਿ ਸਾਡੇ ਸ਼ਹਿਰ ਹੀ ਅਰਥਚਾਰੇ ਦਾ ਇੰਜਣ ਬਣਨਗੇ।

ਬਜਟ ਇਹ ਸੰਕੇਤ ਦੇ ਰਿਹਾ ਹੈ ਕਿ ਸਰਕਾਰ ਦੇਸ਼ ’ਚ ਜੋ ਆਰਥਿਕ ਸੁਸਤੀ ਦਿਖ ਰਹੀ ਹੈ, ਉਸ ਨੂੰ ਦੂਰ ਕਰਨ ਲਈ ਯਤਨਸ਼ੀਲ ਹੈ। ਉਹ ਇਸ ’ਚ ਕਾਮਯਾਬ ਹੋ ਸਕਦੀ ਹੈ, ਕਿਉਂਕਿ ਇਨਕਮ ਟੈਕਸ ’ਚ ਛੋਟ ਦੇਣ ਦੇ ਨਾਲ ਉਸ ਨੇ ਕੁਝ ਸਮਾਂ ਪਹਿਲਾਂ ਅੱਠਵੇਂ ਤਨਖ਼ਾਹ ਕਮਿਸ਼ਨ ਦੇ ਗਠਨ ਦਾ ਵੀ ਐਲਾਨ ਕੀਤਾ ਹੈ, ਪਰ ਇਸ ’ਚ ਸ਼ੱਕ ਹੈ ਕਿ ਬਜਟ ਉਨ੍ਹਾਂ ਚੁਣੌਤੀਆਂ ਦਾ ਹੱਲ ਕਰਨ ’ਚ ਵੀ ਸਮਰੱਥ ਹੋਵੇਗਾ, ਜੋ ਵਿਕਸਿਤ ਭਾਰਤ ਦੇ ਟੀਚੇ ਨੂੰ ਹਾਸਲ ਕਰਨ ’ਚ ਅੜਿੱਕਾ ਪਾ ਰਹੀਆਂ ਹਨ।

ਬਜਟ ਇਹ ਸੰਕੇਤ ਨਹੀਂ ਦਿੰਦਾ ਕਿ ਸਰਕਾਰ ਚੀਨ ਵੱਲੋਂ ਪੇਸ਼ ਕੀਤੀ ਜਾ ਰਹੀ ਆਰਥਿਕ ਚੁਣੌਤੀ ਦਾ ਸਾਹਮਣਾ ਕਰਨ ਲਈ ਉਤਸ਼ਾਹਤ ਹੈ। ਇਹ ਤਦ ਹੈ, ਜਦ ਚੀਨ ’ਤੇ ਨਿਰਭਰਤਾ ਵਧਦੀ ਜਾ ਰਹੀ ਹੈ। ਭਾਰਤ ਨੂੰ ਚੀਨ ਦੇ ਬਦਲ ਦੇ ਰੂਪ ’ਚ ਵਿਕਸਿਤ ਕਰਨ ਦੀਆਂ ਜੋ ਗੱਲਾਂ ਹੁੰਦੀਆਂ ਸਨ, ਉਨ੍ਹਾਂ ਦੇ ਮੁਤਾਬਕ ਬਜਟ ’ਚ ਕੋਈ ਐਲਾਨ ਨਹੀਂ ਕੀਤਾ ਗਿਆ। ਪ੍ਰਾਈਵੇਟ ਸੈਕਟਰ ਬਜਟ ਐਲਾਨਾਂ ਤੋਂ ਉਤਸ਼ਾਹਤ ਨਹੀਂ, ਇਸ ਦਾ ਪਤਾ ਸ਼ੇਅਰ ਬਾਜ਼ਾਰ ਦੇ ਰੁਝਾਨ ਤੋਂ ਲੱਗਾ।

ਜੇ ਪ੍ਰਾਈਵੇਟ ਸੈਕਟਰ ਚੀਨ ਦੀ ਚੁਣੌਤੀ ਦਾ ਸਾਹਮਣਾ ਕਰਨ ’ਚ ਸਮਰੱਥ ਨਾ ਹੋਇਆ ਤਾਂ ਅੱਠ ਫ਼ੀਸਦੀ ਦੀ ਵਿਕਾਸ ਦਰ ਹਾਸਲ ਕਰਨਾ ਮੁਸ਼ਕਲ ਹੋਵੇਗਾ। ਜੇ ਇਹ ਟੀਚਾ ਮੁਸ਼ਕਲ ਬਣਿਆ ਰਿਹਾ ਤਾਂ ਫਿਰ ਵਿਕਸਿਤ ਭਾਰਤ ਦੇ ਟੀਚੇ ਨੂੰ ਹਾਸਲ ਕਰਨਾ ਵੀ ਮੁਸ਼ਕਲ ਹੋਵੇਗਾ।

# ਕੀ ਚੀਨ ਤਕਨੀਕੀ ਖੇਤਰ 'ਚ ਅਮਰੀਕੀ ਦਬਦਬੇ ਨੂੰ ਚੁਣੌਤੀ ਦੇ ਸਕੇਗਾ?

ਜਿਸ ਦਿਨ ਡੋਨਾਲਡ ਟਰੰਪ ਰਾਸ਼ਟਰਪਤੀ ਅਹੁਦੇ ਦੀ ਸਹੁੰ ਲੈ ਕੇ ਅਮਰੀਕਾ ਨੂੰ ਮੁੜ ਤੋਂ ਮਹਾਨ ਬਣਾਉਣ ਦਾ ਸੰਕਲਪ ਲੈ ਰਹੇ ਸਨ, ਉਸੇ ਦਿਨ ਚੀਨ ਦੇ 40 ਸਾਲਾ ਨੌਜਵਾਨ ਲਿਆਂਗ ਵੇਨਫੇਂਗ ਨੇ ਆਪਣਾ ਜੇਨਰੇਟਿਵ ਏਆਈ ਦਾ ਚੈਟਬਾਟ ਡੀਪਸੀਕ ਲਾਂਚ ਕੀਤਾ। ਉਸ ਨੇ ਅਮਰੀਕਾ ਦੇ ਸੈਂਕੜੇ ਕਰੋੜ ਡਾਲਰ ਦੀ ਲਾਗਤ ਤੇ ਸਾਲਾਂ ਦੀ ਸਿਖਲਾਈ ਤੋਂ ਬਾਅਦ ਬਣੇ ਚੈਟਜੀਪੀਟੀ, ਜੈਮਿਨੀ, ਲਾਮਾ ਤੇ ਕਲੋਦ ਵਰਗੇ ਚੈਟਬਾਟ ਨੂੰ ਧੂੜ ਚਟਾ ਦਿੱਤੀ ਤੇ ਹਫ਼ਤੇ ’ਚ ਅਮਰੀਕਾ ਦਾ ਸਭ ਤੋਂ ਹਰਮਨਪਿਆਰਾ ਚੈਟਬਾਟ ਬਣ ਗਿਆ। ਜਦ ਇਹ ਪਤਾ ਲੱਗਾ ਕੀ ਡੀਪਸੀਕ ਦਾ ਵਿਕਾਸ ਜੇਜੀਯਾਂਗ ਯੂਨੀਵਰਸਿਟੀ ਦੇ ਇੰਜੀਨੀਅਰਿੰਗ ਦੇ ਗ੍ਰੈਜੂਏਟ ਨੇ 60 ਲੱਖ ਡਾਲਰ ਤੋਂ ਵੀ ਘੱਟ ਦੀ ਲਾਗਤ ਨਾਲ ਸਾਲ ’ਚ ਹੀ ਕਰ ਦਿਖਾਇਆ ਹੈ ਤਾਂ ਅਮਰੀਕੀ ਬਾਜ਼ਾਰਾਂ ’ਚ ਹੜਕੰਪ ਮਚ ਗਿਆ। ਚੀਨੀ ਕੰਪਨੀ ਦੇ ਤਕਨੀਕੀ ਵਿਕਾਸ ਤੋਂ ਅਜਿਹੀ ਘਬਰਾਹਟ ਪਹਿਲੀ ਵਾਰ ਫੈਲੀ। ਅਜਿਹਾ ਨਹੀਂ ਹੈ ਕਿ ਡੀਪਸੀਕ ਅਮਰੀਕਾ ਦੇ ਚੈਟਜੀਪੀਟੀ ਵਾਂਗ ਜੇਨਰੇਟਿਵ ਏਆਈ ਮਾਡਲਾਂ ਤੋਂ ਅੱਗੇ ਨਿਕਲਿਆ ਹੋਵੇ। ਗਣਿਤ, ਕੋਡਿੰਗ ਤੇ ਸਹਿਜ ਭਾਸ਼ਾ ਤਰਕ ’ਚ ਉਹ ਅਮਰੀਕੀ ਮਾਡਲਾਂ ਦੀ ਬਰਾਬਰੀ ’ਤੇ ਹੀ ਹੈ, ਪਰ ਅਮਰੀਕਾ ਤੇ ਯੂਰਪ ’ਚ ਹੜਕੰਪ ਇਸ ਲਈ ਮਚਿਆ ਕਿ ਚੀਨ ਦੇ ਇੰਜੀਨੀਅਰ ਨੇ ਕੁਝ ਲੋਕਾਂ ਤੇ ਬਹੁਤ ਘੱਟ ਲਾਗਤ ਨਾਲ ਸਾਲ ਭਰ ’ਚ ਅਜਿਹਾ ਮਾਡਲ ਤਿਆਰ ਕਰ ਦਿਖਾਇਆ, ਜੋ ਉੱਚੀ ਲਾਗਤ ਤੇ ਸਾਲਾਂ ਦੀ ਖੋਜ ਤੋਂ ਬਾਅਦ ਬਣੇ ਮਾਡਲਾਂ ਨੂੰ ਟੱਕਰ ਦੇ ਰਿਹਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਡੀਪਸੀਕ ਓਪਨ ਸੋਰਸ ਮਾਡਲ ਹੈ ਭਾਵ ਇਸ ਨੂੰ ਮੁਫ਼ਤ ’ਚ ਵਰਤਿਆ, ਸੋਧਿਆ ਤੇ ਵੰਡਿਆ ਜਾ ਰਿਹਾ ਹੈ। ਇਹ ਉਮੀਦ ਮੁਤਾਬਕ ਘੱਟ ਸ਼ਕਤੀਸ਼ਾਲੀ ਚਿੱਪਾਂ ਤੇ ਘੱਟ ਊਰਜਾ ਦੀ ਖ਼ਪਤ ਨਾਲ ਚੱਲ ਸਕਦਾ ਹੈ।

ਟਰੰਪ ਨੇ ਇਸ ਪ੍ਰਸੰਗ ’ਤੇ ਚਿੰਤਾ ਜ਼ਾਹਰ ਕਰਨ ਦੀ ਥਾਂ ਇਸ ਨੂੰ ਅਮਰੀਕੀ ਏਆਈ ਉਦਯੋਗ ਲਈ ਚਿਤਾਵਨੀ ਦੱਸਿਆ ਤੇ ਅਮਰੀਕੀਆਂ ਨੂੰ ਕਿਹਾ ਕਿ ਜੇ ਤੁਸੀਂ ਇਸੇ ਗੁਣਵੱਤਾ ਦੇ ਮਾਡਲ ਘੱਟ ਲਾਗਤ ’ਤੇ ਬਣਾ ਸਕੋ ਤਾਂ ਉਹ ਸਾਡੇ ਲਈ ਚੰਗਾ ਹੀ ਹੋਵੇਗਾ। ਇਸ ਨਾਲ ਇਕ ਤਾਂ ਅਮਰੀਕੀ ਏਆਈ ਮਾਡਲਾਂ ਦੀ ਲਾਗਤ ’ਤੇ ਸਵਾਲ ਉੱਠੇ, ਜਿਸ ਨਾਲ ਉਨ੍ਹਾਂ ਦੀ ਫੰਡਿੰਗ ਦਾ ਸੰਕਟ ਖੜ੍ਹਾ ਹੋ ਸਕਦਾ ਹੈ। ਦੂਜੇ ਇਹ ਸਵਾਲ ਉੱਠਿਆ ਕਿ ਸਸਤੇ ਤੇ ਕਿਫ਼ਾਇਤੀ ਚੀਨੀ ਮਾਡਲ ਮਿਲਣ ’ਤੇ ਅਮਰੀਕਾ ਦੇ ਮਹਿੰਗੇ ਤੇ ਵੱਧ ਊਰਜਾ ਦੀ ਖ਼ਪਤ ਵਾਲੇ ਮਾਡਲ ਨੂੰ ਕੋਈ ਕਿਉਂ ਲਵੇਗਾ? ਇਸ ਨਾਲ ਏਆਈ ਉਦਯੋਗ ’ਤੇ ਅਮਰੀਕਾ ਦੀ ਥਾਂ ਚੀਨ ਦਾ ਦਬਦਬਾ ਕਾਇਮ ਹੋ ਸਕਦਾ ਹੈ, ਠੀਕ ਉਵੇਂ ਹੀ ਜਿਵੇਂ ਇਲੈਕਟ੍ਰਿਕ ਵਾਹਨਾਂ ਤੇ ਸੌਰ ਸੈੱਲਾਂ ਦੇ ਨਿਰਮਾਣ ’ਤੇ ਹੋ ਚੁੱਕਾ ਹੈ। ਮਸ਼ੀਨ ਲਰਨਿੰਗ, ਰੋਬੋਟ ਵਿਗਿਆਨ ਤੇ ਡ੍ਰੋਨ ਨਿਰਮਾਣ ’ਚ ਵੀ ਚੀਨੀ ਕੰਪਨੀਆਂ ਏਨੀਆਂ ਅੱਗੇ ਨਿਕਲ ਚੁੱਕੀਆਂ ਹਨ ਕਿ ਅਮਰੀਕੀ ਰੱਖਿਆ ਵਿਭਾਗ ਪੇਂਟਾਗਨ ਨੂੰ ਵੀ ਰੱਖਿਆ ਸਾਮਾਨ ਲਈ ਘਰੇਲੂ ਕੰਪਨੀਆਂ ਨੂੰ ਸਾਰੇ ਤਰ੍ਹਾਂ ਦੇ ਆਰਥਕ ਪ੍ਰੋਤਸਾਹਨ ਦੇਣ ਦੇ ਬਾਵਜੂਦ ਚੀਨ ’ਤੇ ਨਿਰਭਰਤਾ ਖ਼ਤਮ ਕਰਨ ’ਚ ਮੁਸ਼ਕਲ ਆ ਰਹੀ ਹੈ।




ਅਮਰੀਕਾ ਤੇ ਯੂਰਪ ’ਚ ਹੁਣ ਤੱਕ ਚੀਨ ਦਾ ਅਕਸ ਨਕਲ ’ਚ ਮੁਹਾਰਤ ਵਾਲੇ ਤੇ ਸਸਤਾ ਮਾਲ ਬਣਾਉਣ ਵਾਲੇ ਦੇਸ਼ ਦਾ ਰਿਹਾ ਹੈ। ਇਸ ਨੂੰ ਬਦਲਣ ਤੇ 2030 ਤੱਕ ਵਿਗਿਆਨ ਤੇ ਤਕਨੀਕ ’ਚ ਵਿਸ਼ਵ ਦਾ ਮੋਹਰੀ ਬਣਨ ਲਈ ਚੀਨ ਨੇ 2006 ’ਚ ਖੋਜ ਤੇ ਵਿਕਾਸ ਭਾਵ ਆਰਐਂਡਡੀ ਦੀ ਇਕ ਰਣਨੀਤੀ ਬਣਾਈ ਸੀ, ਜਿਸ ਨੂੰ ਉਸ ਨੇ ਅੰਜਾਮ ਤੱਕ ਪਹੁੰਚਾਇਆ। ਚੀਨ ਆਪਣਾ 2.5 ਫ਼ੀਸਦੀ ਤੋਂ ਵੱਧ ਬਜਟ ਖੋਜ ਅਤੇ ਵਿਕਾਸ ’ਤੇ ਲਾਉਂਦਾ ਹੈ ਤੇ ਇਹ ਵੀ ਯਕੀਨੀ ਕਰਦਾ ਹੈ ਕਿ ਆਰਥਿਕ ਵਿਕਾਸ ’ਚ ਉਸ ਦਾ ਯੋਗਦਾਨ 60 ਫ਼ੀਸਦੀ ਹੋਵੇ।

ਇਸ ਮਾਮਲੇ ’ਚ ਅਮਰੀਕਾ ਵਿਸ਼ਵ ਦਾ ਮੋਹਰੀ ਦੇਸ਼ ਰਿਹਾ ਹੈ, ਪਰ ਹੁਣ ਚੀਨ ਉਸ ਤੋਂ ਬਹੁਤ ਪਿੱਛੇ ਨਹੀਂ ਹੈ। ਅਮਰੀਕਾ ਖੋਜ ਅਤੇ ਵਿਕਾਸ ’ਤੇ ਆਪਣੀ ਜੀਡੀਪੀ ਦਾ 3.14 ਫ਼ੀਸਦੀ ਖ਼ਰਚ ਕਰਦਾ ਹੈ ਤਾਂ ਚੀਨ 2.41 ਫ਼ੀਸਦੀ ਖ਼ਰਚ ਕਰ ਰਿਹਾ ਹੈ। ਭਾਰਤ ਇਸ ਮਾਮਲੇ ’ਚ ਬਹੁਤ ਪਿੱਛੇ ਹੈ ਤੇ ਜੀਡੀਪੀ ਦਾ ਸਿਰਫ਼ 0.64 ਫ਼ੀਸਦੀ ਹੀ ਖੋਜ ਅਤੇ ਵਿਕਾਸ ’ਤੇ ਖ਼ਰਚ ਕਰਦਾ ਹੈ।ਭਾਵ ਖੋਜ ਅਤੇ ਵਿਕਾਸ ’ਤੇ ਚੀਨ ਭਾਰਤ ਤੋਂ ਚਾਰ ਗੁਣਾ ਬਜਟ ਖ਼ਰਚ ਕਰਦਾ ਹੈ। ਚੀਨ ਦੀ ਜੀਡੀਪੀ ਵੀ ਭਾਰਤ ਤੋਂ ਪੰਜ ਗੁਣਾ ਵੱਧ ਹੈ, ਜਿਸ ਕਾਰਨ ਖੋਜ ਅਤੇ ਵਿਕਾਸ ’ਤੇ ਚੀਨ ਦਾ ਖ਼ਰਚਾ ਭਾਰਤ ਤੋਂ ਲਗਪਗ 20 ਗੁਣਾ ਵੱਧ ਬੈਠਦਾ ਹੈ ਤੇ ਇਹ ਫ਼ਰਕ ਪਿਛਲੇ 20 ਸਾਲ ਤੋਂ ਚੱਲ ਰਿਹਾ ਹੈ। ਖੋਜ ਅਤੇ ਵਿਕਾਸ ’ਤੇ ਵਿਸ਼ਵ ’ਚ ਸਭ ਤੋਂ ਵੱਧ ਖ਼ਰਚ ਕਰਨ ਤੇ ਆਰਥਿਕ ਵਿਕਾਸ ’ਚ ਉਸ ਦਾ ਯੋਗਦਾਨ ਯਕੀਨੀ ਬਣਾਉਣ ਦੇ ਕਾਰਨ ਹੀ ਅਮਰੀਕਾ ਪਿਛਲੇ 50 ਸਾਲਾਂ ਤੋਂ ਵਿਗਿਆਨ ਅਤੇ ਤਕਨੀਕ ’ਚ ਮੋਹਰੀ ਬਣਿਆ ਹੋਇਆ ਹੈ। ਹੁਣ ਚੀਨ ਉਸੇ ਰਾਹ ’ਤੇ ਹੋਰ ਵੀ ਯੋਜਨਾਬੱਧ ਢੰਗ ਨਾਲ ਚੱਲ ਰਿਹਾ ਹੈ।

ਡੀਪਸੀਕ ਮਾਡਲ ਦੇ ਵਿਕਾਸ ਨਾਲ ਪੱਛਮੀ ਦੇਸ਼ਾਂ ਦੀ ਨੀਂਦ ਉਡਾ ਦੇਣ ਵਾਲੇ ਚੀਨੀ ਇੰਜੀਨੀਅਰ ਵੇਨਫੇਂਗ ਨੇ ਪਿਛਲੇ ਦਿਨੀਂ ਇਕ ਇੰਟਰਵਿਊ ’ਚ ਕਿਹਾ ਸੀ ਕਿ ਅਸੀਂ ਅਕਸਰ ਸੁਣਦੇ ਹਾਂ ਕਿ ਚੀਨੀ ਅਤੇ ਅਮਰੀਕੀ ਏਆਈ ਵਿਚਾਲੇ ਇਕ ਜਾਂ ਦੋ ਸਾਲ ਦਾ ਫ਼ਾਸਲਾ ਹੈ, ਪਰ ਅਸਲੀ ਫ਼ਾਸਲਾ ਨਕਲ ਤੇ ਮੌਲਿਕਤਾ ਦਾ ਹੈ। ਉਹ ਨਹੀਂ ਬਦਲਿਆ ਤਾਂ ਚੀਨ ਹਮੇਸ਼ਾ ਨਕਲ ਕਰਨ ਵਾਲਾ ਬਣਿਆ ਰਹੇਗਾ ਤੇ ਚੀਨ ਹਮੇਸ਼ਾ ਅਜਿਹਾ ਬਣਿਆ ਰਹਿ ਸਕਦਾ ਹੈ। ਵੇਨਫੇਂਗ ਵਰਗੇ ਸੈਂਕੜੇ ਇਨਵੈਸਟੀਗੇਟਰ ਗੁਣਵੱਤਾ ਤੇ ਲਾਗਤ ’ਚ ਪੱਛਮ ਨੂੰ ਚੁਣੌਤੀ ਦੇ ਸਕਣ ਵਾਲੀ ਤਕਨੀਕ ਦਾ ਵਿਕਾਸ ਕਰਨ ’ਚ ਰੁੱਝੇ ਹਨ। ਸਵੱਛ ਊਰਜਾ ਉਪਕਰਣ, ਬਿਜਲੀ ਦੀਆਂ ਕਾਰਾਂ, ਕੰਪਿਊਟਰ ਗੇਮ ਤੇ ਹੁਣ ਏਆਈ ਮਾਡਲਾਂ ’ਚ ਵੀ ਚੀਨ ਦੀਆਂ ਕੰਪਨੀਆਂ ਏਨੀਆਂ ਅੱਗੇ ਨਿਕਲ ਚੁੱਕੀਆਂ ਹਨ ਕਿ ਉਨ੍ਹਾਂ ਨੂੰ ਰੋਕਣ ਲਈ ਅਮਰੀਕਾ ਤੇ ਯੂਰਪ ਨੂੰ ਹੁਣ ਵਪਾਰ ਸੁਰੱਖਿਆ ਦਾ ਸਹਾਰਾ ਲੈਣਾ ਪੈ ਰਿਹਾ ਹੈ।

ਮੁਕਤ ਵਪਾਰ ਤੇ ਵਿਸ਼ਵੀਕਰਨ ਦੇ ਦੌਰ ਤੋਂ ਹੁਣ ਸੁਰੱਖਿਆਵਾਦ ਤੇ ਖੇਤਰੀ ਗੁਟਬੰਦੀ ਦੇ ਦੌਰ ’ਚ ਪ੍ਰਵੇਸ਼ ਕਰਦੀ ਦੁਨੀਆ ’ਚ ਵਿਕਾਸ ਕਰਨ ਤੇ ਦਬਦਬਾ ਕਾਇਮ ਕਰਨ ਲਈ ਖੋਜ ਅਤੇ ਵਿਕਾਸ ’ਤੇ ਜ਼ੋਰ ਦੇਣ ਦੀ ਲੋੜ ਹੋਰ ਵਧ ਗਈ ਹੈ। ਇਸ ਤੋਂ ਬਿਨਾਂ ਨਾ ਆਪਣੀਆਂ ਕੰਪਨੀਆਂ ਨੂੰ ਵਿਦੇਸ਼ੀ ਮੁਕਾਬਲੇ ਤੋਂ ਬਚਾਇਆ ਜਾ ਸਕਦਾ ਹੈ ਅਤੇ ਨਾ ਆਪਣਾ ਮਾਲ ਵੇਚ ਕੇ ਵਪਾਰ ਵਧਾਇਆ ਜਾ ਸਕਦਾ ਹੈ। ਦੂਜੇ ਦੇਸ਼ਾਂ ’ਚ ਆਪਣਾ ਮਾਲ ਤੇ ਸੇਵਾਵਾਂ ਵੇਚੇ ਬਿਨਾਂ ਆਰਥਿਕ ਵਿਕਾਸ ਨਹੀਂ ਹੋ ਸਕਦਾ।

ਇਿਤਹਾਸ ’ਚ ਕੋਈ ਅਜਿਹਾ ਦੇਸ਼ ਨਹੀਂ ਹੋਇਆ ਜੋ ਆਪਣਾ ਮਾਲ ਬਾਹਰ ਵੇਚੇ ਬਿਨਾਂ ਅਮੀਰ ਬਣਿਆ ਹੋਵੇ। ਇਸ ਲਈ ਭਾਰਤ ਨੇ ਜੇ ਆਪਣੀ ਪ੍ਰਤੀ ਵਿਅਕਤੀ ਆਮਦਨ ਨੂੰ ਵਧਾਉਣਾ ਹੈ ਤਾਂ ਮੁੱਢਲੇ ਢਾਂਚੇ ਦੇ ਵਿਕਾਸ ਦੇ ਨਾਲ-ਨਾਲ ਖੋਜ ਅਤੇ ਵਿਕਾਸ ਲਈ ਆਪਣੇ ਬਜਟ ਨੂੰ ਕਈ ਗੁਣਾ ਵਧਾਉਣਾ ਪਵੇਗਾ ਤੇ ਇਹ ਯਕੀਨੀ ਬਣਾਉਣਾ ਪਵੇਗਾ ਕਿ ਆਰਥਿਕ ਤਰੱਕੀ ’ਚ ਉਸ ਦਾ ਯੋਗਦਾਨ ਵੱਧ ਤੋਂ ਵੱਧ ਹੋਵੇ। ਇਸ ਲਈ ਉਸ ਨੂੰ ਆਰਥਿਕ ਸਾਧਨਾਂ ਦੀ ਲੋੜ ਪਵੇਗੀ, ਜਿਨ੍ਹਾਂ ਨੂੰ ਇਨਕਮ ਟੈਕਸ ਵਰਗੇ ਪ੍ਰਤੱਖ ਕਰਾਂ ਦੇ ਘੇਰੇ ਵਧਾਏ ਬਿਨਾਂ ਹਾਸਲ ਨਹੀਂ ਕੀਤਾ ਜਾ ਸਕਦਾ।

ਲਗਪਗ 25 ਤੋਂ 40 ਕਰੋੜ ਵਾਲੇ ਮੱਧਵਰਗ ਤੇ ਲਗਪਗ 6.5 ਕਰੋੜ ਛੋਟੇ ਉੱਦਮ ਵਾਲੇ ਦੇਸ਼ ’ਚ ਦੋ-ਢਾਈ ਕਰੋੜ ਲੋਕਾਂ ਦੇ ਇਨਕਮ ਟੈਕਸ ਨਾਲ ਇਹ ਸਭ ਨਹੀਂ ਹੋ ਸਕਦਾ। ਕਰਜ਼ਾ ਚੁੱਕਣ ਨਾਲ ਮਹਿੰਗਾਈ ਵਧਣ ਦਾ ਖ਼ਤਰਾ ਪੈਦਾ ਹੁੰਦਾ ਹੈ ਤੇ ਜੀਐੱਸਟੀ ਨਾਲ ਮੰਗ ਘਟਦੀ ਹੈ ਤੇ ਅਰਥਚਾਰਾ ਸੁਸਤ ਪੈਂਦਾ ਹੈ।

# ਵੋਟਾਂ ਖ਼ਰੀਦਣ ਵਾਲੀ ਸਿਆਸਤ



**ਸੰਜੇ ਗੁਪਤ**

ਅੱਜ ਜਦ ਅਸੀਂ ਸਮਰੱਥ-ਸੰਪੰਨ ਭਾਰਤ ਦੇ ਨਿਰਮਾਣ ਦੀ ਬੁਨਿਆਦ ਰੱਖਣ ਵਾਲੇ ਸੰਵਿਧਾਨ ਦੇ ਲਾਗੂ ਹੋਣ ਦੀ 75ਵੀਂ ਵਰ੍ਹੇਗੰਢ ਮਨਾ ਰਹੇ ਹਾਂ ਤਦ ਇਹ ਦੇਖਣ ਨੂੰ ਮਿਲਣਾ ਠੀਕ ਨਹੀਂ ਕਿ ਸਾਡੀਆਂ ਸਿਆਸੀ ਪਾਰਟੀਆਂ ਬਿਨਾਂ ਸਿਰ-ਪੈਰ ਦੇ ਲੋਕ ਲੁਭਾਊ ਐਲਾਨ ਕਰ ਰਹੀਆਂ ਹਨ। ਅਜਿਹੇ ਐਲਾਨ ਇਸ ਤੋਂ ਬਾਅਦ ਵੀ ਕਰ ਰਹੀਆਂ ਹਨ ਕਿ ਇਨ੍ਹਾਂ ਨਾਲ ਨਵੇਂ ਭਾਰਤ ਦਾ ਨਿਰਮਾਣ ਕਰਨ ਵਾਲਾ ਹਕੀਕੀ ਵਿਕਾਸ ਨਹੀਂ ਹੋ ਪਾ ਰਿਹਾ ਹੈ। ਲੋਕ ਲੁਭਾਊ ਐਲਾਨ ਪਹਿਲਾਂ ਵੀ ਕੀਤੇ ਜਾਂਦੇ ਸਨ ਪਰ ਉਦੋਂ ਉਹ ਮੁਫ਼ਤ ਵਸਤਾਂ ਜਾਂ ਸੁਵਿਧਾਵਾਂ ਦੇਣ ਤੱਕ ਸੀਮਤ ਰਹਿੰਦੇ ਸਨ। ਹੁਣ ਤਾਂ ਮੁਫ਼ਤ ਸਹੂਲਤਾਂ ਦੇ ਨਾਲ-ਨਾਲ ਧਨ ਦੇਣ ਦੀਆਂ ਯੋਜਨਾਵਾਂ ਵੀ ਪੇਸ਼ ਕੀਤੀਆਂ ਜਾ ਰਹੀਆਂ ਹਨ।

ਅਜਿਹੀਆਂ ਯੋਜਨਾਵਾਂ ਵਿਚ ਪ੍ਰਮੁੱਖ ਹਨ ਮਹਿਲਾਵਾਂ ਨੂੰ ਹਰ ਮਹੀਨੇ ਇਕ ਨਿਸ਼ਚਤ ਰਕਮ ਦੇਣੀ। ਕਿਉਂਕਿ ਕੁਝ ਸੂਬਿਆਂ ਵਿਚ ਇਸ ਤਰ੍ਹਾਂ ਦੀਆਂ ਯੋਜਨਾਵਾਂ ਨੇ ਚੁਣਾਵੀ ਜਿੱਤ ਵਿਚ ਵੱਡੀ ਭੂਮਿਕਾ ਨਿਭਾਈ, ਇਸ ਲਈ ਦਿੱਲੀ ਵਿਚ ਜਿੱਥੇ ਭਾਜਪਾ ਅਤੇ ਕਾਂਗਰਸ ਨੇ ਮਹਿਲਾਵਾਂ ਨੂੰ 25-25 ਸੌ ਰੁਪਏ ਹਰ ਮਹੀਨੇ ਦੇਣ ਦਾ ਐਲਾਨ ਕੀਤਾ ਹੈ, ਓਥੇ ਹੀ ਆਮ ਆਦਮੀ ਪਾਰਟੀ (ਆਪ) ਨੇ 21 ਸੌ ਰੁਪਏ। ਦਿੱਲੀ ਇਕ ਅਜਿਹਾ ਰਾਜ ਹੈ ਜਿੱਥੇ ਸਰਕਾਰ ਦੀ ਆਮਦਨ ਖ਼ਰਚ ਨਾਲੋਂ ਜ਼ਿਆਦਾ ਹੈ। ਇਸੇ ਕਾਰਨ ਸਾਰੀਆਂ ਮੁੱਖ ਪਾਰਟੀਆਂ ਵਿਚ ਔਰਤਾਂ ਨੂੰ ਪ੍ਰਤੀ ਮਹੀਨਾ ਧਨ ਦੇਣ ਦੀ ਦੌੜ ਲੱਗੀ ਹੋਈ ਹੈ। ਦਿੱਲੀ ਵਿਚ ਕੁਝ ਹੋਰ ਲੋਕ ਲੁਭਾਊ ਐਲਾਨ ਕੀਤੇ ਗਏ ਹਨ। ਜਿਵੇਂ ਭਾਜਪਾ ਨੇ ਸੀਨੀਅਰ ਨਾਗਰਿਕਾਂ ਨੂੰ ਮਿਲਣ ਵਾਲੀ ਪੈਨਸ਼ਨ 2000 ਤੋਂ ਵਧਾ ਕੇ 2500 ਰੁਪਏ ਕਰਨ, ਗਰਭਵਤੀ ਔਰਤਾਂ ਨੂੰ 21 ਹਜ਼ਾਰ ਰੁਪਏ ਦੀ ਆਰਥਿਕ ਇਮਦਾਦ ਤੇ ਛੇ ਪੋਸ਼ਣ ਕਿੱਟਾਂ ਦੇ ਨਾਲ-ਨਾਲ ਹਰ ਗ਼ਰੀਬ ਪਰਿਵਾਰ ਦੀ ਮਹਿਲਾ ਨੂੰ 500 ਰੁਪਏ ਵਿਚ ਐੱਲਪੀਜੀ ਗੈਸ ਸਿਲੰਡਰ ਅਤੇ ਹੋਲੀ-ਦੀਵਾਲੀ 'ਤੇ ਇਕ-ਇਕ ਸਿਲੰਡਰ ਮੁਫ਼ਤ ਦੇਣ ਦਾ ਵਾਅਦਾ ਕੀਤਾ ਹੈ।

ਇਸ ਤੋਂ ਇਲਾਵਾ ਉਸ ਨੇ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਕੇਜੀ ਤੋਂ ਲੈ ਕੇ ਪੀਜੀ ਤੱਕ ਮੁਫ਼ਤ ਸਿੱਖਿਆ ਦੇਣ ਦੀ ਵੀ ਗੱਲ ਆਖੀ ਹੈ। ਮੁਫ਼ਤ ਬਿਜਲੀ, ਪਾਣੀ, ਇਲਾਜ, ਸਿੱਖਿਆ ਦੇ ਨਾਲ-ਨਾਲ ਮਹਿਲਾਵਾਂ ਨੂੰ ਮੁਫ਼ਤ ਬੱਸ ਸਫ਼ਰ, ਬਜ਼ੁਰਗਾਂ ਦੀ ਤੀਰਥ ਯਾਤਰਾ ਦੀ ਯੋਜਨਾ ਚਲਾ ਰਹੀ 'ਆਪ' ਨੇ ਹੁਣ ਬਜ਼ੁਰਗਾਂ ਦੇ ਇਲਾਜ ਦਾ ਪੂਰਾ ਖ਼ਰਚਾ ਦੇਣ, ਮੌਲਵੀਆਂ ਦੇ ਨਾਲ-ਨਾਲ ਪੁਜਾਰੀਆਂ-ਗ੍ਰੰਥੀਆਂ ਨੂੰ ਵੀ ਹਰ ਮਹੀਨੇ 18 ਹਜ਼ਾਰ ਰੁਪਏ ਦੀ ਸਨਮਾਨ ਰਾਸ਼ੀ ਪ੍ਰਦਾਨ ਕਰਨ, ਵਿਦਿਆਰਥੀਆਂ ਨੂੰ ਬੱਸਾਂ ਵਿਚ ਮੁਫ਼ਤ ਤੇ ਦਿੱਲੀ ਮੈਟਰੋ ਵਿਚ ਉਨ੍ਹਾਂ ਨੂੰ 50 ਫ਼ੀਸਦੀ ਛੋਟ ਦੇਣ ਦਾ ਵਾਅਦਾ ਵੀ ਕੀਤਾ ਹੈ।


ਕਾਂਗਰਸ ਨੇ ਵੀ 200 ਯੂਨਿਟ ਫ੍ਰੀ ਬਿਜਲੀ ਦੀ ਯੋਜਨਾ ਨੂੰ ਵਧਾ ਕੇ 300 ਯੂਨਿਟ ਕਰਨ ਦੇ ਨਾਲ-ਨਾਲ ਮਹਿਲਾਵਾਂ ਲਈ ਪਿਆਰੀ ਦੀਦੀ ਯੋਜਨਾ, ਨੌਜਵਾਨ ਵਰਗ ਲਈ ਯੁਵਾ ਉਡਾਨ ਯੋਜਨਾ ਅਤੇ ਮਹਿੰਗਾਈ ਮੁਕਤੀ ਯੋਜਨਾ ਲਿਆਉਣ ਦੇ ਨਾਲ-ਨਾਲ ਕਈ ਮੁਫ਼ਤ ਸਹੂਲਤਾਂ ਦੇਣ ਦਾ ਵਾਅਦਾ ਕੀਤਾ ਹੈ।

ਕੁੱਲ ਮਿਲਾ ਕੇ ਤਿੰਨੋਂ ਮੁੱਖ ਪਾਰਟੀਆਂ ਦੇ ਚੋਣ ਮਨੋਰਥ ਪੱਤਰਾਂ ਵਿਚ ਲੋਕ ਲੁਭਾਊ ਯੋਜਨਾਵਾਂ ਦੀ ਭਰਮਾਰ ਹੈ। ਇਹ ਸਹੀ ਹੈ ਕਿ ਦੇਸ਼ ਵਿਚ ਇਕ ਤਬਕਾ ਅਜਿਹਾ ਹੈ ਜਿਸ ਨੂੰ ਆਪਣੇ ਗੁਜ਼ਾਰੇ ਲਈ ਸਰਕਾਰੀ ਮਦਦ ਦੀ ਜ਼ਰੂਰਤ ਪੈਂਦੀ ਹੈ। ਇਸੇ ਕਾਰਨ ਆਜ਼ਾਦੀ ਤੋਂ ਬਾਅਦ ਤੋਂ ਹੀ ਵੱਖ-ਵੱਖ ਮਦਾਂ ਵਿਚ ਸਬਸਿਡੀ ਦਿੱਤੀ ਜਾ ਰਹੀ ਹੈ।

ਕੁਝ ਮਦਾਂ ਵਿਚ ਸਬਸਿਡੀ ਦੇਣੀ ਜ਼ਰੂਰਤ ਵੀ ਹੈ, ਜਿਵੇਂ ਕਿਸਾਨਾਂ ਨੂੰ ਸਸਤੇ ਭਾਅ 'ਤੇ ਬੀਅ, ਖਾਦ ਆਦਿ ਮਿਲਣੇ ਚਾਹੀਦੇ ਹਨ ਕਿਉਂਕਿ ਵਿਕਸਤ ਦੇਸ਼ ਵੀ ਅਜਿਹਾ ਕਰ ਰਹੇ ਹਨ। ਕਿਸਾਨਾਂ ਨੂੰ ਸਬਸਿਡੀ ਦੇਣਾ ਇਸ ਲਈ ਵੀ ਜ਼ਰੂਰੀ ਹੈ ਤਾਂ ਕਿ ਅਨਾਜ ਮਹਿੰਗੇ ਨਾ ਹੋ ਸਕਣ। ਭਾਰਤ ਦੀ ਤਰ੍ਹਾਂ ਵਿਸ਼ਵ ਦੇ ਜ਼ਿਆਦਾਤਰ ਦੇਸ਼ ਸਿੱਖਿਆ, ਸਿਹਤ, ਜਨਤਕ ਟਰਾਂਸਪੋਰਟ ਦੇ ਖੇਤਰ ਵਿਚ ਸਬਸਿਡੀ ਦਿੰਦੇ ਹਨ। ਇਕ ਕਲਿਆਣਕਾਰੀ ਰਾਜ ਨੂੰ ਅਜਿਹਾ ਕਰਨਾ ਵੀ ਚਾਹੀਦਾ ਹੈ। ਪੜ੍ਹਿਆ-ਲਿਖਿਆ ਅਤੇ ਸਿਹਤਮੰਦ ਸਮਾਜ ਦੇਸ਼ ਦੀ ਆਰਥਿਕ ਉੱਨਤੀ ਵਿਚ ਭਾਗੀਦਾਰ ਬਣਦਾ ਹੈ। ਭਾਰਤ ਵਿਚ ਕਿਉਂਕਿ ਵੱਡੀ ਗਿਣਤੀ ਵਿਚ ਗ਼ਰੀਬ ਹਨ।

ਇਸ ਲਈ ਉਨ੍ਹਾਂ ਨੂੰ ਰਿਆਇਤੀ ਭਾਅ 'ਤੇ ਅੰਨ ਮੁਹੱਈਆ ਕਰਵਾਇਆ ਜਾਣਾ ਚਾਹੀਦਾ ਹੈ ਪਰ ਗੱਲ ਉਦੋਂ ਵਿਗੜਨ ਲੱਗਦੀ ਹੈ ਜਦ ਸਿਰਫ਼ ਚੁਣਾਵੀ ਜਿੱਤ ਦੇ ਇਰਾਦੇ ਨਾਲ ਲੋਕਾਂ ਨੂੰ ਲੋਕ ਲੁਭਾਊ ਯੋਜਨਾਵਾਂ ਨਾਲ ਲਲਚਾਇਆ ਜਾਵੇ ਅਤੇ ਇਸ ਕ੍ਰਮ ਵਿਚ ਬੈਂਕ ਕਰਜ਼ਾ ਮਾਫ਼ ਕਰਨ ਵਰਗੇ ਕਦਮ ਚੁੱਕੇ ਜਾਣ। ਅਜਿਹੇ ਕਦਮ ਕੇਂਦਰ ਤੇ ਸੂਬਾ ਸਰਕਾਰਾਂ ਦੇ ਖਜ਼ਾਨਿਆਂ ਦਾ ਕਬਾੜਾ ਕਰਨ ਲੱਗਦੇ ਹਨ। ਹਕੀਕਤ ਇਹ ਵੀ ਹੈ ਕਿ ਅਜਿਹੇ ਕਦਮ ਮੁਫ਼ਤਖੋਰੀ ਵਧਾਉਂਦੇ ਹਨ ਅਤੇ ਲੋਕਾਂ ਨੂੰ ਆਤਮ-ਨਿਰਭਰ ਬਣਨ ਤੋਂ ਰੋਕਦੇ ਹਨ।

ਕਈ ਅਧਿਐਨ ਇਹ ਦੱਸਦੇ ਹਨ ਕਿ ਖੇਤੀ ਕਰਜ਼ਾ ਮਾਫ਼ੀ ਨਾਲ ਨਾ ਤਾਂ ਕਿਸਾਨਾਂ ਦਾ ਭਲਾ ਹੁੰਦਾ ਹੈ ਅਤੇ ਨਾ ਹੀ ਖੇਤੀ ਦਾ, ਪਰ ਰਾਜਨੀਤਕ ਪਾਰਟੀਆਂ ਖੇਤੀ ਕਰਜ਼ਾ ਮਾਫ਼ ਕਰਨ ਦਾ ਐਲਾਨ ਕਰਦੀਆਂ ਹੀ ਰਹਿੰਦੀਆਂ ਹਨ। ਮੁਫ਼ਤਖੋਰੀ ਵਾਲੀਆਂ ਯੋਜਨਾਵਾਂ ਦਾ ਖ਼ਰਚਾ ਕਿਤੇ ਨਾ ਕਿਤੇ ਅਰਥਚਾਰੇ 'ਤੇ ਬੁਰਾ ਅਸਰ ਪਾਉਂਦਾ ਹੈ ਕਿਉਂਕਿ ਸਰਕਾਰਾਂ ਨੂੰ ਆਪਣੀਆਂ ਇਨ੍ਹਾਂ ਯੋਜਨਾਵਾਂ ਨੂੰ ਪੂਰਾ ਕਰਨ ਲਈ ਹੋਰ ਵਸਤਾਂ ਜਾਂ ਸਹੂਲਤਾਂ ਨੂੰ ਮਹਿੰਗਾ ਕਰਨਾ ਪੈਂਦਾ ਹੈ। ਮੁਫ਼ਤ ਵਾਲੇ ਪ੍ਰਾਜੈਕਟਾਂ ਦੀ ਕੀਮਤ ਲੋਕਾਂ ਨੂੰ ਹੀ ਤਾਰਨੀ ਪੈਂਦੀ ਹੈ।



ਇਕ ਸਮੇਂ ਪ੍ਰਧਾਨ ਮੰਤਰੀ ਮੋਦੀ ਨੇ ਰਿ ੜੀ ਸੰਸਕ੍ਰਿਤੀ ਨੂੰ ਲੈ ਕੇ ਦੇਸ਼ ਨੂੰ ਆਗਾਹ ਕੀਤਾ ਸੀ ਪਰ ਉਸ ਦਾ ਸਿਆਸੀ ਪਾਰਟੀਆਂ 'ਤੇ ਕੋਈ ਅਸਰ ਨਾ ਹੋਇਆ ਅਤੇ ਹੁਣ ਇਹ ਦੇਖਣ ਨੂੰ ਮਿਲ ਰਿਹਾ ਹੈ ਕਿ ਖ਼ੁਦ ਭਾਜਪਾ ਵੀ ਅਜਿਹੇ ਐਲਾਨ ਕਰਨ ਲਈ ਮਜਬੂਰ ਹੈ ਕਿਉਂਕਿ ਉਨ੍ਹਾਂ ਦੀ ਅਣਹੋਂਦ ਵਿਚ ਚੋਣਾਂ ਵਿਚ ਹਾਰ ਦਾ ਮੂੰਹ ਦੇਖਣ ਦਾ ਖ਼ਤਰਾ ਹੈ। ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਸਿਆਸੀ ਪਾਰਟੀਆਂ ਦੀ ਇਹ ਕਿੰਨੀ ਵੱਡੀ ਮਜਬੂਰੀ ਬਣ ਗਈ ਹੈ ਕਿ ਉਹ ਲੋਕ ਲੁਭਾਊ ਚੁਣਾਵੀ ਐਲਾਨ ਜ਼ਰੂਰ ਕਰਨ। ਨਹੀਂ ਤਾਂ ਹਾਰ ਦਾ ਮੂੰਹ ਦੇਖਣਾ ਪਵੇਗਾ। ਕੁਝ ਵੀ ਹੋਵੇ, ਇਸ ਵਰਤਾਰੇ ਨੂੰ ਹਾਂ-ਪੱਖੀ ਬਿਲਕੁਲ ਵੀ ਨਹੀਂ ਕਿਹਾ ਜਾ ਸਕਦਾ।

ਇਹ ਵੀ ਸਾਫ਼ ਦੇਖਣ ਨੂੰ ਮਿਲ ਰਿਹਾ ਹੈ ਕਿ ਮੁਫ਼ਤ ਜਾਂ ਰਿਆਇਤੀ ਸੁਵਿਧਾਵਾਂ ਵਧਾਉਂਦੇ ਜਾਣ ਨਾਲ ਬੁਨਿਆਦੀ ਸਹੂਲਤਾਂ ਦੀ ਗੁਣਵੱਤਾ ਪ੍ਰਭਾਵਤ ਹੋ ਰਹੀ ਹੈ। ਕੀ ਇਹ ਕਿਹਾ ਜਾ ਸਕਦਾ ਹੈ ਕਿ ਸਰਕਾਰੀ ਸਕੂਲਾਂ, ਹਸਪਤਾਲਾਂ ਜਾਂ ਜਨਤਕ ਟਰਾਂਸਪੋਰਟ ਦੀ ਵਿਵਸਥਾ ਲੋਕਾਂ ਦੀਆਂ ਉਮੀਦਾਂ 'ਤੇ ਖ਼ਰੀ ਉਤਰ ਪਾ ਰਹੀ ਹੈ? ਇਹ ਠੀਕ ਹੈ ਕਿ ਆਮ ਤੌਰ 'ਤੇ ਪੁਰਸ਼ਾਂ 'ਤੇ ਨਿਰਭਰ ਰਹਿਣ ਵਾਲੀਆਂ ਔਰਤਾਂ ਕੋਲ ਧਨ ਜਾਣ ਨਾਲ ਉਨ੍ਹਾਂ ਦਾ ਆਤਮ-ਸਨਮਾਨ ਵਧਦਾ ਹੈ ਪਰ ਕੀ ਇਹ ਉਚਿਤ ਨਹੀਂ ਹੋਵੇਗਾ ਕਿ ਉਨ੍ਹਾਂ ਨੂੰ ਪੈਰਾਂ 'ਤੇ ਖੜ੍ਹਾ ਕਰਨ ਵਾਲੀਆਂ ਜੋ ਯੋਜਨਾਵਾਂ ਲਿਆਂਦੀਆਂ ਜਾਣ ਅਤੇ ਜੋ ਅਜਿਹੀਆਂ ਯੋਜਨਾਵਾਂ ਪਹਿਲਾਂ ਤੋਂ ਚੱਲ ਰਹੀਆਂ ਹਨ, ਉਨ੍ਹਾਂ ਨੂੰ ਅਸਰਦਾਰ ਬਣਾਇਆ ਜਾਵੇ? ਅਜਿਹਾ ਕਰਨ ਨਾਲ ਸਮਾਜ ਦੇ ਨਾਲ-ਨਾਲ ਦੇਸ਼ ਦੀ ਵੀ ਆਰਥਿਕ ਸਥਿਤੀ ਸੁਧਰੇਗੀ।

ਸਿਆਸੀ ਪਾਰਟੀਆਂ ਇਸ ਤੋਂ ਅਣਜਾਣ ਨਹੀਂ ਹੋ ਸਕਦੀਆਂ ਕਿ ਜੋ ਸੂਬੇ ਸਿੱਧੇ ਧਨ ਜਾਂ ਮੁਫ਼ਤ ਸਹੂਲਤਾਂ ਦੇਣ ਦੀਆਂ ਯੋਜਨਾਵਾਂ ਲਿਆਉਂਦੇ ਹਨ, ਉਨ੍ਹਾਂ 'ਚੋਂ ਕਈਆਂ ਨੂੰ ਉਨ੍ਹਾਂ ਨੂੰ ਪੂਰਾ ਕਰਨਾ ਮੁਸ਼ਕਲ ਹੁੰਦਾ ਹੈ। ਕੁਝ ਤਾਂ ਉਨ੍ਹਾਂ ਨੂੰ ਅੱਧੇ-ਅਧੂਰੇ ਤਰੀਕੇ ਨਾਲ ਲਾਗੂ ਕਰਨ ਜਾਂ ਫਿਰ ਉਨ੍ਹਾਂ ਵਿਚ ਦੇਰੀ ਕਰਨ ਲਈ ਮਜਬੂਰ ਹੋ ਜਾਂਦੇ ਹਨ।

ਇੰਨਾ ਹੀ ਨਹੀਂ, ਉਹ ਆਰਥਿਕ ਸੰਕਟ ਨਾਲ ਵੀ ਘਿਰ ਜਾਂਦੇ ਹਨ। ਦਿੱਲੀ ਆਰਥਿਕ ਪੱਖੋਂ ਸਮਰੱਥ ਰਾਜ ਜ਼ਰੂਰ ਹੈ ਪਰ ਕੀ ਇਹ ਕਿਸੇ ਤੋਂ ਛੁਪਿਆ ਹੈ ਕਿ ਇਸ ਤੋਂ ਬਾਅਦ ਵੀ ਰਾਜਧਾਨੀ ਕਈ ਬੁਨਿਆਦੀ ਸਮੱਸਿਆਵਾਂ ਨਾਲ ਜੂਝ ਰਹੀ ਹੈ?

ਕਈ ਇਲਾਕਿਆਂ ਵਿਚ ਲੋਕਾਂ ਨੂੰ ਸਾਫ਼ ਪੀਣ ਵਾਲਾ ਪਾਣੀ ਵੀ ਨਹੀਂ ਮਿਲ ਪਾ ਰਿਹਾ ਹੈ। ਆਖ਼ਰ ਉਮੀਦ ਮੁਤਾਬਕ ਖ਼ੁਸ਼ਹਾਲ ਦਿੱਲੀ ਦੇ ਲੋਕਾਂ ਨੂੰ ਮੁਫ਼ਤ ਸਹੂਲਤਾਂ ਦੇਣ ਦੀ ਜ਼ਰੂਰਤ ਕਿਉਂ ਪੈ ਰਹੀ ਹੈ? ਕੀ ਇਹ ਚੰਗਾ ਨਹੀਂ ਹੁੰਦਾ ਕਿ ਮੁਫ਼ਤ ਦੀਆਂ ਰਿ ੜੀਆਂ ਵੰਡਣ ਦੀ ਥਾਂ ਰੁਜ਼ਗਾਰ ਦੇ ਮੌਕੇ ਵਧਾਏ ਜਾਂਦੇ, ਕਾਰੋਬਾਰੀ ਹਾਲਾਤ ਸੁਧਾਰੇ ਜਾਣ ਦਾ ਵਾਅਦਾ ਕੀਤਾ ਜਾਂਦਾ ਅਤੇ ਜਨਤਕ ਸਹੂਲਤਾਂ ਨੂੰ ਪਾਏਦਾਰ ਬਣਾਉਣ ਵੱਲ ਕਦਮ ਪੁੱਟਣ ਦਾ ਤਹੱਈਆ ਕੀਤਾ ਜਾਂਦਾ। ਬਦਕਿਸਮਤੀ ਨਾਲ ਅਜਿਹਾ ਨਹੀਂ ਕੀਤਾ ਜਾ ਰਿਹਾ ਹੈ। ਇਹ ਦੇਸ਼ ਤੇ ਸਮਾਜ ਦੀ ਉੱਨਤੀ ਨਾਲ ਵੱਡਾ ਖਿਲਵਾੜ ਹੈ। ਬਿਹਤਰ ਹੋਵੇਗਾ ਕਿ ਰਾਜਨੀਤਕ ਪਾਰਟੀਆਂ ਆਪਣੇ ਲੋਕ ਲੁਭਾਊ ਐਲਾਨਾਂ 'ਤੇ ਫਿਰ ਤੋਂ ਵਿਚਾਰ ਕਰਨ ਕਿਉਂਕਿ ਸਾਡੇ ਸੰਵਿਧਾਨ ਘਾੜਿਆਂ ਨੇ ਕਦੇ ਨਹੀਂ ਸੋਚਿਆ ਹੋਵੇਗਾ ਕਿ ਦੇਸ਼ ਦੇ ਨੇਤਾ ਬੁਨਿਆਦੀ ਸਹੂਲਤਾਂ ਦੀ ਗੁਣਵੱਤਾ ਵਧਾਉਣ ਦੀ ਥਾਂ ਇਕ ਤਰ੍ਹਾਂ ਨਾਲ ਵੋਟਾਂ ਖ਼ਰੀਦਣ ਦਾ ਕੰਮ ਕਰਨਗੇ।

# ਅਕਾਲ ਤਖ਼ਤ, ਤਨਖ਼ਾਹ ਅਤੇ ਸਨਮਾਨ

**ਡਾ. ਰੂਪ ਸਿੰਘ**

ਸਮੇਂ-ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤੇ ਗਏ ਹੁਕਮਨਾਮਿਆਂ ਤੇ ਆਦੇਸ਼ਾਂ ਦਾ ਅਧਿਐਨ ਕਰਨ 'ਤੇ ਮੇਰਾ ਇਹ ਦ੍ਰਿੜ੍ਹ ਵਿਸ਼ਵਾਸ ਬਣ ਗਿਆ ਹੈ ਕਿ ਸਿੱਖ ਸਦਵਾਉਣ ਵਾਲੇ ਨੂੰ ਇਕ ਨਾ ਇਕ ਦਿਨ, ਕਿਸੇ ਨਾ ਕਿਸੇ ਰੂਪ 'ਚ 'ਗੁਰੂ-ਪੰਥ' ਦੀ ਸਰਬਉਚਤਾ ਸਵੀਕਾਰ ਕਰਦਿਆਂ ਸਮਰਪਣ ਕਰਨਾ ਹੀ ਪੈਂਦਾ ਹੈ। ਕਈ ਵਾਰ ਮਨੁੱਖ ਹੰਕਾਰ ਵਸ ਮਹਿਸੂਸ ਕਰਦਾ ਹੈ ਕਿ ਮੇਰਾ ਤਾਂ ਗੁਜ਼ਾਰਾ ਹੋ ਹੀ ਜਾਣਾ ਹੈ, ਮੈਨੂੰ ਕਿਸੇ ਦੀ ਕੀ ਪਰਵਾਹ ਪਰ ਸਮੇਂ ਦੇ ਨਾਲ ਹਰ ਮਨੁੱਖ ਆਤਮਿਕ ਤੇ ਸਮਾਜਿਕ ਤੌਰ 'ਤੇ ਟੁੱਟਿਆ ਹੋਇਆ ਇਕੱਲਤਾ ਮਹਿਸੂਸ ਕਰਦਾ ਹੈ। ਇਕੱਲਤਾ ਮਨੋਰੋਗ ਦਾ ਕਾਰਨ ਬਣਦੀ ਹੈ।

ਜੇ ਇਤਿਹਾਸ ਨੂੰ ਵੇਖਿਆ ਜਾਵੇ ਤਾਂ ਇਹ ਸੱਚ ਪ੍ਰਗਟ ਹੁੰਦਾ ਹੈ। ਬੇਦਖ਼ਲ ਕੀਤਾ ਵਿਅਕਤੀ ਜਾਂ ਉਸ ਦਾ ਪਰਿਵਾਰ ਇਸ ਬੋਝ ਨੂੰ ਉਤਾਰਨ ਪ੍ਰਤੀ ਯਤਨਸ਼ੀਲ ਹੁੰਦਾ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ, 'ਗੁਰੂ-ਪੰਥ' ਨੂੰ ਸਮਰਪਿਤ ਹੋਣਾ ਸਰੀਰਕ ਤੇ ਆਤਮਿਕ ਸੁੱਖ ਦਾ ਸਾਧਨ ਹੈ। ਗੁਰੂ ਸਾਹਿਬਾਨ ਦੇ ਸਮੇਂ ਤੇ ਬਾਅਦ ਦੇ ਇਤਿਹਾਸਕ ਤੌਰ 'ਤੇ ਅਜਿਹੇ ਹਵਾਲੇ ਹਨ ਜਿਨ੍ਹਾਂ 'ਚ 'ਰਾਏ ਸੱਤੇ ਬਲਵੰਡ' ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ ਮਿਲਦਾ ਹੈ। ਪਰ ਇਕ ਗੱਲ ਸਪਸ਼ਟ ਹੈ ਕਿ ਸਬੰਧਤ ਵਿਅਕਤੀਆਂ ਦਾ ਸਮਾਜਿਕ, ਭਾਈਚਾਰਕ ਬਾਈਕਾਟ ਹੁੰਦਾ ਹੈ। ਕਿਸੇ ਵਿਅਕਤੀ ਨੂੰ ਸਬੰਧਤ ਧਰਮ 'ਚੋਂ ਖ਼ਾਰਜ ਨਹੀਂ ਕੀਤਾ ਜਾ ਸਕਦਾ, ਸਬੰਧਤ ਜਮਾਤ-ਸਮਾਜ 'ਚੋਂ ਤਾਂ ਛੇਕਿਆ ਜਾ ਸਕਦਾ ਹੈ। ਜੇ ਕਿਸੇ ਦੇ ਬਣ ਕੇ ਰਹੀਏ ਤਾਂ ਸਾਨੂੰ ਮਾਣ-ਸਤਿਕਾਰ ਵੀ ਮਿਲਦਾ ਹੈ। ਜੇ ਅਸੀਂ 'ਗੁਰੂ ਗ੍ਰੰਥ-ਗੁਰੂ ਪੰਥ' ਦੇ ਬਣ ਕੇ ਜੀਵਨ ਗੁਜ਼ਾਰ ਸਕਾਂਗੇ ਤਾਂ ਗੁਰੂ ਵੀ ਹਮੇਸ਼ਾ ਸਾਡੀ ਬਹੁੜੀ ਕਰੇਗਾ। ਮਨੁੱਖ ਸੁਭਾਅ ਕਰਕੇ ਭੁੱਲਣਹਾਰ ਹੈ। ਔਲਾਦ ਜਿੰਨੇ ਵੀ ਅਪਰਾਧ ਕਰਦੀ ਹੈ, ਮਾਂ-ਬਾਪ ਉਨ੍ਹਾਂ ਨੂੰ ਮਾਫ਼ ਕਰ ਦੇਂਦੇ ਹਨ। ਗੁਰਬਾਣੀ ਦਾ ਪਾਵਨ ਕਥਨ ਹੈ : ਸੁਤ ਅਪਰਾਧ ਕਰਤ ਹੈ ਜੇਤੇ॥ ਜਨਨੀ ਚੀਤ ਨ ਰਾਖਸਿ ਤੇਤ॥

ਆਮ ਕਰਕੇ ਕਿਹਾ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਥਾਪਤ ਪੰਥਕ ਧਿਰ ਅਨੁਸਾਰ ਫ਼ੈਸਲੇ ਹੁੰਦੇ ਹਨ ਪਰ ਇਹ ਅੰਤਿਮ ਸੱਚ ਨਹੀਂ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥ ਰਤਨ ਮਾਸਟਰ ਤਾਰਾ ਸਿੰਘ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਸਮੁੱਚੀ ਕਾਰਜਕਾਰਨੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤਨਖ਼ਾਹ ਲੱਗ ਚੁੱਕੀ ਹੈ। ਕੇਂਦਰੀ ਮੰਤਰੀ ਬੂਟਾ ਸਿੰਘ, ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ, ਉੱਘੇ ਸਿੱਖ ਵਿਦਵਾਨ ਡਾ. ਪਿਆਰ ਸਿੰਘ ਤੇ ਡਾ. ਪਿਸ਼ੌਰਾ ਸਿੰਘ ਆਦਿ ਨੇ ਲੱਗੀ ਤਨਖ਼ਾਹ-ਸੇਵਾ ਖ਼ੁਸ਼ੀ-ਖ਼ੁਸ਼ੀ ਪ੍ਰਵਾਨ ਕੀਤੀ। ਗੁਰੂ ਪੰਥ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰੂਘਰ ਤੋਂ ਵਰੋਸਾਈਆਂ ਸ਼ਖ਼ਸੀਅਤਾਂ ਨੂੰ ਸਨਮਾਨ-ਸਤਿਕਾਰ ਦੇਣ ਦੀ ਮਰਯਾਦਾ ਤੇ ਪਰੰਪਰਾ ਵੀ ਬਹੁਤ ਪੁਰਾਣੀ ਹੈ। ਸਮੇਂ-ਸਮੇਂ ਸਿੱਖ ਵਿਦਵਾਨਾਂ, ਇਤਿਹਾਸਕਾਰਾਂ, ਲੇਖਕਾਂ, ਪੰਥ ਸੇਵਕਾਂ ਆਦਿ ਨੂੰ ਸਨਮਾਨ ਦਿੱਤਾ ਜਾਂਦਾ ਰਿਹਾ ਹੈ। ਇਤਿਹਾਸਕ ਤੌਰ 'ਤੇ ਮਿਲਦੇ ਹਵਾਲਿਆਂ ਅਨੁਸਾਰ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਮਹਾ ਕਵੀ ਭਾਈ ਸੰਤੋਖ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਨਮਾਨ-ਸਤਿਕਾਰ ਦੀ ਬਖ਼ਸ਼ਿਸ਼ ਹੋਈ ਹੈ। ਪੰਥ ਰਤਨ ਮਾਸਟਰ ਤਾਰਾ ਸਿੰਘ ਨੇ ਬਹੁਤ ਲੰਬਾ ਸਮਾਂ ਕੌਮ ਦੀ ਅਗਵਾਈ ਵੱਖ-ਵੱਖ ਪਦਵੀਆਂ 'ਤੇ ਬਿਰਾਜਮਾਨ ਹੋ ਕੇ ਕੀਤੀ। ਗੁਰੂ-ਪੰਥ ਨੂੰ ਉਹ ਰੋਮ-ਰੋਮ ਤੋਂ ਸਮਰਪਿਤ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਉਨ੍ਹਾਂ ਨੂੰ ਧਾਰਮਿਕ ਸੇਵਾ ਵੀ ਲਾਈ ਗਈ। ਉਨ੍ਹਾਂ ਦੇ ਨਾਂ ਨਾਲ 'ਪੰਥ ਰਤਨ' ਸ਼ਬਦ ਪੱਕੇ ਤੌਰ 'ਤੇ ਜੁੜ ਚੁੱਕਾ ਹੈ ਪਰ ਇਸ ਬਾਰੇ ਲਿਖਤੀ ਵੇਰਵਾ ਪ੍ਰਾਪਤ ਨਹੀਂ। ਸਿਰਦਾਰ ਕਪੂਰ ਸਿੰਘ ਜੀ ਇੱਕੋ-ਇੱਕ ਸਿੱਖ ਸ਼ਖ਼ਸੀਅਤ ਸਨ ਜਿਨ੍ਹਾਂ ਨੂੰ 'ਨੈਸ਼ਨਲ ਪ੍ਰੋਫੈਸਰ ਆਫ ਸਿੱਖਇਜ਼ਮ' ਦੀ ਉਪਾਧੀ 13 ਅਕਤੂਬਰ 1973 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਾਪਤ ਹੋਈ। ਪ੍ਰਾਪਤ ਵੇਰਵਿਆਂ ਅਨੁਸਾਰ ਪੰਥ ਦੇ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ 4 ਜੂਨ 1927, ਭਾਈ ਰਣਧੀਰ ਸਿੰਘ 15 ਸਤੰਬਰ, 1931, ਹਰਿਭਜਨ ਸਿੰਘ ਯੋਗੀ (ਭਾਈ ਸਾਹਿਬ) 13 ਜੁਲਾਈ, 1974, ਸਰਦਾਰ ਦੀਦਾਰ ਸਿੰਘ ਬੈਂਸ (ਭਾਈ ਸਾਹਿਬ) 18 ਜਨਵਰੀ, 1984, ਜਥੇਦਾਰ ਗੁਰਚਰਨ ਸਿੰਘ ਟੌਹੜਾ, (ਪੰਥ ਰਤਨ) ਗਿਆਨੀ ਸੰਤ ਸਿੰਘ ਮਸਕੀਨ (ਗੁਰਮਤਿ ਮਾਰਤੰਡ) 27 ਮਾਰਚ, 2005 ਅਕਾਲ ਚਲਾਣੇ ਉਪਰੰਤ, ਡਾ। ਰਘਬੀਰ ਸਿੰਘ ਬੈਂਸ, ਕੈਨੇਡਾ (ਸਿੱਖ ਸਕਾਲਰ ਆਫ ਕੰਪਿਊਟਰਏਜ) 10 ਜਨਵਰੀ, 2006, ਭਾਈ ਜਸਵੀਰ ਸਿੰਘ ਖ਼ਾਲਸਾ (ਪੰਥ ਰਤਨ) 4 ਅਗਸਤ 2007 ਅਕਾਲ ਚਲਾਣੇ ਉਪਰੰਤ, ਬਾਬਾ ਨਿਹਾਲ ਸਿੰਘ ਮੁਖੀ ਤਰਨਾ ਦਲ 29 ਮਾਰਚ, 2008, ਗੁਰੂ ਨਾਨਕ ਨਿਸ਼ਕਾਮ ਸੇਵਕ ਜਥੇ ਦੇ ਆਗੂ ਭਾਈ ਮਹਿੰਦਰ ਸਿੰਘ 11 ਅਪ੍ਰੈਲ, 2011, ਸ਼ਰਨ ਸਿੰਘ ਆਈਏਐੱਸ (ਸ਼੍ਰੋਮਣੀ ਸਿੱਖ ਲੇਖਕ) ਤੇ ਸ। ਕਰਤਾਰ ਸਿੰਘ ਠੁਕਰਾਲ (ਸ਼੍ਰੋਮਣੀ ਸਿੱਖ ਸੇਵਕ) 8 ਅਕਤੂਬਰ, 2011, ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ (ਸ਼੍ਰੋਮਣੀ ਪੰਥਕ ਰਾਗੀ) ਤੇ ਕਥਾ ਵਾਚਕ ਭਾਈ ਪਿੰਦਰਪਾਲ ਸਿੰਘ ਜੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ(ਸੇਵਾ ਰਤਨ ਡਾ. ਕਿਰਪਾਲ ਸਿੰਘ ਚੰਡੀਗੜ੍ਹ (ਪ੍ਰੋਫੈਸਰ ਆਫ ਸਿੱਖਇਜ਼ਮ) 21 ਜਨਵਰੀ, 2014, ਭਾਈ ਗੁਰਮੇਜ ਸਿੰਘ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ, (ਸਿੱਖ ਰਤਨ) 17 ਫਰਵਰੀ, 2014 ਆਦਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਨਮਾਨ ਪ੍ਰਾਪਤ ਕਰਨ ਵਾਲਿਆਂ ਵਿਚ ਸ਼ਾਮਲ ਹਨ। 'ਸ਼੍ਰੋਮਣੀ ਅਕਾਲੀ ਦਲ' ਦੇ ਰਾਜ ਕਾਲ ਸਮੇਂ ਹੀ ਭਾਈ ਰਣਜੀਤ ਸਿੰਘ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ (ਮਾਰਚ, 1999 ਈ।) ਮੁਅੱਤਲ ਕਰ ਕੇ ਗਿਆਨੀ ਪੂਰਨ ਸਿੰਘ ਮੁੱਖ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ ਨੂੰ 'ਪੰਥ' ਵੱਲੋਂ ਪਹਿਲਾਂ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਲਾਇਆ ਗਿਆ, ਫਿਰ ਉਨ੍ਹਾਂ ਨੂੰ ਹਟਾ ਕੇ ਉਨ੍ਹਾਂ ਵੱਲੋਂ ਜਾਰੀ ਕੀਤੇ 'ਹੁਕਮਨਾਮੇ' (29 ਮਾਰਚ, 2000) ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 'ਅਣਉਚਿਤ' ਕਰਾਰ ਦਿੱਤੇ ਗਏ ਜੋ ਜਥੇਦਾਰ ਦੇ ਰੁਤਬੇ ਦਾ ਸਤਿਕਾਰ ਨਹੀਂ ਕਿਹਾ ਜਾ ਸਕਦਾ।

ਪ੍ਰੋ। ਦਰਸ਼ਨ ਸਿੰਘ ਅਜਿਹੀ ਪਹਿਲੀ ਸਿੱਖ ਸ਼ਖ਼ਸੀਅਤ ਹਨ ਜਿਨ੍ਹਾਂ ਨੂੰ ਕੌਮ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦੋ ਵਾਰ ਜਥੇਦਾਰ ਹੋਣ ਦਾ ਮਾਣ ਬਖ਼ਸ਼ਿਸ਼ ਕੀਤਾ। ਪ੍ਰੋ. ਦਰਸ਼ਨ ਸਿੰਘ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਆਦਿ ਨੂੰ ਸਿੱਖ ਸਿਧਾਂਤਾਂ, ਮਰਯਾਦਾ ਤੇ ਪਰੰਪਰਾ ਵਿਰੁੱਧ ਕਾਰਵਾਈਆਂ ਕਰਨ ਕਰਕੇ ਪਹਿਲਾਂ (5 ਦਸੰਬਰ, 2009) ਤਨਖ਼ਾਹੀਆ ਕਰਾਰ ਦਿੱਤਾ ਗਿਆ ਤੇ ਫਿਰ ਪੰਥ 'ਚੋਂ (29 ਜਨਵਰੀ, 2010) ਖ਼ਾਰਜ ਕਰ ਦਿੱਤਾ ਗਿਆ। 'ਗੁਰੂ ਗ੍ਰੰਥ-ਗੁਰੂ ਪੰਥ' ਦੇ ਸਿਧਾਂਤ ਨੂੰ ਸਮਰਪਿਤ ਹੁੰਦਿਆਂ ਪ੍ਰਕਾਸ਼ ਸਿੰਘ ਬਾਦਲ 5 ਜੂਨ 2003 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੇ ਸਨਮੁਖ ਹਾਜ਼ਰ ਹੋਏ ਸਨ। ਸ਼੍ਰੋਮਣੀ ਅਕਾਲੀ ਦਲ ਦੀ ਲੰਮੇਰਾ ਸਮਾਂ ਪ੍ਰਧਾਨ ਵਜੋਂ ਸੇਵਾ ਕਰ ਚੁੱਕੇ ਪ੍ਰਕਾਸ਼ ਸਿੰਘ ਬਾਦਲ ਸਰਪ੍ਰਸਤ ਸ਼੍ਰੋਮਣੀ ਅਕਾਲੀ ਦਲ ਤੇ ਮੁੱਖ ਮੰਤਰੀ ਪੰਜਾਬ ਦੀਆਂ ਸੇਵਾਵਾਂ ਦਾ ਸਤਿਕਾਰ ਕਰਦਿਆਂ 5 ਦਸੰਬਰ 2011 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਉਨ੍ਹਾਂ ਨੂੰ 'ਪੰਥ ਰਤਨ-ਫ਼ਖ਼ਰ-ਏ-ਕੌਮ' ਦੀ ਉਪਾਧੀ ਬਖ਼ਸ਼ਿਸ਼ ਕੀਤੀ ਗਈ।

ਪਰ ਮੇਰੀ ਜਾਣਕਾਰੀ ਅਨੁਸਾਰ ਪ੍ਰਕਾਸ਼ ਸਿੰਘ ਬਾਦਲ ਹੀ ਪਹਿਲੀ ਸਿੱਖ ਸ਼ਖ਼ਸੀਅਤ ਹਨ ਜਿਨ੍ਹਾਂ ਤੋਂ ਮਰਨ ਉਪਰੰਤ 2015 ਈ। 'ਚ ਰਾਜ-ਭਾਗ ਸਮੇਂ ਵਾਪਰੇ 'ਬੇ-ਅਦਬੀ ਮਾਮਲਿਆਂ' ਕਾਰਨ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਫ਼ਖ਼ਰ-ਏ-ਕੌਮ' ਦੀ ਉਪਾਧੀ ਵਾਪਸ ਲਈ ਗਈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰੂ-ਪੰਥ ਵੱਲੋਂ ਸਨਮਾਨ-ਸਤਿਕਾਰ ਰੂਪੀ ਸਿਰੋਪਾਓ ਦੀ ਬਖ਼ਸ਼ਿਸ਼ ਪ੍ਰਾਪਤ ਵਿਅਕਤੀ ਦੀ 'ਗੁਰੂ ਗ੍ਰੰਥ-ਗੁਰੂ ਪੰਥ' ਤੇ ਕੌਮ ਪ੍ਰਤੀ ਜ਼ਿੰਮੇਵਾਰੀ 'ਚ ਓੜਕਾਂ ਦਾ ਵਾਧਾ ਹੋ ਜਾਂਦਾ ਹੈ। ਸਮਰਪਣ ਭਾਵਨਾ ਕੇਵਲ ਸੇਵਕ ਰੂਪ 'ਚ ਹੀ ਸਫਲੀ ਹੋ ਸਕਦੀ ਹੈ ਜੋ ਗੁਰੂ ਮਿਹਰ ਦੀ ਪ੍ਰਤੀਕ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਸਮਰਪਣ 'ਚ ਹੀ ਸੁਤੰਤਰਤਾ ਤੇ ਰੂਹਾਨੀਅਤ ਹੈ।

ਰੂਹਾਨੀਅਤ ਦਾ ਕਿਣਕਾ ਸਿਰਪਾਓ ਰੂਪ ਵਿਚ ਪ੍ਰਾਪਤ ਕਰ ਕੇ ਸਿੱਖ ਨਵਾਬੀਆਂ ਨੂੰ ਠੋਕਰਾਂ ਮਾਰਦਾ ਹੋਇਆ ਨਿੱਤ ਅਰਦਾਸ ਕਰਦਾ ਹੈ ਕਿ ਸੱਚੇ ਪਾਤਸ਼ਾਹ, ਮੇਰਾ ਸਿੱਖੀ ਸਿਦਕ, ਭਰੋਸਾ ਕੇਸਾਂ-ਸਵਾਸਾਂ ਨਾਲ ਨਿਭ ਸਕੇ, ਇਤਨੀ ਸ਼ਕਤੀ ਦੀ ਬਖ਼ਸ਼ਿਸ਼ ਸਤਿਗੁਰੂ ਤੁਸੀਂ ਕਰ ਦਿਉ। ਅਰਦਾਸ ਦੇ ਇਨ੍ਹਾਂ ਬੋਲਾਂ 'ਚ ਸਮਰਪਣ, ਨਿਮਰਤਾ, ਸਵੈ-ਵਿਸ਼ਵਾਸ ਤੇ ਭਰੋਸਾ ਵੀ ਭਰਪੂਰ ਹੈ।

ਦਾਸ ਨੇ ਯਤਨ ਕਰ ਕੇ ਸਾਰੇ ਵੇਰਵੇ ਇਕੱਤਰ ਕਰ ਕੇ ਸੰਗਤਾਂ ਦੇ ਦ੍ਰਿਸ਼ਟੀਗੋਚਰ ਕਰਨ ਦਾ ਯਤਨ ਕੀਤਾ ਹੈ ਤਾਂ ਕਿ ਆਉਣ ਵਾਲੇ ਸਮੇਂ 'ਚ ਲੇਖਕਾਂ, ਬੁੱਧੀਜੀਵੀਆਂ ਤੇ ਵਿਦਵਾਨਾਂ ਨੂੰ ਸਾਰਥਕ ਜਾਣਕਾਰੀ ਪ੍ਰਾਪਤ ਹੋ ਜਾਵੇ। ਇਹ ਕੋਈ ਫ਼ੈਸਲਾ ਨਹੀਂ, ਕੇਵਲ ਜਾਣਕਾਰੀ ਪ੍ਰਸਤੁਤ ਕੀਤੀ ਹੈ। ਦਸੰਬਰ, 2011 ਤੀਕ ਦੀ ਸਮੁੱਚੀ ਜਾਣਕਾਰੀ ਪੁਸਤਕ, 'ਹੁਕਮਨਾਮੇ ਆਦੇਸ਼ ਸੰਦੇਸ਼' ਵਿਚ ਅੰਕਿਤ ਹੈ। ਬਹੁਤ ਸਾਰੇ ਵੇਰਵੇ 'ਸਮੇਂ ਤੇ ਸਥਾਨ' ਦੀ ਘਾਟ ਕਾਰਨ ਦੇਣੋਂ ਰਹਿ ਗਏ ਹੋਣਗੇ ਜਿਨ੍ਹਾਂ ਲਈ ਅਗਾਊਂ ਖ਼ਿਮਾ ਯਾਚਨਾ।

# ਸਵਰਗ ਵਰਗਾ ਸਥਾਨ ਪਰਾਸ਼ਰ ਝੀਲ



ਹਿਮਾਚਲ ਪ੍ਰਦੇਸ਼ ਨੂੰ ਕੁਦਰਤ ਨੇ ਅਨੇਕਾਂ ਖ਼ੂਬਸੂਰਤ ਨਿਆਮਤਾਂ ਨਾਲ ਨਿਵਾਜ਼ਿਆ ਹੈ। ਪਰਾਸ਼ਰ ਝੀਲ ਵੀ ਇਨ੍ਹਾਂ ਵਿੱਚੋਂ ਇੱਕ ਹੈ। ਪਰਾਸ਼ਰ ਝੀਲ ਮੰਡੀ ਸ਼ਹਿਰ ਤੋਂ ਤਕਰੀਬਨ 45 ਕਿਲੋਮੀਟਰ ਦੂਰ ਹਰੇ ਭਰੇ ਪਹਾੜਾਂ ਵਿੱਚ ਘਿਰੀ ਹੋਈ ਹੈ। ਇਹ ਸਮੁੰਦਰੀ ਤਲ ਤੋਂ ਤਕਰੀਬਨ ਨੌਂ ਹਜ਼ਾਰ ਫੁੱਟ ਦੀ ਉਚਾਈ ’ਤੇ ਸਥਿਤ ਹੈ। ਇਸੇ ਕਾਰਨ ਗਰਮੀਆਂ ਵਿੱਚ ਵੀ ਇੱਥੇ ਮੌਸਮ ਠੰਢਕ ਭਰਿਆ ਰਹਿੰਦਾ ਹੈ। ਜਨਵਰੀ ਫਰਵਰੀ ਵਿੱਚ ਤਾਂ ਇੱਥੇ ਖ਼ੂਬ ਠੰਢ ਪੈਂਦੀ ਹੈ। ਇਸ ਮਹੀਨਿਆਂ ਦੌਰਾਨ ਬਰਫ਼ਬਾਰੀ ਕਾਰਨ ਹਰ ਸ਼ੈਅ ਬਰਫ਼ ਦੀ ਸਫ਼ੈਦ ਚਾਦਰ ਹੇਠਾਂ ਢੱਕੀ ਜਾਂਦੀ ਹੈ। ਉਸ ਸਮੇਂ ਝੀਲ ਦਾ ਹੁਸਨ ਆਪਣੇ ਸਿਖਰ ’ਤੇ ਹੁੰਦਾ ਹੈ।

ਦੁਸਹਿਰੇ ਵੇਲੇ ਅਸੀਂ ਚਾਰ ਦੋਸਤਾਂ ਨੇ ਇਸ ਇਕਾਂਤ ਜਗ੍ਹਾ ’ਤੇ ਜਾਣ ਦਾ ਪ੍ਰੋਗਰਾਮ ਬਣਾਇਆ। ਅਸੀਂ ਸਵੇਰੇ ਪੰਜ ਵਜੇ ਪਟਿਆਲੇ ਤੋਂ ਆਪਣਾ ਸਫ਼ਰ ਸ਼ੁਰੂ ਕੀਤਾ ਅਤੇ ਦੁਪਹਿਰ ਤਕ ਮੰਡੀ ਪਹੁੰਚ ਗਏ। ਮੰਡੀ ਸ਼ਹਿਰ ਦੇ ਵਿਚਕਾਰੋਂ ਲੰਘਦੇ ਬਿਆਸ ਦਰਿਆ ਦਾ ਦ੍ਰਿਸ਼ ਬੜਾ ਮਨਮੋਹਕ ਹੈ। ਮੰਡੀ ਤੋਂ ਇੱਕ ਤੰਗ ਜਿਹੀ ਸੜਕ ਪਰਾਸ਼ਰ ਝੀਲ ਵੱਲ ਜਾਂਦੀ ਹੈ। ਇਸ ਪੂਰੇ ਰਸਤੇ ’ਚ ਕੋਈ ਵੀ ਸ਼ਹਿਰ ਨਹੀਂ, ਸਿਰਫ਼ ਛੋਟੇ ਛੋਟੇ ਪਹਾੜੀ ਪਿੰਡ ਆਉਂਦੇ ਹਨ। ਖ਼ੂਬਸੂਰਤ ਪਹਾੜੀ ਮੋੜਾਂ ਦਾ ਆਨੰਦ ਮਾਣਦਿਆਂ ਕਟਿੰਡੀ, ਸਲਗੀ, ਕਟੌਲੀ ਅਤੇ ਨਾਂਡਲੀ ਆਦਿ ਛੋਟੇ ਛੋਟੇ ਪਹਾੜੀ ਪਿੰਡ ਲੰਘ ਕੇ ਖ਼ੂਬਸੂਰਤ ਪਿੰਡ ਕਟੌਲਾ ਸਥਿਤ ਹੈ। ਇਹ ਮੁਕਾਬਲਤਨ ਕਾਫ਼ੀ ਵੱਡਾ ਪਿੰਡ ਹੈ। ਇੱਥੇ ਛੋਟਾ ਜਿਹਾ ਬਾਜ਼ਾਰ ਵੀ ਹੈ। ਕਟੌਲਾ ਤੋਂ ਅੱਗੇ ਖਸਤਾਹਾਲ ਰਸਤਾ ਸ਼ੁਰੂ ਹੋ ਜਾਂਦਾ ਹੈ, ਪਰ ਨਾਲ ਹੀ ਕੁਦਰਤੀ ਸੁੰਦਰਤਾ ਅਤੇ ਸ਼ਾਂਤੀ ਵੀ ਵਧਣ ਲੱਗਦੀ ਹੈ। ਉੱਚੇ ਪਹਾੜ, ਹਰੀਆਂ ਭਰੀਆਂ ਚਰਾਗਾਹਾਂ, ਡੂੰਘੀ ਘਾਟੀ ’ਚ ਵਗਦੀ ਨਦੀ ਅਤੇ ਸੱਪ ਵਾਂਗ ਵ.ਲ ਖਾਂਦਾ ਰਸਤਾ ਸਫ਼ਰ ਨੂੰ ਰੋਮਾਂਚਕ ਬਣਾਉਂਦਾ ਹੈ। ਇਸ ਤੋਂ ਅੱਗੇ ਕਾਹਣੂ ਨਾਮਕ ਪਿੰਡ ਲਾਗੇ ਮੰਡੀ ਤੋਂ ਆਏ ਗੁੱਜਰਾਂ ਨੇ ਆਪਣੀਆਂ ਮੱਝਾਂ ਸਮੇਤ ਡੇਰਾ ਲਾਇਆ ਹੋਇਆ ਸੀ। ਗੁੱਜਰ ਭਾਈਚਾਰਾ ਚਰਾਗਾਹਾਂ ਦੀ ਭਰਮਾਰ ਕਾਰਨ ਇਸ ਇਲਾਕੇ ਵਿੱਚ ਆਰਜ਼ੀ ਟਿਕਾਣੇ ਬਣਾ ਕੇ ਰਹਿੰਦਾ ਹੈ। ਉਹ ਗਰਮੀ ਤੇ ਵਰਖਾ ਦੀ ਰੁੱਤ ਦੌਰਾਨ ਇੱਥੇ ਕੱਚੇ ਢਾਰਿਆਂ ਵਿੱਚ ਰਹਿ ਕੇ ਗੁਜ਼ਾਰਾ ਕਰਦੇ ਹਨ। ਠੰਢ ਵਧਣ ’ਤੇ ਘਾਹ ਸੁੱਕਣ ਲੱਗਦਾ ਹੈ ਤਾਂ ਉਹ ਹੇਠਲੇ ਇਲਾਕਿਆਂ ਵਿੱਚ ਚਲੇ ਜਾਂਦੇ ਹਨ। ਕਾਹਣੂ ਤੋਂ ਅੱਗੇ ਨਦੀ ਦੇ ਕਿਨਾਰੇ ਛੋਟਾ ਜਿਹਾ ਪਿੰਡ ਬਾਗੀ ਵਸਿਆ ਹੈ। ਇੱਥੇ ਨਦੀ ਰਸਤੇ ਦੇ ਉੱਪਰੋਂ ਹੋ ਕੇ ਲੰਘਦੀ ਹੈ। ਬਾਗੀ ਤੋਂ ਪਰਾਸ਼ਰ ਝੀਲ ਨੂੰ ਇੱਕ ਰਸਤਾ ਵੀ ਜਾਂਦਾ ਹੈ ਜੋ ਤਕਰੀਬਨ ਨੌਂ ਕਿਲੋਮੀਟਰ ਲੰਬਾ ਹੈ। ਟਰੈਕਿੰਗ ਦੌਰਾਨ ਕੁਦਰਤ ਦਾ ਹੋਰ ਵਧੇਰੇ ਸੁਹੱਪਣ ਮਾਣਨ ਨੂੰ ਮਿਲਦਾ ਹੈ। ਬਾਗੀ ਤੋਂ ਅੱਗੇ ਦਾ ਰਸਤਾ ਹੋਰ ਵੀ ਮਨਮੋਹਕ ਹੈ। ਪਹਾੜਾਂ ਦੀਆਂ ਢਲਾਣਾਂ ’ਤੇ ਬਣੇ ਘਰ ਉੱਪਰੋਂ ਡੱਬਿਆਂ ਵਰਗੇ ਜਾਪਦੇ ਹਨ। ਵਾਨ ਦੇ ਸੰਘਣੇ ਜੰਗਲ, ਘੁਮਾਓਦਾਰ ਰਸਤਾ, ਠੰਢਾ ਰਮਣੀਕ ਮੌਸਮ ਅਤੇ ਪੌੜੀਨੁਮਾ ਖੇਤਾਂ ਦੇ ਦ੍ਰਿਸ਼ ਸਫ਼ਰ ਨੂੰ ਵਧੀਆ ਬਣਾਉਂਦੇ ਹਨ। ਅਸੀਂ ਕੁਦਰਤ ਦੇ ਵੱਖ ਵੱਖ ਰੰਗਾਂ ਨੂੰ ਮਾਣਦੇ ਹੋਏ ਸ਼ਾਮ ਦੇ ਚਾਰ ਕੁ ਵਜੇ ਪਰਾਸ਼ਰ ਝੀਲ ਕੋਲ ਪਹੁੰਚ ਗਏ। ਇੱਥੋਂ ਹਿਮਾਲਿਆ ਦੀਆਂ ਬਰਫ਼ਾਨੀ ਚੋਟੀਆਂ ਨਜ਼ਰ ਆਉਂਦੀਆਂ ਹਨ। ਇੱਥੇ ਆ ਕੇ ਕੁਦਰਤੀ ਝੂਮਦੀ ਤੇ ਗਾਉਂਦੀ ਪ੍ਰਤੀਤ ਹੁੰਦੀ ਹੈ।

ਝੀਲ ਦੇ ਆਸ-ਪਾਸ ਕੋਈ ਆਬਾਦੀ ਨਹੀਂ। ਕਿਤੇ ਕਿਤੇ ਪਸ਼ੂ ਪਾਲਕ ਗੁੱਜਰਾਂ ਦੇ ਕੱਚੇ ਢਾਰੇ ਜ਼ਰੂਰ ਹਨ। ਦੂਰ ਦੂਰ ਤਕ ਫੈਲੀਆਂ ਚਰਾਗਾਹਾਂ ਗੁੱਜਰ ਪਸ਼ੂ ਪਾਲਕਾਂ ਵਾਸਤੇ ਨਿਆਮਤ ਹਨ। ਰਸਤੇ ਤੋਂ ਉੱਪਰ ਹੋਣ ਕਾਰਨ ਝੀਲ ਤਕ ਵਾਹਨ ਨਹੀਂ ਜਾ ਸਕਦੇ। ਝੀਲ ਦੇ ਇਰਦ-ਗਿਰਦ ਸਫ਼ਾਈ ਰੱਖਣ ਵਾਸਤੇ ਇਸ ਦੇ ਆਲੇ-ਦੁਆਲੇ ਦੇ ਖੇਤਰ ਨੂੰ ਜਾਲੀਦਾਰ ਵਾੜ ਲਾਈ ਗਈ ਹੈ। ਵਾੜ ਤੋਂ ਅੰਦਰ ਕੈਂਪਿੰਗ ਦੀ ਮਨਾਹੀ ਹੋਣ ਕਾਰਨ ਅਸੀਂ ਵਾੜ ਤੋਂ ਬਾਹਰ ਹੀ ਥੋੜ੍ਹੀ ਜਿਹੀ ਸਮਤਲ ਥਾਂ ਉੱਤੇ ਆਪਣਾ ਟੈਂਟ ਲਗਾ ਲਿਆ। ਅਸੀਂ ਟੈਂਟ ਲਗਾਉਣ ਮਗਰੋਂ ਝੀਲ ਦੇ ਦੀਦਾਰ ਕਰਨ ਤੁਰ ਪਏ। ਦੋ ਚਾਰ ਮਿੰਟ ਚੱਲਣ ਮਗਰੋਂ ਝੀਲ ਦੀ ਪਹਿਲੀ ਝਲਕ ਦਿਖਾਈ ਦੇਣ ਲੱਗੀ। ਚਾਰੇ ਪਾਸੇ ਵਿਛੀ ਮਖ਼ਮਲੀ ਘਾਹ ਦੀ ਚਾਦਰ ਵਿਚਕਾਰ ਖ਼ੂਬਸੂਰਤ ਝੀਲ ਅਤੇ ਉੱਪਰ ਮੰਡਰਾਉਂਦੇ ਬੱਦਲਾਂ ਨੂੰ ਦੇਖ ਕੇ ਮਨ ਅਸ਼-ਅਸ਼ ਕਰ ਉੱਠਦਾ ਹੈ। ਚਾਰੇ ਪਾਸਿਓਂ ਛੋਟੀਆਂ ਛੋਟੀਆਂ ਪਹਾੜੀਆਂ ਵਿਚਕਾਰ ਘਿਰੀ ਇਸ ਝੀਲ ਨੂੰ ਦੇਖ ਕੇ ਜਾਪਦਾ ਹੈ ਜਿਵੇਂ ਇੱਕ ਵੱਡੇ ਕੜਾਹੇ ਦੇ ਵਿਚਕਾਰ ਪਾਣੀ ਦੀ ਕਟੋਰੀ ਭਰ ਕੇ ਰੱਖ ਦਿੱਤੀ ਹੋਵੇ। ਝੀਲ ਦਾ ਮੁੱਖ ਆਕਰਸ਼ਣ ਇਸ ਦੇ ਵਿਚਕਾਰ ਤੈਰਦਾ ਇੱਕ ਗੋਲ ਟਾਪੂ ਹੈ।

ਕਹਿੰਦੇ ਹਨ ਕਿ ਪਾਣੀ ਦਾ ਪੱਧਰ ਵਧਣ ’ਤੇ ਹਵਾ ਦੀ ਗਤੀ ਕਾਰਨ ਇਹ ਟਾਪੂ ਪਾਣੀ ਦੀ ਸਤਹਿ ਉੱਪਰ ਧੀਮੀ ਗਤੀ ਨਾਲ ਇੱਧਰ ਉੱਧਰ ਟਹਿਲਦਾ ਰਹਿੰਦਾ ਹੈ। ਇਸ ਕਾਰਨ ਸਥਾਨਕ ਲੋਕ ਇਸ ਨੂੰ ’ਟਹਿਲਾ’ ਆਖਦੇ ਹਨ। ਮਿਥਿਹਾਸ ਮੁਤਾਬਿਕ ਇਸ ਝੀਲ ਦਾ ਪਿਛੋਕੜ ਪਰਾਸ਼ਰ ਰਿਸ਼ੀ ਨਾਲ ਜੁੜਿਆ ਹੋਇਆ ਹੈ। ਉਹ ਮਹਾਂਰਿਸ਼ੀ ਵਸ਼ਿਸ਼ਟ ਦੇ ਪੋਤਰੇ ਸਨ ਅਤੇ ਉਨ੍ਹਾਂ ਨੂੰ ਕਈ ਪੁਰਾਤਨ ਗ੍ਰੰਥਾਂ ਦੇ ਕਰਤਾ ਮੰਨਿਆ ਜਾਂਦਾ ਹੈ। ਮਹਾਂਭਾਰਤ ਦੇ ਰਚੇਤਾ ਮਹਾਂਰਿਸ਼ੀ ਵਿਆਸ, ਮਹਾਂਰਿਸ਼ੀ ਪਰਾਸ਼ਰ ਤੇ ਕਲਿੰਦੀ (ਯਮੁਨਾ) ਦਰਿਆ ਦੇ ਕੰਢੇ ਰਹਿਣ ਵਾਲੇ ਇੱਕ ਮਛੇਰੇ ਦੀ ਪੁੱਤਰੀ ਸੱਤਿਆਵਤੀ ਦੇ ਪੁੱਤਰ ਸਨ। ਮੰਨਿਆ ਜਾਂਦਾ ਹੈ ਕਿ ਇਸ ਝੀਲ ਕੰਢੇ ਰਿਸ਼ੀ ਪਰਾਸ਼ਰ ਨੇ ਕਾਫ਼ੀ ਸਮਾਂ ਤਪੱਸਿਆ ਕੀਤੀ। ਇਸ ਕਰਕੇ ਇਸ ਦਾ ਨਾਮ ਪਰਾਸ਼ਰ ਝੀਲ ਪਿਆ। ਇੱਕ ਹੋਰ ਦੰਦਕਥਾ ਵੀ ਮਿਲਦੀ ਹੈ ਕਿ ਆਪਣੇ ਗੁਪਤਵਾਸ ਦੌਰਾਨ ਪਾਂਡਵ ਇੱਥੇ ਆ ਕੇ ਰਹੇ ਸਨ। ਉਸ ਸਮੇਂ ਭੀਮ ਨੇ ਆਪਣੀ ਕੂਹਣੀ ਅਤੇ ਗੋਡੇ ਦੇ ਬਲ ਨਾਲ ਪਹਾੜੀ ਨੂੰ ਹੇਠਾਂ ਧੱਕ ਦਿੱਤਾ ਜਿਸ ਨਾਲ ਧਰਤੀ ਉੱਪਰ ਟੋਆ ਬਣ ਗਿਆ। ਉਸ ਟੋਏ ਵਿੱਚ ਪਾਣੀ ਭਰਨ ਨਾਲ ਇਹ ਝੀਲ ਹੋਂਦ ਵਿੱਚ ਆਈ। ਝੀਲ ਕਿਨਾਰੇ ਮਹਾਂਰਿਸ਼ੀ ਪਰਾਸ਼ਰ ਨੂੰ ਸਮਰਪਿਤ ਖ਼ੂਬਸੂਰਤ ਮੰਦਿਰ ਵੀ ਹੈ। ਉੱਪਰ ਪਹਾੜਾਂ ਤੋਂ ਪਰਾਸ਼ਰ ਮੰਦਿਰ ਦਾ ਪੂਰਾ ਕੰਪਲੈਕਸ ਅੰਗਰੇਜ਼ੀ ਦੇ ਅੱਖਰ ’ਐੱਲ’ ਵਰਗਾ ਨਜ਼ਰ ਆਉਂਦਾ ਹੈ। ਮੂਲ ਮੰਦਿਰ ਦੀ ਪਿਰਾਮਿਡ ਦੇ ਆਕਾਰ ਵਰਗੀ ਤਿੰਨ ਮੰਜ਼ਿਲਾ ਇਮਾਰਤ ਦੇਖਣ ਵਾਲਿਆਂ ਨੂੰ ਖ਼ਾਸ ਤੌਰ ’ਤੇ ਆਕਰਸ਼ਿਤ ਕਰਦੀ ਹੈ। ਇਸ ਮੰਦਿਰ ਦਾ ਨਿਰਮਾਣ ਤੇਰ੍ਹਵੀਂ ਚੌਦਵੀਂ ਸਦੀ ਵਿੱਚ ਮੰਡੀ ਰਿਆਸਤ ਦੇ ਰਾਜਾ ਬਾਣਸੈਨ ਨੇ ਕਰਵਾਇਆ ਸੀ। ਇੱਥੇ ਯਾਤਰੀਆਂ ਵਾਸਤੇ ਲੰਗਰ ਹਾਲ ਅਤੇ ਰਹਿਣ ਲਈ ਸਰਾਂ ਵੀ ਬਣੀ ਹੋਈ ਹੈ। ਝੀਲ ਤੋਂ ਕੁਝ ਦੂਰੀ ’ਤੇ ਵਣ ਵਿਭਾਗ ਅਤੇ ਲੋਕ ਨਿਰਮਾਣ ਵਿਭਾਗ ਦੇ ਰੈਸਟ ਹਾਊਸ ਵੀ ਹਨ। ਸੈਲਾਨੀ ਰੈਸਟ ਹਾਊਸ ਵਿੱਚ ਵੀ ਕਮਰਾ ਲੈ ਕੇ ਰਹਿ ਸਕਦੇ ਹਨ, ਪਰ ਟੈਂਟਾਂ ਵਿੱਚ ਰਹਿਣ ਦਾ ਵੱਖਰਾ ਹੀ ਸੁਆਦ ਹੈ। ਮੰਦਿਰ ਕੋਲ ਦੋ ਸਾਧਾਰਨ ਜਿਹੇ ਢਾਬੇ ਮੌਜੂਦ ਹਨ ਜਿੱਥੋਂ ਵਧੀਆ ਤੇ ਸਸਤਾ ਖਾਣਾ ਮਿਲ ਜਾਂਦਾ ਹੈ। ਅਗਲੀ ਸਵੇਰ ਮੈਂ ਤੁਰਦਾ ਹੋਇਆ ਇੱਕ ਉੱਚੀ ਚੋਟੀ ਦੇ ਸਿਖਰ ’ਤੇ ਪਹੁੰਚ ਗਿਆ। ਇੱਥੋਂ ਖੜ੍ਹ ਕੇ ਪਰਾਸ਼ਰ ਝੀਲ ਛੋਟੀ ਜਿਹੀ ਥਾਲੀ ਵਾਂਗ ਚਮਕਦੀ ਨਜ਼ਰ ਆ ਰਹੀ ਸੀ ਅਤੇ ਇਸ ਵਿਚਲਾ ਟਾਪੂ ਥਾਲੀ ਵਿੱਚ ਪਈ ਰੋਟੀ ਵਾਂਗ ਜਾਪ ਰਿਹਾ ਸੀ। ਬਰਫ਼ਾਨੀ ਚੋਟੀਆਂ ਦੇ ਉਹਲਿਓਂ ਸੂਰਜ ਦੀ ਪਹਿਲੀ ਕਿਰਨ ਦਾ ਅਦਭੁੱਤ ਦ੍ਰਿਸ਼ ਦੇਖ ਕੇ ਮਨ ਬਾਗੋ-ਬਾਗ ਹੋ ਜਾਂਦਾ ਹੈ।

ਇਸ ਮਗਰੋਂ ਅਸੀਂ ਮੰਦਿਰ ਦੇ ਅੰਦਰ ਚਲੇ ਗਏ। ਪੈਗੋਡਾ ਸ਼ੈਲੀ ਵਿੱਚ ਬਣਿਆ ਇਹ ਮੰਦਿਰ ਪੱਥਰ ਅਤੇ ਲੱਕੜੀ ਤੋਂ ਬਣਿਆ ਹੋਇਆ ਹੈ। ਮੰਦਿਰ ਦੀਆਂ ਕੰਧਾਂ, ਦਰਵਾਜ਼ਿਆਂ ਤੇ ਸਤੰਭਾਂ ਉੱਪਰ ਦੇਵੀ ਦੇਵਤਿਆਂ, ਸੱਪਾਂ, ਵੇਲ ਬੂਟਿਆਂ, ਰੁੱਖਾਂ, ਫੁੱਲਾਂ ਅਤੇ ਪਸ਼ੂ ਪੰਛੀਆਂ ਦੇ ਖ਼ੂਬਸੂਰਤ ਚਿੱਤਰ ਉੱਕਰੇ ਹੋਏ ਹਨ। ਮੰਦਿਰ ਦੇ ਅੰਦਰ ਪਰਾਸ਼ਰ ਰਿਸ਼ੀ ਦੀ ਮੂਰਤੀ ਤੋਂ ਇਲਾਵਾ ਭਗਵਾਨ ਸ਼ਿਵ, ਵਿਸ਼ਨੂੰ ਅਤੇ ਮਾਤਾ ਲਕਸ਼ਮੀ ਦੀਆਂ ਮੂਰਤੀਆਂ ਵੀ ਸੁਸ਼ੋਭਿਤ ਹਨ। ਇਸ ਮੰਦਿਰ ਅਤੇ ਝੀਲ ਪ੍ਰਤੀ ਆਲੇ-ਦੁਆਲੇ ਦੇ ਲੋਕਾਂ ਅੰਦਰ ਅਥਾਹ ਸ਼ਰਧਾ ਹੈ। ਝੀਲ ਅੰਦਰ ਵੜਨ ਜਾਂ ਨਹਾਉਣ ਦੀ ਸਖ਼ਤ ਮਨਾਹੀ ਹੈ। ਜਦੋਂ ਵੀ ਆਸ-ਪਾਸ ਦੇ ਪਿੰਡਾਂ ਵਿੱਚ ਕੋਈ ਵਿਆਹ ਹੁੰਦਾ ਹੈ ਤਾਂ ਨਵਾਂ ਜੋੜਾ ਵਿਆਹ ਤੋਂ ਬਾਅਦ ਇੱਥੇ ਮੱਥਾ ਟੇਕਣ ਜ਼ਰੂਰ ਆਉਂਦਾ ਹੈ। ਇਸੇ ਤਰ੍ਹਾਂ ਬੱਚੇ ਦੇ ਜਨਮ ਤੋਂ ਬਾਅਦ ਵੀ ਮਾਪੇ ਪਰਾਸ਼ਰ ਰਿਸ਼ੀ ਦਾ ਸ਼ੁਕਰਾਨਾ ਕਰਨ ਆਉਂਦੇ ਹਨ।

ਹਰ ਸਾਲ ਹਾੜ੍ਹ ਅਤੇ ਭਾਦੋਂ ਦੇ ਮਹੀਨਿਆਂ ਦੌਰਾਨ ਇੱਥੇ ਮੇਲਾ ਵੀ ਭਰਦਾ ਹੈ। ਭਾਦੋਂ ਦੇ ਕ੍ਰਿਸ਼ਨ ਪੱਖ ਦੀ ਪੰਚਮੀ ਵਾਲੇ ਦਿਨ ਪਰਾਸ਼ਰ ਰਿਸ਼ੀ ਦਾ ਜਨਮ ਉਤਸਵ ਮਨਾਇਆ ਜਾਂਦਾ ਹੈ। ਇਸ ਦੌਰਾਨ ਔਰਤਾਂ, ਬੱਚੇ, ਬਜ਼ੁਰਗ ਅਤੇ ਨੌਜਵਾਨ ਸਭ ਚਾਈਂ ਚਾਈਂ ਮੇਲਾ ਦੇਖਣ ਆਉਂਦੇ ਹਨ। ਸੈਲਾਨੀਆਂ ਦੀ ਘੱਟ ਆਵਾਜਾਈ ਹੋਣ ਕਾਰਨ ਇੱਥੇ ਸ਼ਾਂਤ ਤੇ ਇਕਾਂਤ ਮਾਹੌਲ ਹਾਲੇ ਵੀ ਬਰਕਰਾਰ ਹੈ।

# ਦੁਨੀਆ ਦੇ ਸਭ ਤੋਂ ਵੱਧ ਮਹਿੰਗੇ ਮੁਲਕ, ਜਿੱਥੇ ਚਾਹ ਦਾ ਕੱਪ ਪੀਣਾ ਵੀ ਔਖਾ

ਬਹੁਤ ਸਾਰੇ ਲੋਕ ਯਾਤਰਾ ਕਰਨਾ ਪਸੰਦ ਕਰਦੇ ਹਨ। ਜਦੋਂ ਵੀ ਉਹ ਆਪਣੇ ਕੰਮ ਤੋਂ ਵਿਹਲੇ ਹੁੰਦੇ ਹਨ, ਉਹ ਯਾਤਰਾ ਲਈ ਨਿਕਲ ਜਾਂਦਾ ਹੈ। ਜੇ ਤੁਸੀਂ ਵੀ ਵਿਦੇਸ਼ੀ ਯਾਤਰਾ ਦੇ ਸ਼ੌਕੀਨ ਹੋ ਤਾਂ ਅੱਜ ਅਸੀਂ ਤੁਹਾਨੂੰ ਦੁਨੀਆ ਦੇ ਸਭ ਤੋਂ ਮਹਿੰਗੇ ਦੇਸ਼ਾਂ ਬਾਰੇ ਦੱਸਣ ਜਾ ਰਹੇ ਹਾਂ।

ਇੱਥੇ ਰਹਿਣ ਤੋਂ ਲੈ ਕੇ ਚਾਹ-ਕੌਫੀ ਪੀਣ ਤੱਕ, ਹਰ



ਚੀਜ਼ ਤੁਹਾਡਾ ਬਜਟ ਵਿਗਾੜ ਸਕਦੀ ਹੈ। ਇਸ ਲਈ ਜੇ ਤੁਸੀਂ ਯਾਤਰਾ ਕਰਨ ਦੀ ਯੋਜਨਾ ਬਣਾ ਰਹੇ ਹੋ ਅਤੇ ਇਹ ਦੇਸ਼ ਤੁਹਾਡੀ ਸੂਚੀ ਵਿੱਚ ਹਨ ਤਾਂ ਆਪਣਾ ਬਜਟ ਥੋੜ੍ਹਾ ਵਧਾ । ਇਹ ਹੋ ਸਕਦਾ ਹੈ ਕਿ ਉੱਥੇ ਜਾਣ ਤੋਂ ਬਾਅਦ ਤੁਹਾਨੂੰ ਭਾਰਤ ਫ਼ੋਨ ਕਰਨਾ ਪਵੇ ਅਤੇ ਪੈਸੇ ਮੰਗਵਾਉਣੇ ਪੈਣ।

**ਬਰਮੂਡਾ–** ਬਰਮੂਡਾ ਉੱਤਰੀ ਅਟਲਾਂਟਿਕ ਮਹਾਂਸਾਗਰ ਵਿੱਚ ਇੱਕ ਵਿਦੇਸ਼ੀ ਬ੍ਰਿਟਿਸ਼ ਟਾਪੂ ਖੇਤਰ ਹੈ। ਬਰਮੂਡਾ ਆਪਣੇ ਗੁਲਾਬੀ ਰੇਤਲੇ ਬੀਚਾਂ ਲਈ ਮਸ਼ਹੂਰ ਹੈ। ਇਹ ਟਾਪੂ ਉੱਤਰੀ ਅਮਰੀਕੀ ਮਹਾਂਦੀਪ ਤੋਂ ਲਗਪਗ 1000 ਕਿਲੋਮੀਟਰ ਦੂਰ ਹੈ। ਰੋਜ਼ਾਨਾ ਦੀਆਂ ਚੀਜ਼ਾਂ ਦੂਜੇ ਦੇਸ਼ਾਂ ਤੋਂ ਆਯਾਤ ਕੀਤੀਆਂ ਜਾਂਦੀਆਂ ਹਨ। ਇਸੇ ਕਰ ਕੇ ਇੱਥੇ ਬਹੁਤ ਜ਼ਿਆਦਾ ਕਸਟਮ ਡਿਊਟੀ ਹੈ।

ਇਹੀ ਕਾਰਨ ਹੈ ਕਿ ਇਸ ਦੇਸ਼ ਨੂੰ ਸਭ ਤੋਂ ਮਹਿੰਗੇ ਦੇਸ਼ਾਂ ਵਿੱਚ ਗਿਣਿਆ ਜਾਂਦਾ ਹੈ। ਜ਼ਿਕਰਯੋਗ ਹੈ ਕਿ ਜੇ ਕੋਈ ਵਿਅਕਤੀ ਬਰਮੂਡਾ ਵਿੱਚ ਘਰ ਕਿਰਾਏ 'ਤੇ ਲੈਂਦਾ ਹੈ ਤਾਂ ਉਸਨੂੰ ਪ੍ਰਤੀ ਮਹੀਨਾ 2000 ਡਾਲਰ ਖਰਚ ਕਰਨੇ ਪੈਣਗੇ। ਯਾਨੀ ਕਿ ਲਗਪਗ 1 ਲੱਖ 72 ਹਜ਼ਾਰ ਰੁਪਏ ਦੀ ਲੋੜ ਹੋਵੇਗੀ। ਹੁਣ ਤੁਸੀਂ ਸਮਝ ਸਕਦੇ ਹੋ ਕਿ ਇਸ ਟਾਪੂ 'ਤੇ ਜਾਣਾ ਕਿੰਨਾ ਮਹਿੰਗਾ ਹੋ ਸਕਦਾ ਹੈ।

**ਸਵਿਟਜ਼ਰਲੈਂਡ–** ਜਦੋਂ ਸੁੰਦਰਤਾ ਦੀ ਗੱਲ ਆਉਂਦੀ ਹੈ ਤਾਂ ਸਵਿਟਜ਼ਰਲੈਂਡ ਦਾ ਨਾਮ ਸਭ ਤੋਂ ਪਹਿਲਾਂ ਲਿਆ ਜਾਂਦਾ ਹੈ। ਪਰ ਇੱਥੇ ਯਾਤਰਾ ਕਰਨਾ ਹੋਰ ਵੀ ਮਹਿੰਗਾ ਹੈ। ਸਭ ਤੋਂ ਵੱਧ, ਇੱਥੇ ਰਹਿਣਾ ਮਹਿੰਗਾ ਹੈ। ਜੇ ਤੁਸੀਂ 5 ਦਿਨਾਂ ਲਈ ਵੀ ਸਵਿਟਜ਼ਰਲੈਂਡ ਜਾ ਰਹੇ ਹੋ ਅਤੇ ਉੱਥੇ ਦੋ ਲੋਕ ਹਨ ਤਾਂ ਤੁਹਾਡੇ ਕੋਲ 6 ਤੋਂ 7 ਲੱਖ ਰੁਪਏ ਹੋਣੇ ਚਾਹੀਦੇ ਹਨ। ਜੇ ਤੁਸੀਂ ਖਰੀਦਦਾਰੀ ਕਰਦੇ ਹੋ ਤਾਂ ਇਹ ਅੰਕੜਾ ਹੋਰ ਵੱਧ ਸਕਦਾ ਹੈ। ਸਵਿਟਜ਼ਰਲੈਂਡ ਵਿੱਚ ਹੋਟਲ ਦੇ ਕਮਰੇ ਬਹੁਤ ਮਹਿੰਗੇ ਹਨ।

**ਨਾਰਵੇ–** ਨਾਰਵੇ ਦੀ ਸੁੰਦਰਤਾ ਪੂਰੀ ਦੁਨੀਆ ਵਿੱਚ ਮਸ਼ਹੂਰ ਹੈ। ਇਹ ਉਹੀ ਦੇਸ਼ ਹੈ ਜਿੱਥੇ ਸਰਦੀਆਂ ਵਿੱਚ ਸੂਰਜ ਸਵੇਰੇ 9 ਵਜੇ ਦੇ ਕਰੀਬ ਚੜ੍ਹਦਾ ਹੈ। ਦਿਲਚਸਪ ਗੱਲ ਇਹ ਹੈ ਕਿ ਸੂਰਜ ਦੁਪਹਿਰ 3 ਵਜੇ ਡੁੱਬਦਾ ਹੈ। ਜੇ ਅਸੀਂ ਗਰਮੀਆਂ ਦੀ ਗੱਲ ਕਰੀਏ ਤਾਂ ਇੱਥੇ ਸੂਰਜ ਸਵੇਰੇ 4 ਵਜੇ ਚੜ੍ਹਦਾ ਹੈ। ਹੈਰਾਨੀ ਦੀ ਗੱਲ ਹੈ ਕਿ ਸੂਰਜ ਰਾਤ 11 ਵਜੇ ਡੁੱਬਦਾ ਹੈ।

ਇਸ ਵਿਲੱਖਣ ਦੇਸ਼ ਦੀ ਯਾਤਰਾ ਕਰਨਾ ਵੀ ਬਹੁਤ ਮਹਿੰਗਾ ਹੈ। ਇੱਥੇ ਰੈਸਟੋਰੈਂਟਾਂ ਵਿੱਚ ਖਾਣਾ ਖਾਣਾ ਅਤੇ ਕਾਰ ਕਿਰਾਏ 'ਤੇ ਲੈਣਾ ਬਹੁਤ ਮਹਿੰਗਾ ਹੈ। ਇੱਥੇ ਤੁਹਾਨੂੰ ਇੱਕ ਕੱਪ ਚਾਹ ਲਈ 800 ਰੁਪਏ ਖਰਚ ਕਰਨੇ ਪੈਣਗੇ।

# ਸਾਈਬਰ ਠੱਗਾਂ ਦੇ ਜਾਲ਼ 'ਚ ਫਸ ਕੇ 30 ਕਿਸ਼ਤਾਂ 'ਚ ਗੁਆਏ 1.35 ਕਰੋੜ

ਸਾਈਬਰ ਅਪਰਾਧੀਆਂ ਦਾ ਸ਼ਿਕਾਰ ਹੋ ਕੇ ਇੱਕ ਵਿਅਕਤੀ ਨੇ ਸਟਾਕ ਮਾਰਕੀਟ ਵਿੱਚ ਨਿਵੇਸ਼ ਕਰਨ ਦੇ ਨਾਮ 'ਤੇ ਆਪਣੀਆਂ ਜਮ੍ਹਾਂ ਰਕਮਾਂ, ਬੱਚਤਾਂ ਅਤੇ ਕਰਜ਼ਿਆਂ ਵਿੱਚੋਂ 1 ਕਰੋੜ 35 ਲੱਖ ਰੁਪਏ ਗਵਾ ਲਏ। ਪੀੜਤ ਨੂੰ ਵੱਡੇ ਮੁਨਾਫ਼ੇ ਦਾ ਵਾਅਦਾ ਕਰਕੇ ਲੁਭਾਇਆ ਗਿਆ ਸੀ। ਸ਼ੁਰੂ ਵਿੱਚ ਉਸਨੂੰ ਨਿਵੇਸ਼ ਕੀਤੀ ਰਕਮ ਦੋ ਵਾਰ ਕਢਵਾਉਣ ਦੀ ਇਜਾਜ਼ਤ ਸੀ। ਇਸ ਤੋਂ ਬਾਅਦ, ਆਈਪੀਓ ਵਿੱਚ ਨਿਵੇਸ਼ ਦੇ ਨਾਮ 'ਤੇ ਉਨ੍ਹਾਂ ਤੋਂ ਵੱਡੀ ਰਕਮ ਟ੍ਰਾਂਸਫਰ ਕੀਤੀ ਗਈ।

ਪੀੜਤ ਤੋਂ ਪੈਸੇ 30 ਕਿਸ਼ਤਾਂ ਵਿੱਚ 10 ਬੈਂਕ ਖਾਤਿਆਂ ਵਿੱਚ ਟ੍ਰਾਂਸਫਰ ਕੀਤੇ ਗਏ। ਸ਼ਿਕਾਇਤ 'ਤੇ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਵਿੱਚ ਮਾਮਲਾ ਦਰਜ ਕਰ ਲਿਆ ਗਿਆ ਹੈ। ਗੁਲਸ਼ਨ ਵਧਵਾ, ਇੱਕ ਨਿੱਜੀ ਕੰਪਨੀ ਦੇ ਕਰਮਚਾਰੀ ਅਤੇ ਬ੍ਰਜ ਵਿਹਾਰ ਦੇ ਨਿਵਾਸੀ, ਨੇ ਅਕਤੂਬਰ ਵਿੱਚ ਸੋਸ਼ਲ ਮੀਡੀਆ 'ਤੇ ਸ਼ੇਅਰ ਟ੍ਰੇਡਿੰਗ ਸੁਝਾਵਾਂ ਨਾਲ ਸਬੰਧਤ ਵੀਡੀ ਦੇਖੇ ਸਨ। ਇਸ ਤੋਂ ਬਾਅਦ ਉਸਨੂੰ ਇੱਕ ਲਿੰਕ ਰਾਹੀਂ ਵ੍ਹਟਸਐਪ ਗਰੁੱਪ ਵਿੱਚ ਜੋੜਿਆ ਗਿਆ।



### ਪਹਿਲੀ ਵਾਰ ਬਹੁਤ ਵੱਡਾ ਲਾਭ ਦਿੱਤਾ

13 ਅਕਤੂਬਰ ਤੋਂ ਬਾਅਦ, ਉਨ੍ਹਾਂ ਨੂੰ ਸ਼ੇਅਰਾਂ ਦਾ ਵਪਾਰ ਕਰ ਕੇ ਮੁਨਾਫ਼ਾ ਕਮਾਉਣ ਲਈ ਉਤਸ਼ਾਹਿਤ ਕੀਤਾ ਗਿਆ। ਇਸ ਤੋਂ ਬਾਅਦ, ਉਸਨੇ ਇੱਕ ਖਾਤਾ ਖੋਲ੍ਹਿਆ ਅਤੇ 22 ਅਕਤੂਬਰ ਤੋਂ ਸ਼ੇਅਰ ਵਪਾਰ ਸ਼ੁਰੂ ਕੀਤਾ। ਪਹਿਲੀ ਵਾਰ, ਉਸਨੇ 10,000 ਰੁਪਏ ਦੇ ਨਿਵੇਸ਼ 'ਤੇ 699 ਰੁਪਏ ਦਾ ਮੁਨਾਫ਼ਾ ਕਮਾਇਆ।

ਜਦੋਂ ਉਹ ਪੈਸੇ ਕਢਵਾਉਣਾ ਚਾਹੁੰਦਾ ਸੀ ਤਾਂ ਸਾਈਬਰ ਅਪਰਾਧੀਆਂ ਨੇ ਉਸਨੂੰ ਲਾਭ ਸਮੇਤ 10,699 ਰੁਪਏ ਦੀ ਪੂਰੀ ਰਕਮ ਕਢਵਾਉਣ ਦੀ ਇਜਾਜ਼ਤ ਦੇ ਦਿੱਤੀ। ਇਸ ਤੋਂ ਬਾਅਦ ਉਸਨੇ 55 ਹਜ਼ਾਰ ਰੁਪਏ ਦਾ ਨਿਵੇਸ਼ ਕੀਤਾ। ਬਦਲੇ ਵਿੱਚ ਉਸਨੇ 50 ਹਜ਼ਾਰ ਰੁਪਏ ਕਢਵਾ ਲਏ।

### ਆਈਪੀਓ ਵਿੱਚ ਨਿਵੇਸ਼ ਕਰਨ ਦੀ ਧੋਖਾਧੜੀ

ਇਸ ਤੋਂ ਬਾਅਦ, ਪੀੜਤ ਨੂੰ ਆਈਪੀਓ ਦੇ ਨਾਮ 'ਤੇ ਨਿਵੇਸ਼ ਸ਼ੁਰੂ ਕਰਨ ਲਈ ਮਜਬੂਰ ਕੀਤਾ ਗਿਆ। ਆਈਪੀ ਵਿੱਚ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ 100 ਤੋਂ 200 ਪ੍ਰਤੀਸ਼ਤ ਦਾ ਮੁਨਾਫ਼ਾ ਸੰਭਵ ਹੈ। ਜਦੋਂ ਉਸਨੇ ਪੈਸੇ ਕਢਵਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸਨੂੰ ਦੱਸਿਆ ਗਿਆ ਕਿ ਰਕਮ ਫ੍ਰੀਜ਼ ਕਰ ਦਿੱਤੀ ਗਈ ਹੈ ਕਿਉਂਕਿ ਉਸਨੂੰ ਹੋਰ ਪੈਸੇ ਲਗਾਉਣੇ ਪੈਣਗੇ। ਉਸਨੂੰ ਲਗਾਤਾਰ ਚਾਰ ਆਈਪੀ ਵਿੱਚ ਨਿਵੇਸ਼ ਦੇ ਨਾਮ 'ਤੇ 33 ਲੱਖ ਰੁਪਏ ਦਾ ਵਿਆਜ ਮੁਕਤ ਕਰਜ਼ਾ ਦਿੱਤਾ ਗਿਆ ਸੀ। ਕਰਜ਼ੇ ਦੀ ਰਕਮ ਉਸਦੇ ਖ਼ਾਤੇ ਵਿੱਚ ਨਹੀਂ ਆਈ।

## ਕਹਾਣੀ

# ਸੱਚ ਦੀ ਰੋਸ਼ਨੀ

**ਡਾਕਟਰ ਅਜੀਤ ਸਿੰਘ ਕੋਟ ਕਪੂਰਾ**
+1 5853050443



ਮੋਹਣਾ ਮੇਰੇ ਨਾਲ ਹੀ ਪੜਦਾ ਸੀ। ਉਹ ਸਾਡੇ ਤੋਂ ਅਗਲੀ ਗਲੀ ਵਿਚ ਰਹਿੰਦਾ ਸੀ। ਕਦੇ ਕਦੇ ਉਹ ਕਿਸੇ ਕਾਪੀ ਲੈਣ ਦੇ ਬਹਾਨੇ ਸਾਡੇ ਘਰ ਵੀ ਆ ਜਾਇਆ ਕਰਦਾ ਸੀ। ਮੇਰੀ ਮਾਂ ਨੂੰ ਇਹ ਗੱਲ ਭਾਉਂਦੀ ਨਹੀਂ ਸੀ। ਉਸ ਨੂੰ ਪਤਾ ਸੀ ਕਿ ਮੋਹਣੇ ਦਾ ਪਿਤਾ ਜੁਤੀਆਂ ਗੰਢਣ ਦਾ ਕੰਮ ਕਰਦਾ ਸੀ। ਮੇਰੇ ਪਿਤਾ ਜੀ ਸਕੂਲ ਵਿਚ ਹਿਸਾਬ ਮਾਸਟਰ ਸਨ। ਉਹ ਕਮਜ਼ੋਰ ਬੱਚਿਆਂ ਨੂੰ ਘਰ ਬੁਲਾ ਕੇ ਹਿਸਾਬ ਦੇ ਸਵਾਲਾਂ ਦੀਆਂ ਮੁਸ਼ਕਲਾਂ ਹੱਲ ਕਰਵਾ ਦਿੰਦੇ ਸਨ ਅਤੇ ਇਸ ਕੰਮ ਦਾ ਕਿਸੇ ਤੋਂ ਵੀ ਕੋਈ ਪੈਸਾ ਨਹੀਂ ਲੈਂਦੇ ਸਨ। ਇਸ ਤਰਾਂ ਉਹ ਗਰੀਬ ਤੇ ਹਿਸਾਬ ਵਿਚੋਂ ਕੰਮਜ਼ੋਰ ਬਚਿਆ ਦੀ ਮਦਦ ਕਰ ਦਿਆਂ ਕਰਦੇ ਸਨ। ਮੇਰੇ ਪਿਤਾ ਜੀ ਨੂੰ ਜਾਤ ਪਾਤ ਦਾ ਕੋਈ ਵਹਿਮ ਨਹੀਂ ਸੀ। ਉਹ ਜਾਣਦੇ ਸਨ ਕਿ ਆਰਥਿਕ ਤੌਰ ਤੇ ਕੰਮਜ਼ੋਰ ਬੱਚਿਆਂ ਨੂੰ ਅਧਿਆਪਕਾਂ ਵਲੋਂ ਮਿਲੇ ਘਰ ਦਾ ਕੰਮ ਕਰਨ ਲਈ ਸਮਾਂ ਘਟ ਮਿਲਦਾ ਹੈ ਕਿਉਂ ਕਿ ਉਨ੍ਹਾਂ ਨੇ ਆਪਣੇ ਮਾਪਿਆਂ ਨਾਲ ਘਰੇਲੂ ਕੰਮਾਂ ਵਿਚ ਵੀ ਮਦਦ ਕਰਨੀ ਪੈਂਦੀ ਹੈ। ਇਸ ਲਈ ਉਹ ਪਿਛੇ ਰਹਿ ਜਾਂਦੇ ਹਨ ਅਤੇ ਉਹ ਉਨ੍ਹਾਂ ਦੀ ਸਹਾਇਤਾ ਕਰ ਦਿੰਦੇ ਸਨ ਤਾਂ ਜੋ ਪੜ੍ਹਾਈ ਵਿਚੋਂ ਪਛੜ ਨਾ ਜਾਣ। ਕਈ ਵਾਰ ਗਰੀਬ ਬੱਚਿਆਂ ਦੀ ਫੀਸ ਵੀ ਆਪਣੇ ਕੋਲੋਂ ਭਰ ਦਿੰਦੇ ਸਨ। ਇਸ ਤਰਾਂ ਮਦਦ ਕਰ ਉਨ੍ਹਾਂ ਦੇ ਮਨ ਨੂੰ ਸ਼ਾਂਤੀ ਮਿਲਦੀ ਸੀ। ਸਕੂਲ ਵਿਚ ਮੁੰਡੇ ਅਤੇ ਕੁੜੀਆਂ ਇਕੱਠੇ ਹੀ ਪੜਦੇ ਸਨ। ਮੋਹਣਾ ਮੇਰੀ ਜਮਾਤ ਵਿਚ ਹੀ ਸੀ। ਉਹ ਪੜ੍ਹਾਈ ਵਿਚ ਹੁਸ਼ਿਆਰ ਸੀ ਅਤੇ ਕਦੇ ਉਹ ਪਹਿਲੇ ਨੰਬਰ ਤੇ ਆਉਂਦਾ ਸੀ ਅਤੇ ਕਦੇ ਮੈਂ ਪਹਿਲੇ ਨੰਬਰ ਤੇ ਆਉਂਦੀ ਸੀ। ਦਸਵੀਂ ਦਾ ਨਤੀਜਾ ਆਇਆ ਤਾਂ ਉਹ ਸਕੂਲ ਵਿਚੋਂ ਪਹਿਲੇ ਨੰਬਰ ਤੇ ਆਇਆ ਸੀ ਅਤੇ ਮੈਂ ਦੂਸਰੇ ਨੰਬਰ ਤੇ ਆਈ ਸੀ। ਉਹ ਆਪਣੀ ਖੁਸ਼ੀ ਨੂੰ ਸਾਡੇ ਨਾਲ ਸਾਂਝਾ ਕਰਨ ਲਈ ਇਕ ਮਠਿਆਈ ਦਾ ਡੱਬਾ ਲੈ ਕੇ ਆਇਆ। ਉਸ ਨੇ ਡੱਬਾ ਪਿਤਾ ਜੀ ਨੂੰ ਦਿਤਾ। ਉਨ੍ਹਾਂ ਕੋਲ ਹੋਰ ਬੱਚੇ ਬੈਠੇ ਸਵਾਲ ਕੱਢ ਰਹੇ ਸਨ ਉਨ੍ਹਾਂ ਨੇ ਮੋਹਣੇ ਦੀ ਖੁਸ਼ੀ ਸਭ ਨਾਲ ਸਾਂਝੀ ਕੀਤੀ ਅਤੇ ਸਭ ਨੂੰ ਮਠਿਆਈ ਖਾਣ ਲਈ ਦਿਤੀ। ਮੈਂ ਵੀ ਮਿਠਿਆਈ ਲੈ ਕੇ ਖਾ ਲਈ ਅਤੇ ਉਸ ਨੂੰ ਵਧਾਈ ਦਿਤੀ। ਮੇਰੀ ਮਾਂ ਨੇ ਮਠਿਆਈ ਨਾ ਫੜੀ ਅਤੇ ਉਸ ਨੂੰ ਵਧਾਈ ਦੇ ਦਿਤੀ। ਮੇਰੇ ਮਠਿਆਈ ਖਾ ਲੈਣ ਕਾਰਨ ਮੇਰੀ ਮਾਂ ਨੇ ਗੁਸਾ ਕੀਤਾ ਕਿ ਤੂੰ ਨੀਵੀਂ ਜਾਤ ਵਲੋਂ ਮਿਲੀ ਮਿਠਿਆਈ ਕਿਉਂ ਖਾਧੀ ਹੈ। ਮੇਰੇ ਪਿਤਾ ਜੀ ਨੂੰ ਉਨ੍ਹਾਂ ਨੇ ਕੁਝ ਨਾ ਕਿਹਾ। ਜਦੋਂ ਪੜ੍ਹਨ ਵਾਲੇ ਬਚੇ ਚਲੇ ਗਏ ਤਾਂ ਮੋਹਣੇ ਨੇ ਮੇਰੇ ਪਿਤਾ ਜੀ ਨਾਲ ਸਲਾਹ ਕੀਤੀ ਕਿ ਅੱਗੇ ਮੈਂ ਕਿਹੜੀ ਪੜ੍ਹਾਈ ਕਰਾਂ ਅਤੇ ਕਿਹੜੇ ਕਾਲਿਜ ਵਿਚ ਦਾਖਲ ਹੋਵਾਂ। ਜਦੋਂ ਪਿਤਾ ਜੀ ਨੇ ਉਸ ਨੂੰ ਅਗਲੇਰੀ ਪੜ੍ਹਾਈ ਦੇ ਖਰਚੇ ਬਾਰੇ ਦੱਸਿਆ ਤਾਂ ਮੋਹਣਾ ਕਹਿਣ ਲੱਗਾ ਕਿ ਖਰਚੇ ਬਾਰੇ ਕੋਈ ਫਿਕਰ ਨਹੀਂ ਕਿਉਂਕਿ ਮੇਰੇ ਮਾਮਿਆਂ ਨੇ ਮੇਰੇ ਉਪਰ ਖਰਚ ਕਰਨਾ ਹੈ। ਉਨ੍ਹਾਂ ਕੋਲ ਜ਼ਮੀਨ ਹੈ ਅਤੇ ਉਹ ਵਾਹੀ ਕਰਦੇ ਹਨ। ਮੇਰੀ ਅਗਲੇਰੀ ਪੜ੍ਹਾਈ ਦਾ ਖਰਚ ਉਹ ਕਰਨਗੇ। ਮੇਰੇ ਪਿਤਾ ਜੀ ਨੇ ਉਸ ਨੂੰ ਅਗੇ ਕਾਲਿਜ ਵਿਚ ਦਾਖਲ ਹੋ ਮੇਹਨਤ ਕਰਨ ਲਈ ਸਲਾਹ ਦਿਤੀ।

ਮੈਂ ਵੀ ਅਗਲੇਰੀ ਪੜ੍ਹਾਈ ਕਾਲਿਜ ਵਿਚ ਕਰਨੀ ਸੀ। ਅਸੀਂ ਇਕੋ ਕਾਲਿਜ ਵਿਚ ਦਾਖਲ ਹੋ ਗਏ। ਕਾਲਿਜ ਅੰਦਰ ਉਹ ਮੇਰਾ ਪੂਰਾ ਧਿਆਨ ਰੱਖਦਾ ਸੀ। ਅਸੀਂ ਇਕੱਠੇ ਹੀ ਕਾਲਿਜ ਜਾਂਦੇ ਸੀ ਅਤੇ ਇਕੱਠੇ ਹੀ ਮੁੜਦੇ ਸੀ। ਕਦੇ ਕਦੇ ਉਹ ਸਾਡੇ ਘਰ ਉਹ ਪੜ੍ਹਾਈ ਸਬੰਧੀ ਕੋਈ ਮੁਸ਼ਕਿਲ ਲੈ ਕੇ ਮੇਰੇ ਡੈਡੀ ਕੋਲ ਆ ਜਾਂਦਾ ਸੀ। ਸਾਡਾ ਮੇਲ ਜੋਲ ਵੱਧ ਰਿਹਾ ਸੀ। ਸਾਨੂੰ ਇਹ ਪਤਾ ਨਾ ਲੱਗਾ ਕਦੋਂ ਸਾਡੀਆਂ ਅੱਖਾਂ ਚਾਰ ਹੋ ਗਈਆਂ। ਅਸੀਂ ਕੋਈ ਨਾ ਕੋਈ ਬਹਾਨਾ ਕਰ ਕਾਲਿਜ ਵਿਚ ਵਧੇਰੇ ਸਮਾਂ ਇਕੱਠਾ ਬਿਤਾਉਣ ਲੱਗ ਪਏ। ਜਦੋਂ ਕਾਲਿਜ ਦੀ ਪੜ੍ਹਾਈ ਖਤਮ ਹੋਣ ਵਾਲੀ ਸੀ ਤਾਂ ਉਸ ਨੇ ਮੇਰੇ ਲਈ ਅਥਾਹ ਪਿਆਰ ਜਤਾਇਆ ਅਤੇ ਮੇਰੇ ਨਾਲ ਸੱਤ ਜਨਮਾਂ ਦਾ ਰਿਸ਼ਤਾ ਨਿਭਾਉਣ ਦਾ ਵਾਅਦਾ ਕੀਤਾ। ਮੈਨੂੰ ਵੀ ਸਮਝ ਨਾ ਲੱਗੀ ਕਦੋਂ ਮੈਂ ਉਸ ਨੂੰ ਹਾਂ ਕਰ ਬੈਠੀ ਅਤੇ ਮਾਪਿਆਂ ਤੋਂ ਮਨਜ਼ੂਰੀ ਲੈਣ ਦਾ ਵਾਅਦਾ ਕਰ ਲਿਆ। ਉਸ ਨੇ ਮੇਰੇ ਨਾਲ ਇਹ ਵਾਅਦਾ ਕਰ ਲਿਆ ਕਿ ਜ਼ਿੰਦਗੀ ਦੇ ਕਿਸੇ ਵੀ ਮੋੜ ਉਪਰ ਪਿਛੇ ਮੁੜ ਕੇ ਦੇਖੇਂਗੀ। ਮੈਂ ਤੇਰੇ ਇੰਤਜ਼ਾਰ ਵਿਚ ਹਾਜ਼ਰ ਮਿਲਾਂਗਾ।

ਜਦੋਂ ਮੈਂ ਕਾਲਿਜ ਦੀ ਪੜ੍ਹਾਈ ਖਤਮ ਕਰ ਮਾਪਿਆਂ ਨਾਲ ਵਿਆਹ ਸਬੰਧੀ ਆਪਣੇ ਵਿਚਾਰ ਦੱਸੇ ਤਾਂ ਉਨ੍ਹਾਂ ਨੇ ਸਮਾਜ ਵਿਚ ਅਤੇ ਰਿਸ਼ਤੇਦਾਰੀ ਵਿਚ ਹੋਣ ਵਾਲੀ ਹਾਲਤ ਪ੍ਰਤੀ ਚਾਨਣ ਕੀਤਾ ਤਾਂ ਮੈਂ ਝਿਜਕ ਗਈ। ਆਪਣੇ ਮਾਂ-ਬਾਪ ਦੀ ਖੁਸ਼ੀ ਲਈ ਮੈਂ ਆਪਣੀ ਹਾਰ ਮੰਨ ਕੇ ਉਨ੍ਹਾਂ ਦੀ ਮਰਜ਼ੀ ਅਨੁਸਾਰ ਵਿਆਹ ਕਰਵਾਉਣ ਲਈ ਤਿਆਰ ਹੋ ਗਈ। ਮੇਰੇ ਬਾਪ ਦੀ ਸਕੂਲ ਵਿਚ ਸੇਵਾ ਨਵਿਰਤੀ ਹੋ ਗਈ। ਉਨ੍ਹਾਂ ਨੂੰ ਇਸ ਸਮੇਂ ਕੁਝ ਰਕਮ ਇਕਠੀ ਮਿਲ ਗਈ ਅਤੇ ਉਹਨਾਂ ਦੀ ਪੈਨਸ਼ਨ ਵੀ ਲੱਗ ਗਈ। ਮਾਪਿਆਂ ਦੀ ਇੱਛਾ ਸੀ ਕਿ ਇਕਠੀ ਮਿਲੀ ਰਕਮ ਨਾਲ ਮੇਰਾ ਵਿਆਹ ਕਰ ਦਿੱਤਾ ਜਾਵੇ। ਉਨ੍ਹਾਂ ਨੇ ਮੁੰਡੇ ਦੀ ਭਾਲ ਸ਼ੁਰੂ ਕਰ ਦਿੱਤੀ। ਸਮੇਂ ਸਮੇਂ ਤੇ ਮੇਰੇ ਪਿਤਾ ਜੀ ਨੇ ਆਪਣੀ ਬੱਚਤ ਨਾਲ ਕਿਤਾਬਾਂ ਖਰੀਦ ਕੇ ਇਕ ਲਾਇਬਰੇਰੀ ਬਣਾਈ ਹੋਈ ਸੀ ਜਿਸ ਵਿਚ ਬਹੁਤ ਸਾਰੀਆਂ ਕਿਤਾਬਾਂ ਹੋ ਗਈਆਂ ਸਨ। ਮੈਂ ਆਪਣੀ ਘਰ ਦੀ ਉਸ ਲਾਇਬਰੇਰੀ ਵਿਚੋਂ ਕਿਤਾਬਾਂ ਲੈ ਕੇ ਪੜ੍ਹਨ ਵਿਚ ਮਗਨ ਹੋ ਗਈ। ਮਾਪਿਆਂ ਅਨੁਸਾਰ ਵਿਚੋਲੇ ਰਾਹੀਂ ਮੁੰਡੇ ਦਾ ਪਤਾ ਲੱਗਾ। ਵਿਚੋਲੇ ਰਾਹੀਂ ਸਾਰੇ ਕਾਰ ਵਿਹਾਰ ਕਰ ਵਿਆਹ ਮਿਥ ਲਿਆ ਗਿਆ। ਵਿਆਹ ਵਾਲਾ ਦਿਨ ਆ ਗਿਆ । ਸਾਰੀਆਂ ਤਿਆਰੀਆਂ ਹੋ ਚੁਕੀਆਂ ਸਨ । ਜੰਞ ਆ ਗਈ ਆਓ ਭਗਤ ਕੀਤੀ ਗਈ। ਮੈਂ ਤਿਆਰ ਹੋ ਕੇ ਬੈਠੀ ਹੋਈ ਸੀ ਅਨੰਦ ਕਾਰਜ ਲਈ ਗੁਰਦਵਾਰੇ ਜਾਣਾ ਸੀ। ਵਿਚੋਲਾ ਮੇਰੇ ਬਾਪ ਨੂੰ ਕਹਿਣ ਲੱਗਾ ਕਿ ਲੜਕੇ ਵਾਲੇ ਦਾਜ ਵਿਚ ਕਾਰ ਮੰਗਦੇ ਹਨ। ਮੇਰੇ ਪਿਤਾ ਜੀ ਨੇ ਕਿਹਾ ਕਿ ਮੇਰੇ ਕੋਲ ਕਾਰ ਦੀ ਸਮਰਥਾ ਨਹੀਂ ਹੈ। ਜੇ ਉਨ੍ਹਾਂ ਦੀ ਇਹ ਮੰਗ ਸੀ ਤਾਂ ਪਹਿਲਾਂ ਦੱਸਦੇ ਅਸੀਂ ਰਿਸ਼ਤਾ ਕਰਨ ਵੇਲੇ ਸੋਚ ਵਿਚਾਰ ਕਰ ਰਿਸ਼ਤਾ ਕਰਦੇ। ਪਹਿਲਾਂ ਤਾਂ ਆਖਦੇ ਸੀ ਕਿ ਅਸੀਂ ਦਾਜ ਨਹੀਂ ਲੈਣਾ ਜੋ ਲੜਕੀ ਵਾਲਿਆਂ ਦੀ ਸਮਰਥਾ ਹੈ ਆਪਣੀ ਲੜਕੀ ਨੂੰ ਦੇਣ ਜਾਂ ਨਾ ਦੇਣ ਸਾਡੀ ਕੋਈ ਮੰਗ ਨਹੀਂ ਹੈ। ਸਾਡੇ ਵਲੋਂ ਲੜਕੀ ਨੂੰ ਤਿੰਨਾਂ ਕਪੜਿਆਂ ਵਿਚ ਤੋਰ ਦੇਣ। ਹੁਣ ਉਹ ਪੈਰ ਤੇ ਕਾਰ ਮੰਗ ਰਹੇ ਹਨ। ਵਿਚੋਲਾ ਮੇਰੇ ਪਿਤਾ ਨੂੰ ਨਾਲ ਲੈ ਕੇ ਲੜਕੇ ਦੇ ਪਿਤਾ ਨਾਲ ਗੱਲ ਕਰਨ ਲਈ ਗਏ। ਲੜਕੇ ਨੇ ਸਾਫ ਇਨਕਾਰ ਕਰ ਦਿਤਾ ਕੇ ਕਾਰ ਮਿਲੇਗੀ ਤਾਂ ਹੀ ਅਨੰਦ ਕਾਰਜ ਹੋਵੇਗਾ ਨਹੀਂ ਤਾਂ ਅਸੀਂ ਬਰਾਤ ਨੂੰ ਵਾਪਸ ਲੈ ਜਾਵਾਂਗੇ। ਪਿਤਾ ਜੀ ਨੇ ਆਪਣੀ ਪੱਗ ਉਨ੍ਹਾਂ ਦੇ ਪੈਰਾਂ ਤੇ ਰੱਖੀ ਕਿ ਅਜਿਹਾ ਨਾ ਕਰੋ ਸਾਡੀ ਇੱਜਤ ਮਿੱਟੀ ਵਿਚ ਰੁਲ ਜਾਵੇਗੀ। ਉਹ ਤਾਂ ਪੱਥਰ ਦਿਲ ਨਿਕਲੇ ਉਨ੍ਹਾਂ ਉਪਰ ਕੋਈ ਅਸਰ ਨਾ ਹੋਇਆ। ਜਦੋਂ ਮੇਰੀ ਮਾਂ ਨੇ ਮੈਨੂੰ ਦੱਸਿਆ। ਮੈਨੂੰ ਗੁਸਾ ਆ ਗਿਆ ਮੈਂ ਆਪਣੀ ਮਾਂ ਨੂੰ ਕਿਹਾ ਕਿ ਉਹ ਕੀ ਰਿਸ਼ਤਾ ਤੋੜਨਗੇ ਮੈਂ ਉਨ੍ਹਾਂ ਨੂੰ ਜਵਾਬ ਦੇਵਾਂਗੀ। ਮੈਂ ਇਹ ਵੀ ਸੋਚ ਰਹੀ ਸੀ ਜੇ ਕਰ ਬਰਾਤ ਖਾਲੀ ਹੀ ਵਾਪਸ ਜਾਵੇਗੀ ਤਾਂ ਕਿ ਮੁੰਡੇ ਵਾਲਿਆਂ ਦੀ ਬੇਜ਼ਤੀ ਨਹੀਂ ਹੋਵੇਗੀ। ਮੇਰੇ ਪਿਤਾ ਜੀ ਤੇ ਹੋਰ ਰਿਸ਼ਤੇਦਾਰ ਮੈਨੂੰ ਸਮਝਾਉਣ ਲੱਗੇ ਕਿ ਜਦੋਂ ਇਕ ਵਾਰ ਬਰਾਤ ਮੁੜ ਜਾਵੇ ਤਾਂ ਦੂਸਰੀ ਵਾਰ ਰਿਸ਼ਤਾ ਕਰਨਾ ਬਹੁਤ ਹੀ ਮੁਸ਼ਕਿਲ ਹੋ ਜਾਂਦਾ ਹੈ।

ਹੁਣ ਮੈਨੂੰ ਅਹਿਸਾਸ ਹੋ ਰਿਹਾ ਸੀ ਕਿ ਲੜਕੀ ਦੇ ਜਨਮ ਸਮੇਂ ਕਿਉਂ ਦੁੱਖ ਮਨਾਇਆ ਜਾਂਦਾ ਹੈ । ਕੁੜੀਆਂ ਦਾ ਭਵਿੱਖ ਅਨਿਸਚਿਤ ਹੁੰਦਾ ਹੈ। ਭਾਵੇਂ ਲੜਕੀ ਨੂੰ ਪੜ੍ਹਾ ਲਿਆ ਜਾਵੇ ਦਾਜ ਦਾ ਖਰਚ ਅਤੇ ਲੜਕੀ ਦੇ ਸਹੁਰਿਆਂ ਵਲੋਂ ਕੀਤਾ ਵਰਤਾਓ ਤਾਂ ਮਾਪਿਆਂ ਨੂੰ ਡਰਾਉਂਦਾ ਹੀ ਰਹਿੰਦਾ ਹੈ। ਮੈਂ ਇਹ ਜਾਣਦੀ ਸੀ ਕਿ ਮੇਰੇ ਮਾਪਿਆਂ ਵਿਚ ਹੋਰ ਗੁੰਜਾਇਸ਼ ਨਹੀਂ ਸੀ। ਮੈਨੂੰ ਇਹ ਲੱਗ ਰਿਹਾ ਸੀ ਕਿ ਮੈਂ ਆਪਣੇ ਪਿਤਾ ਦੀ ਗੁਨਾਹਗਾਰ ਹਾਂ। ਮੇਰੇ ਕਾਰਨ ਹੀ ਮੇਰੇ ਬਾਪ ਨੂੰ ਝੁਕਣਾ ਪੈ ਰਿਹਾ ਹੈ। ਮੈਂ ਸੋਚਿਆਂ ਕਿ ਜਿਹੜੇ ਵਿਆਹ ਵੇਲੇ ਹੀ ਦਾਜ ਵਿਚ ਕਾਰ ਦੀ ਮੰਗ ਕਰ ਰਹੇ ਹਨ ਇਹ ਬਾਅਦ ਵਿਚ ਹੋਰ ਦਾਜ ਨਹੀਂ ਮੰਗਣਗੇ ਇਸ ਗੱਲ ਦੀ ਵੀ ਕੀ ਗਰੰਟੀ ਹੈ। ਮੇਰੇ ਸੁਪਨੇ ਇਹ ਕਿਵੇਂ ਪੂਰੇ ਕਰਨਗੇ। ਮੈਂ ਅਜਿਹੇ ਘਰ ਵਿਚ ਜਾ ਕੇ ਕਿਵੇਂ ਖੁਸ਼ ਰਹਿ ਸਕਦੀ ਹਾਂ। ਮੈਂ ਆਪਣੇ ਮਨ ਨਾਲ ਫੈਸਲਾ ਕਰ ਲਿਆ ਕਿ ਇਹਨਾਂ ਨੇ ਵਿਆਹ ਜਿਹੇ ਪਵਿੱਤਰ ਬੰਧਨ ਨੂੰ ਕਲੰਕਿਤ ਕਰਨ ਵਾਲਿਆਂ ਨਾਲ ਮੈਂ ਕੋਈ ਸਬੰਧ ਨਹੀਂ ਬਣਾਉਣਾ। ਜਿਹੜੇ ਅੱਜ ਹੀ ਮੇਰੇ ਬਾਪ ਦੀ ਇੱਜਤ ਨੂੰ ਰੋਲ ਰਹੇ ਹਨ ਉਨ੍ਹਾਂ ਨਾਲ ਬਣਾਏ ਹੋਏ ਰਿਸ਼ਤੇ ਕਿਵੇਂ ਨਿਭਾਏ ਜਾ ਸਕਣਗੇ। ਮੇਰੇ ਬਾਪ ਨੇ ਮੇਰੀਆਂ ਸਾਰੀਆਂ ਮੰਗਾਂ ਮੰਨੀਆਂ ਹਨ ਅਤੇ ਆਪਣੀ ਸਮਰਥਾ ਅਨੁਸਾਰ ਮੈਨੂੰ ਪੜ੍ਹਾਇਆ ਹੈ। ਮੇਰੇ ਪੰਖਾਂ ਨੂੰ ਪਰਵਾਜ਼ ਦਿੱਤਾ ਹੈ। ਮੈਨੂੰ ਅਗਲੇਰੇ ਜੀਵਨ ਵਿਚ ਨਿਰਾਸ਼ ਦੇਖ ਕਿਵੇਂ ਆਪਣੀ ਜ਼ਿੰਦਗੀ ਗੁਜ਼ਾਰਣਗੇ। ਇਹ ਪੈਸੇ ਦੇ ਭੁੱਖੇ ਰਿਸ਼ਤੇਦਾਰ ਅਤੇ ਇਹ ਕਾਰ ਮੰਗਣ ਵਾਲੇ ਮੇਰੀਆਂ ਉਮੀਦਾਂ ਕਿਵੇਂ ਪੂਰੀਆਂ ਕਰਨਗੇ। ਇਸ ਲਾਲਚੀ ਲੜਕੇ ਨਾਲ ਵਿਆਹ ਕਰਵਾ ਕੇ ਮੇਰੇ ਸੁਪਨਿਆਂ ਦੇ ਫੁੱਲ ਖਿੜਣਗੇ ਇਸ ਦੀ ਆਸ ਨਹੀਂ ਕੀਤੀ ਜਾ ਸਕਦੀ। ਮੈਂ ਆਪਣੇ ਮਾਪਿਆਂ ਨੂੰ ਕੋਲ ਬਿਠਾ ਕੇ ਇਹ ਦੱਸ ਦਿਤਾ ਕਿ ਮੈਂ ਹੋਰ ਪੜ੍ਹਾਂਗੀ ਅਤੇ ਅਜਿਹੇ ਦਾਜ ਦੇ ਲੋਭੀਆਂ ਨੂੰ ਅਤੇ ਸਮਾਜ ਦੇ ਦੁਸ਼ਮਣਾਂ ਨੂੰ ਸਬਕ ਸਿਖਾਵਾਂਗੀ। ਇਹ ਮੇਰੀ ਜੰਗ ਹੀ ਨਹੀਂ ਹੋਵੇਗੀ। ਇਹ ਤਾਂ ਹਰ ਉਸ ਲੜਕੀ ਦੀ ਜੰਗ ਹੋਵੇਗੀ ਜਿਸ ਨੂੰ ਇਹੋ ਜਿਹੇ ਦਾਜ ਦੇ ਲਾਲਚੀ ਲੋਕਾਂ ਤੋਂ ਡਰ ਕੇ ਕੁੱਖ ਵਿਚ ਹੀ ਖਤਮ ਕਰਨਾ ਚਾਹੁੰਦੇ ਹਨ। ਮੈਂ ਹਰ ਯਤਨ ਕਰਾਂਗੀ ਕਿ ਸਮਾਜ ਦੇ ਹਰ ਹਨੇਰੇ ਕੋਨੇ ਵਿਚ ਚਾਨਣ ਕਰ ਸਕਾਂ ਤਾਂ ਜੋ ਹਰ ਲੜਕੀ ਦਾ ਭਵਿੱਖ ਉਜਲਾ ਹੋ ਸਕੇ। ਸੱਚ ਦੀ ਰੋਸ਼ਨੀ ਦਾ ਛਿੱਟਾ ਹਰ ਪਾਸੇ ਦੇਵਾਂਗੀ । ਤੁਸੀਂ ਇਸ ਲਾਲਚੀ ਟੱਬਰ ਨੂੰ ਵਾਪਿਸ ਭੇਜ ਦਿਓ। ਜੇਕਰ ਤੁਸੀਂ ਠੀਕ ਸਮਝਦੇ ਹੋ ਤਾਂ ਮੈਂ ਆਪ ਹੀ ਇਨ੍ਹਾਂ ਦੇ ਕੰਨ ਖੋਲ ਸਕਦੀ ਹਾਂ। ਤੁਸੀਂ ਮੈਨੂੰ ਹੌਸਲਾਂ ਦਿਤਾ ਹੈ ਮੈਂ ਬੁਰਾਈ ਦੇ ਖਿਲਾਫ ਡੱਟ ਕੇ ਖਲੋ ਸਕਦੀ ਹਾਂ।

ਮੇਰੀ ਪੜ੍ਹਾਈ ਮਾਪਿਆਂ ਦੀ ਮਜ਼ਬੂਰੀ ਕਾਰਨ ਅਧੂਰੀ ਰਹਿ ਚਲੀ ਸੀ। ਮੈਂ ਆਪਣੇ ਮਾਪਿਆਂ ਤੋਂ ਅਸ਼ੀਰਵਾਦ ਲੈ ਅਗਲੇਰੀ ਪੜ੍ਹਾਈ ਕੀਤੀ। ਮੇਰੇ ਇਹਨਾਂ ਕਦਮਾਂ ਵਿਚ ਪਿਤਾ ਜੀ ਨੇ ਮੇਰਾ ਪੂਰਾ ਸਾਥ ਦਿਤਾ। ਜਦੋਂ ਕਦੇ ਵੀ ਮੇਰੇ ਕਦਮ ਡਗਮਗਾ ਜਾਂਦੇ ਜਾਂ ਹਿੰਮਤ ਜਵਾਬ ਦੇਣ ਲਗਦੀ ਤਾਂ ਮੇਰੇ ਪਿਤਾ ਦੇ ਹੋਏ ਅਪਮਾਨ ਦਾ ਬਦਲਾ ਲੈਣ ਦੀ ਇੱਛਾ ਮੈਨੂੰ ਨਵੀਂ ਊਰਜਾ ਪ੍ਰਦਾਨ ਕਰਦੀ। ਮੈਂ ਦੁਬਾਰਾ ਹਾਲਾਤ ਨਾਲ ਜੂਝਣਾ ਸ਼ੁਰੂ ਕਰ ਦਿੰਦੀ ਸਾਂ। ਮੇਰੇ ਪਿਤਾ ਜੀ ਨੇ ਮੈਨੂੰ ਸਹਾਰਾ ਤੱਕਣ ਦੀ ਆਦਤ ਨਹੀਂ ਪਾਈ ਸੀ। ਉਹ ਹਮੇਸ਼ਾ ਆਖਦੇ ਸਨ ਕਿ ਸਹਾਰੇ ਇਨਸਾਨ ਨੂੰ ਕੰਮਜ਼ੋਰ ਬਣਾ ਦਿਆ ਕਰਦੇ ਹਨ।

ਸਹਾਰਾ ਲੱਭਣਾ ਬੁਜ਼ਦਿਲੀ ਹੁੰਦੀ ਹੈ। ਸੁਪਨਿਆਂ ਦੀ ਮੰਜ਼ਿਲ ਤਕ ਪੂਜਣ ਵਾਲੇ ਸਹਾਰੇ ਦੇ ਆਸਰੇ ਨਹੀਂ ਚਲਿਆ ਕਰਦੇ। ਉਹ ਮੈਨੂੰ ਆਖਿਆ ਕਰਦੇ ਸਨ ਕਿ ਮੈਂ ਨਹੀਂ ਚਾਹੁੰਦਾ ਕਿ ਤੂੰ ਬੈਸਾਖੀਆਂ ਦੀ ਲੋੜ ਮਹਿਸੂਸ ਕਰੇ। ਤੂੰ ਆਪਣਾ ਸਹਾਰਾ ਆਪ ਹੀ ਬਣ। ਜੇਕਰ ਤੂੰ ਇਹ ਰਸਤਾ ਚੁਣ ਲਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਤੇਰਾ ਉਚਾ ਮੁਕਾਮ ਤੈਨੂੰ ਖੁਲੀਆਂ ਬਾਹਾਂ ਕਰ ਇੰਤਜ਼ਾਰ ਕਰ ਰਿਹਾ ਹੋਵੇਗਾ। ਪਿਤਾ ਜੀ ਦਾ ਸਾਥ ਪ੍ਰਾਪਤ ਕਰ ਮੈਂ ਆਪਣੀ ਮੰਜ਼ਿਲ ਵਲ ਸੇਧਤ ਹੋ ਜਾਂਦੀ ਸੀ।

ਮੈਂ ਆਈ ਏ ਐਸ ਦੇ ਇਮਿਤਹਾਨ ਲਈ ਤਿਆਰੀ ਕੀਤੀ। ਇਮਤਿਹਾਨ ਦਿੱਤਾ ਅਤੇ ਪਹਿਲੀ ਵਾਰ ਵਿਚ ਹੀ ਚੰਗੇ ਰੈਂਕ ਨਾਲ ਪਾਸ ਕਰ ਲਿਆ। ਇੰਟਰਵਿਊ ਲਈ ਤਿਆਰੀ ਕੀਤੀ। ਪ੍ਰਮਾਤਮਾ ਦੀ ਮੇਹਰਬਾਨੀ ਸਦਕਾ ਅਤੇ ਮਾਪਿਆਂ ਦੀ ਹਲਾਸ਼ੇਰੀ ਨਾਲ ਸਫਲਤਾ ਮਿਲੀ। ਸਿਖਲਾਈ ਪ੍ਰਾਪਤ ਕਰ ਮੈਂ ਆਪਣੇ ਨਾਲ ਦੇ ਜ਼ਿਲੇ ਦੀ ਡਿਪਟੀ ਕਮਿਸ਼ਨਰ ਲਗ ਗਈ। ਸਾਰੇ ਪਾਸਿਉਂ ਵਧਾਈਆਂ ਮਿਲੀਆਂ। ਮਾਪਿਆਂ ਦਾ ਸਿਰ ਮਾਣ ਨਾਲ ਉਚਾ ਉਠਿਆ। ਮੈਂ ਸਮਾਜ ਦੇ ਦੁਸ਼ਮਣਾਂ ਖਿਲਾਫ ਜੰਗ ਨੂੰ ਸ਼ੁਰੂ ਕਰ ਦਿਤਾ। ਮੈਂ ਹਰ ਉਹ ਸ਼ਰੀਫ ਚੇਹਰਾ ਬੇਨਕਾਬ ਕਰਨ ਦਾ ਯਤਨ ਕੀਤਾ ਜਿਸ ਚੇਹਰੇ ਦੇ ਪਿਛੇ ਇਕ ਅਤਿਅੰਤ ਘਿਨੌਣਾ ਚੇਹਰਾ ਛੁਪਿਆ ਹੋਇਆ ਸੀ। ਮੈਂ ਜਿਸ ਕੁਰਸੀ ਤੇ ਵੀ ਬੈਠੀ ਉਸ ਨਾਲ ਇਨਸਾਫ ਕੀਤਾ। ਗਰੀਬ ਅਤੇ ਲੋੜਵੰਦਾਂ ਦੀ ਹਰ ਮਦਦ ਕੀਤੀ।

ਮੇਰਾ ਇਹ ਯਤਨ ਰਿਹਾ ਕਿ ਕਿਸੇ ਨਾਲ ਬੇਇਨਸਾਫ਼ੀ ਨਾ ਹੋ ਜਾਵੇ। ਮੈਂ ਪੱਖਪਾਤ ਵਾਲੀਆਂ ਸਿਫਾਰਸ਼ਾਂ ਸੁਣਨ ਤੋਂ ਕਿਨਾਰਾ ਕੀਤਾ। ਉੱਚ ਪੱਧਰੀ ਮੀਟਿੰਗਾਂ ਦੇ ਅੰਦਰ ਆਪਣਾ ਪੱਖ ਬਾ-ਖ਼ੂਬੀ ਰਖਿਆ। ਮੈਨੂੰ ਇਕ ਦਿਨ ਉੱਚ ਪੱਧਰ ਦੀ ਮੀਟਿੰਗ ਤੋਂ ਪਿੱਛੋਂ ਹਰਮੀਤ ਮਿਲਿਆ ਜਿਸ ਨੇ ਮੇਰੇ ਕੰਮ ਦੀ ਸ਼ਲਾਘਾ ਕੀਤੀ। ਅਸੀਂ ਅਕਸਰ ਮਿਲਦੇ ਰਹਿੰਦੇ ਸੀ। ਅਸੀਂ ਇਕ ਦੂਸਰੇ ਦੇ ਸੁਭਾਅ ਤੋਂ ਵਾਕਿਫ ਹੋ ਗਏ। ਇਕ ਦਿਨ ਹਰਮੀਤ ਨੇ ਮੇਰੇ ਕੋਲ ਵਿਆਹ ਬਾਰੇ ਗੱਲ ਕੀਤੀ। ਭਾਵੇਂ ਅਸੀਂ ਇਕ ਦੂਸਰੇ ਨੂੰ ਚੰਗੀ ਤਰਾਂ ਜਾਣ ਚੁਕੇ ਸੀ ਫਿਰ ਵੀ ਮੈਂ ਉਸ ਨੂੰ ਸਲਾਹ ਦਿਤੀ ਕਿ ਅਸੀਂ ਆਪਣੇ ਆਪਣੇ ਮਾਪਿਆਂ ਨੂੰ ਇਸ ਫੈਸਲੇ ਵਿਚ ਸ਼ਾਮਲ ਕਰੀਏ। ਮੈਨੂੰ ਉਮੀਦ ਹੈ ਉਹ ਸਾਨੂੰ ਠੀਕ ਮਸ਼ਵਰਾ ਦੇਣਗੇ। ਇਹ ਸੁਣ ਹਰਮੀਤ ਖੁਸ਼ ਹੋਇਆ। ਅਸੀਂ ਪਹਿਲਾ ਆਪਣੇ ਆਪਣੇ ਪਰਿਵਾਰ ਵਿਚ ਦੱਸਿਆ ਤੇ ਦੋਹਾਂ ਪਰਿਵਾਰਾਂ ਨੂੰ ਮਿਲਣ ਦਾ ਮੌਕਾ ਦਿੱਤਾ। ਉਨ੍ਹਾਂ ਨੇ ਖੁਲ ਕੇ ਵਿਚਾਰਾਂ ਕੀਤੀਆਂ। ਸਾਰੇ ਪੱਖ ਵਿਚਾਰ ਲੈਣ ਤੋਂ ਬਾਅਦ ਸਾਡੀ ਮੰਗਣੀ ਕਰ ਦਿਤੀ ਗਈ ਅਤੇ ਫਿਰ ਸਾਦਾ ਵਿਆਹ ਕੀਤਾ ਗਿਆ। ਵਿਆਹ ਵਿਚ ਜ਼ਿਆਦਾ ਇਕੱਠ ਨਹੀਂ ਕੀਤਾ ਗਿਆ। ਸਮੇਂ ਦਾ ਪਹੀਆ ਅਗੇ ਵਲ ਵੱਧ ਰਿਹਾ ਸੀ। ਸਮਾਂ ਅਤੀਤ ਨੂੰ ਪਿੱਛੇ ਛੱਡ ਚੁੱਕਾ ਸੀ। ਅਸੀਂ ਆਪਣੀ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾ ਰਹੇ ਸੀ।

ਅਸੀਂ ਆਪਣੇ ਮਿਸ਼ਨ ਵਿਚ ਅਗੇ ਹੀ ਅਗੇ ਵੱਧ ਰਹੇ ਸੀ। ਸਮਾਂ ਆਪਣੀ ਰਫਤਾਰ ਨਾਲ ਅਗੇ ਵਲ ਵੱਧ ਰਿਹਾ ਸੀ। ਵਾਹਿਗੁਰੂ ਨੇ ਸਾਡੇ ਘਰ ਦੋ ਬਚਿਆ ਦੀ ਦਾਤ ਬਖਸ਼ੀ। ਵਾਹਿਗੁਰੂ ਮੇਰੇ ਉਪਰ ਦਿਆਲ ਸੀ। ਵਾਹਿਗੁਰੂ ਨੇ ਮੇਰਾ ਦਾਮਨ ਖੁਸ਼ੀਆਂ ਨਾਲ ਭਰ ਦਿਤਾ ਸੀ। ਮੈਂ ਤੇ ਹਰਮੀਤ ਖੁਸ਼ੀ ਖੁਸ਼ੀ ਅਗੇ ਵਲ ਵੱਧ ਰਹੇ ਸੀ। ਬਚੇ ਵਡੇ ਹੋਣ ਲੱਗੇ। ਲੜਕੇ ਨੂੰ ਲੜਕਿਆਂ ਵਾਲੇ ਸਕੂਲ ਵਿਚ ਅਤੇ ਲੜਕੀ ਨੂੰ ਲੜਕੀਆਂ ਵਾਲੇ ਸਕੂਲ ਵਿਚ ਪਾਇਆ ਗਿਆ। ਦੋਵੇਂ ਪੜ੍ਹਾਈ ਵਿਚ ਹੁਸ਼ਿਆਰ ਨਿਕਲੇ। ਲੜਕੀ ਡਾਕਟਰ ਬਣਨਾ ਚਾਹੁੰਦੀ ਸੀ ਜਦੋਂ ਕਿ ਲੜਕੇ ਦੀ ਇੱਛਾ ਇੰਜਨੀਅਰ ਬਣਨ ਦੀ ਸੀ। ਪੜ੍ਹਾਈ ਠੀਕ ਚਲ ਰਹੀ ਸੀ। ਜਦੋਂ ਬੱਚਿਆਂ ਨੇ ਪੜ੍ਹਾਈ ਪੂਰੀ ਕਰ ਲਈ ਤਾਂ ਉਨ੍ਹਾਂ ਨੇ ਬਾਹਰਲੇ ਦੇਸ਼ ਜਾਣ ਦਾ ਮੰਨ ਬਣਾ ਲਿਆ ਅਤੇ ਉਚੇਰੀ ਪੜ੍ਹਾਈ ਪੂਰੀ ਕਰ ਵਾਪਿਸ ਭਾਰਤ ਆ ਕੇ ਕੌਮ ਦੀ ਸੇਵਾ ਕਰਨ ਦੀ ਇੱਛਾ ਪ੍ਰਗਟ ਕੀਤੀ। ਮੈਂ ਤੇ ਹਰਮੀਤ ਨੇ ਸਲਾਹ ਕਰ ਦੋਹਾਂ ਨੂੰ ਉਚੇਰੀ ਵਿਦਿਆ ਹਾਸਲ ਕਰਨ ਲਈ ਅਮਰੀਕਾ ਭੇਜ ਦਿੱਤਾ। ਪੜ੍ਹਾਈ ਪੂਰੀ ਕਰ ਲੜਕੀ ਨੂੰ ਡਾਕਟਰ ਲੜਕੇ ਨਾਲ ਵਿਆਹ ਦਿਤਾ।

ਉਨ੍ਹਾਂ ਦੋਹਾਂ ਨੇ ਆਪਣਾ ਅੱਖਾਂ ਦਾ ਹਸਪਤਾਲ ਖੋਲ ਲਿਆ ਅਤੇ ਲੋਕ ਸੇਵਾ ਕਰਨ ਲੱਗੇ। ਜੇ ਕਰ ਕਿਸੇ ਕੋਲ ਇਲਾਜ ਲਈ ਪੈਸੇ ਨਾ ਹੁੰਦੇ ਤਾਂ ਉਹ ਮੁਫ਼ਤ ਹੀ ਇਲਾਜ ਕਰ ਦਿੰਦੇ ਸਨ। ਲੜਕੇ ਨੇ ਲੁਧਿਆਣਾ ਵਿਖੇ ਇਕ ਚਲਦੀ ਫੈਕਟਰੀ ਖਰੀਦ ਲਈ ਉਸ ਵਿਚ ਪੂਰੀ ਤਨਦੇਹੀ ਨਾਲ ਕੰਮ ਕਰਨ ਲਗਾ। ਫੈਕਟਰੀ ਵਿਚ ਬਣਦਾ ਸਮਾਨ ਬਾਹਰਲੇ ਦੇਸ਼ਾਂ ਨੂੰ ਭੇਜਿਆ ਜਾਂਦਾ ਸੀ । ਉਸ ਦਾ ਕੰਮ ਚੰਗਾ ਚਲ ਪਿਆ। ਉਸ ਦੀ ਪਸੰਦ ਦੀ ਲੜਕੀ ਲੱਭ ਉਸ ਦਾ ਵਿਆਹ ਕਰ ਦਿਤਾ ਗਿਆ।

# ਕਿੱਥੋਂ ਲੱਭੀਏ ਸੱਚੀਆਂ ਸੁੱਚੀਆਂ ਸੁਰਾਂ ...?

"ਹੋ ਤੇਰੇ ਟਿੱਲੇ ਤੋਂ ਔਹ ਸੂਰਤ ਦੀਂਹਦੀ ਆ ਹੀਰ ਦੀ"... ਕਹੀ ਮੋਢੇ 'ਤੇ, ਖਾਲ ਦੀ ਵੱਟ ਤੇ ਤੁਰੇ ਜਾਂਦੇ ਬਾਬੇ ਜਦੋਂ ਕਲੀ ਲੈਂਦੇ ਤਾਂ ਕੁਦਰਤ ਵੀ ਨਾਲ ਸਾਜ ਵਜਾਉਂਦੀ ਦਿਸਦੀ ਮੈਂ ਅਣਭੋਲ ਨੇ ਉਸ ਵੇਲੇ ਬਜ਼ੁਰਗਾਂ ਨੂੰ ਪੁੱਛਿਆ ਵੀ ਇਹ ਕੱਲੇ ਹੀ ਕਿਉਂ ਗਾਉਂਦੇ ਫਿਰਦੇ ਆ ਕੀਹਨੂੰ ਸੁਣਾਉਂਦੇ ਆ?"

ਤਾਂ ਜਵਾਬ ਸੀ ਕਿ ਆਪਣੇ ਆਪ ਨੂੰ। ਇਕੱਲਤਾ ਮਹਿਸੂਸ ਨੀ ਹੁੰਦੀ, ਡਰ ਨੀ ਲੱਗਦਾ, ਜੀਅ ਜਾ ਲੱਗਿਆ ਰਹਿੰਦੈ।

ਹਲ਼ ਵਾਹੁੰਦੇ, ਪਾਣੀ ਲਾਉਂਦੇ, ਖਾਲ ਘੜਦੇ, ਕਣਕਾਂ ਵੱਢਦੇ, ਫਲੇ ਗਾਹੁੰਦੇ... ਹਾਲੀ, ਪਾਲ਼ੀ ਸਭ ਸੁਰ ਚ ਸੁਰ ਮਿਲਾਉਂਦੇ ਦਿਸਦੇ,

ਸਵੇਰੇ ਉੱਠ ਕੇ ਜਦੋਂ ਬੇਬੇ ਹੁਰੀਆਂ ਰਿੜਕਣੇ ਚ ਮਧਾਣੀ ਪਾ ਕੇ, ਹੱਥ ਚ ਨੇਤਰਾ ਫੜ੍ਹ ਪਾਠ ਕਰਦੀਆਂ...
ਲੱਗਦੀ ਆਂ ਵਾਂਗ ਰਾਣੀ ਜੱਟੀਏ,
ਜਦੋਂ ਚਾਟੀ 'ਚ ਪਾਉਂਦੀ ਆਂ ਮਧਾਣੀ ਜੱਟੀਏ।
ਤੇਰਾ ਸੱਚੀਂ ਉਦੋਂ ਪੂਰਾ ਠਾਠ ਹੁੰਦੈ,
ਹੱਥੀਂ ਨੇਤਰਾ ਤੇ ਮੂੰਹ ਦੇ ਵਿੱਚ ਪਾਠ ਹੁੰਦੈ।

ਪਰ ਅਫ਼ਸੋਸ ਕਿ ਹੁਣ ਅਸੀਂ ਸੁਰਾਂ ਤਿਆਗ ਦਿੱਤੀਆਂ ਨੇ ਗੁਣਗਣਾਉਣਾ ਛੱਡ ਦਿੱਤਾ। ਗਾਉਣ ਦਾ ਕੰਮ ਹੁਣ ਅਸੀਂ ਮੰਡੀ ਦੇ ਹਵਾਲੇ ਕਰ ਦਿੱਤੈ ਤੇ ਮੰਡੀ ਜਿਸ ਤਰ੍ਹਾਂ ਚਾਹੁੰਦੀ ਆ, ਆਪਣੇ ਫਾਇਦੇ ਅਨੁਸਾਰ ਸਾਨੂੰ ਪਰੋਸ ਕੇ ਦਿੰਦੀ ਆ।

ਅਸੀਂ ਫਿਰ ਮੰਡੀ ਸੱਭਿਆਚਾਰ 'ਤੇ ਕੂਕਲੀਆਂ ਮਾਰ ਮਾਰ ਕੇ ਉਹਦੀ ਹਾਮੀ ਭਰਦੇ ਆ, ਦਾਦ ਦਿੰਦੇ ਆ, ਸਵਾਗਤ ਕਰਦੇ ਆ, ਮੰਡੀ ਸਾਡੇ ਮੁੜ੍ਹਕੇ ਦੀ ਕਮਾਈ ਨਾਲ ਆਪਣੇ ਆਪ ਨੂੰ ਮੁੜ੍ਹਕਾ ਨੀ ਆਉਣ ਦਿੰਦੀ।


ਕਿਸੇ ਨੇ ਮੰਡੀ ਸੱਭਿਆਚਾਰ ਦੇ ਵਹਾਅ ‘ਚ ਆ ਕੇ ਕਿਹਾ ਕਿ ਏ ਟਰੈਂਡ ਆ ਇਹ, ਭੀੜ ਦੇਖ, ਸੌਖੀ ਗੱਲ ਥੋੜ੍ਹੀ ਆ...

ਮੈਂ ਕਿਹਾ ਬਾਈ ਜੀ "ਭੀੜਾਂ ਕਦੋਂ ਤੋਂ ਸੱਚ ਦਾ ਮਾਪ ਦੰਡ ਹੋ ਗਈਆਂ?"

ਬਾਬਾ ਨਾਨਕ ਮਲਿਕ ਭਾਗੋ ਦੀ ਭੀੜ ਛੱਡ ਕੇ, ਇਕੱਲੇ ਭਾਈ ਲਾਲੋ ਜੀ ਕੋਲ ਖੜ੍ਹਿਆ ਸੀ।

ਜੇ ਭੀੜ ਕੋਲ ਸੱਚ ਹੁੰਦਾ ਤਾਂ ਚਾਂਦਨੀ ਚੌਂਕ ਦੀ ਭੀੜ ਚੋਂ ਗੁਰੂ ਸਾਹਿਬ ਦਾ ਸੀਸ ਚੁੱਕਣ ਲਈ ਇਕੱਲਾ ਭਾਈ ਜੈਤਾ ਜੀ ਹੀ ਕਿਉਂ ਉੱਠਦਾ।

ਜੇ ਭੀੜ ਕੋਲ ਸੱਚ ਹੁੰਦਾ ਤਾਂ ਆਨੰਦਪੁਰ ਸਾਹਿਬ 'ਚ ਸਿਰਫ਼ ਪੰਜ ਸਿਰ ਹੀ ਕਿਉਂ ਉੱਠਦੇ, ਜਿੰਨਾ ਨੂੰ ਅੱਜ ਸਾਰੀ ਦੁਨੀਆਂ ਦੇ ਸਿਰ ਝੁਕਦੇ ਆ।



ਜੇ ਭੀੜ ਕੋਲ ਸੱਚ ਹੁੰਦਾ ਤਾਂ ਚਮਕੌਰ ਦੀ ਗੜ੍ਹੀ 'ਚ ਸਵਾ ਲੱਖ ਨਾਲ ਇੱਕ ਦਾ ਅਨੁਪਾਤ ਕਿੱਥੇ ਬਣਨਾ ਸੀ?

ਜੇ ਭੀੜ ਕੋਲ ਸੱਚ ਹੁੰਦਾ ਤਾਂ ਸੂਬੇ ਦੀ ਕਚਹਿਰੀ 'ਚ ਇਕੱਲਾ ਨਵਾਬ ਸ਼ੇਰ ਮੁਹੰਮਦ ਖਾਂ ਹਾਅ ਦਾ ਨਾਅਰਾ ਮਾਰ ਕੇ ਮਾਲੇਰਕੋਟਲਾ ਦਾ ਨਾਂ ਕਿਵੇਂ ਚਮਕਾਉਂਦਾ, ਜੀਹਦਾ ਭੀੜਾਂ ਬਾਅਦ ਚ ਵੀ ਕੁਝ ਨਾ ਵਿਗਾੜ ਸਕੀਆਂ।

ਜੇ ਭੀੜਾਂ ਕੋਲ ਸੱਚ ਹੁੰਦਾ ਤਾਂ ਬਾਬਾ ਮੋਤੀ ਮਹਿਰਾ ਜੀ ਨੂੰ ਦੁੱਧ ਦੇ ਗੜਬੇ ਲਈ ਘਰ ਬਾਰ ਨਾ ਵੇਚਣਾ ਪੈਂਦਾ...

ਜੇ ਭੀੜਾਂ ਕੋਲ ਸੱਚ ਹੁੰਦਾ ਤਾਂ ਦੁਨੀਆਂ ਨੂੰ ਇਹ ਕਿਵੇਂ ਪਤਾ ਲੱਗਦਾ ਕਿ ਕੰਧਾਂ 'ਚ ਸਿਰਫ਼ ਇੱਟਾਂ ਨੀ ਚਿਣੀਆਂ ਜਾਂਦੀਆਂ, ਸਿਰ ਵੀ ਚਿਣੇਂ ਜਾਂਦੇ ਆ।

ਜੇ ਭੀੜਾਂ ਕੋਲ ਸੱਚ ਹੁੰਦਾ ਤਾਂ ਦੀਵਾਨ ਟੋਡਰ ਮੱਲ ਜੀ ਨੂੰ ਮੋਹਰਾਂ ਖੜ੍ਹਵੀਆਂ ਕਿਉਂ ਲਾਉਣੀਆਂ ਪੈਂਦੀਆਂ?

ਆ ਸੁਰਾਂ ਫੇਰ ਛੇੜੀਏ... ਉਹ ਸੁਰਾਂ ਜਿਹੜੀਆਂ ਸੱਚ ਤੇ ਖੜ੍ਹ ਕੇ, ਲੂੰ-ਕੰਡਾ ਖੜ੍ਹਾ ਕਰਦੀਆਂ ਹੋਣ...

"ਲੈ ਕੇ ਕਲਗ਼ੀਧਰ ਤੋਂ ਥਾਪੜਾ... ਹੋ...

**ਲੇਖਕ - ਜਸਵਿੰਦਰ ਸਿੰਘ ਚਾਹਲ**
**ਰਾਹੀਂ - ਸੰਜੀਵ ਗਰਗ ਕਾਲੀ**
**ਪੱਤਰਕਾਰ ਧਨੌਲਾ।**

# ਸਿੱਖ ਸੰਗਤ (ਬੇ-ਏਰੀਆ)

## ਸੇਵਾਦਾਰ


ਭਾਈ ਕੁਲਜੀਤ ਸਿੰਘ


ਭਾਈ ਹਰਪ੍ਰੀਤ ਸਿੰਘ


ਭਾਈ ਗੁਰਦਾਵਰ ਸਿੰਘ


ਭਾਈ ਅਕਾਲਜੋਤ ਸਿੰਘ


ਭਾਈ ਕਰਨਪ੍ਰੀਤ ਸਿੰਘ

## ਵੋਟਾਂ 9 ਮਾਰਚ 2025

## ਸਵੇਰੇ 8 ਵਜੇ ਤੋਂ ਸ਼ਾਮੀ 8 ਵਜੇ ਤੱਕ

**Gurdwara Sahib Fremont, 300 Gurdwara Road, Fremont (CA)**

### ਸਿੱਖ ਸੰਗਤ ਬੇ-ਏਰੀਆ ਵੱਲੋਂ ਸੰਗਤ ਲਈ ਸਾਡੇ ਪ੍ਰਣ

1. ਬੱਚਿਆਂ ਨੂੰ ਸਿੱਖੀ ਨਾਲ ਜੋੜਾਂਗੇ
2. ਬੱਚਿਆਂ ਨੂੰ ਗੁਰੂ ਘਰ ਆਉਣ ਲਈ ਪ੍ਰੇਰਾਂਗੇ।
3. ਗੁਰੂ ਘਰ 'ਚ ਫਿਰ ਤੋਂ ਖੇਡ ਅਕਾਦਮੀ ਬਣਾਵਾਂਗੇ।
4. ਗੁਰੂ ਘਰ ਦੀ ਗਤਕਾ ਟੀਮ ਫਿਰ ਬਣਾਵਾਂਗੇ।
5. ਗੁਰੂ ਘਰ ਵਿਚ ਖਾਲਸਾ ਸਕੂਲ 'ਚ ਬੱਚਿਆਂ ਦੀ ਗਿਣਤੀ ਵਧਾਵਾਂਗੇ।
6. ਸਿੱਖ ਨੌਜਵਾਨ ਬੱਚਿਆਂ ਨੂੰ ਚੰਗੀ ਯੂਨੀਵਰਸਿਟੀ 'ਚ ਪੜ੍ਹਨ ਲਈ ਪ੍ਰੇਰਾਂਗੇ।
7. ਗੁਰੂ ਘਰ 'ਚ ਇੰਗਲਿਸ਼ ਗੁਰਬਾਣੀ ਪ੍ਰੋਗਰਾਮ ਚਲਾਵਾਂਗੇ।
8. ਕਾਰਾਂ ਦੇ ਲਈ ਹੋਰ ਪਾਰਕਿੰਗ ਦਾ ਇੰਤਜ਼ਾਮ ਕਰਾਂਗੇ।
9. ਬਜ਼ੁਰਗਾਂ ਦੇ ਲਈ ਸਹੂਲਤਾਂ ਪੈਦਾ ਕਰਾਂਗੇ।
10. ਅਸੀਂ ਸਿੱਖ ਬੱਚਿਆਂ ਨੂੰ ਉਚੇਰੀ ਵਿੱਦਿਆ ਦਿਵਾਉਣ 'ਚ ਮਾਣ ਮਹਿਸੂਸ ਕਰਾਵਾਂਗੇ।
11. ਅਸੀਂ ਗੁਰੂ ਘਰ ਦਾ ਕੰਮਕਾਜ਼ ਤਨਦੇਹੀ ਨਾਲ ਕਰਾਂਗੇ।
12. ਅਸੀਂ ਵੋਟਰਾਂ ਨੂੰ ਬੇਨਤੀ ਕਰਦੇ ਹਾਂ ਕਿ
    "ਐਤਕੀ ਵੋਟਾਂ ਗੁਰੂ ਘਰ ਦੀ ਬਿਹਤਰੀ ਵਾਸਤੇ ਦਿਓ ਜੀ।"

**We request the voters of Gurdwara Sahib, Fremont**

# "VOTE FOR CHANGE"

## ਐਤਕੀ ਗੁਰੂ ਘਰ ਦੀ ਬਿਹਤਰੀ ਵਾਸਤੇ ਵੋਟ ਦਿਓ ਜੀ

For more Information Call ;

ਗੁਰਚਰਨ ਸਿੰਘ ਮਾਨ 510-557-0061, ਭਾਈ ਕੁਲਜੀਤ ਸਿੰਘ 510- 284-9580

ਇਕਬਾਲ ਸਿੰਘ ਹੁੰਦਲ 510-366-6056

Paid by
SIKH SANGAT BAY AREA